@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
Qaumi Patrika NO.1
Punjabi National Daily
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Tuesday, 15 July 2025
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਮੰਗਲਵਾਰ 15 ਜੁਲਾਈ 2025, 31 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 245, qpatrika@gmail.com ਫੋਨ : 9971359517 www.qaumipatrika.org

## ਯੂ. ਪੀ. 'ਚ ਸਕੂਲਾਂ ਦੇ ਰਲੇਵੇਂ ਦਾ ਹੁਕਮ ਸਿੱਖਿਆ ਦੇ ਅਧਿਕਾਰ ਖ਼ਿਲਾਫ਼ : ਪ੍ਰਿਅੰਕਾ ਗਾਂਧੀ

ਨਵੀਂ ਦਿੱਲੀ 14 ਜੁਲਾਈ। ਕਾਂਗਰਸ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਢੇਰਾ ਨੇ ਸੋਮਵਾਰ ਨੂੰ ਦੋਸ਼ ਲਾਇਆ ਕਿ ਯੂ. ਪੀ. ਵਿਚ ਸੈਂਕੜੇ ਸਰਕਾਰੀ ਸਕੂਲਾਂ ਦੇ ਰਲੇਵੇਂ ਦਾ ਹੁਕਮ ਸਿੱਖਿਆ ਦੇ ਅਧਿਕਾਰ, ਦਲਿਤ, ਪੱਛੜੇ, ਆਦੀਵਾਸੀ, ਘੱਟ-ਗਿਣਤੀ, ਗਰੀਬ ਅਤੇ ਵਾਂਝੇ



ਤਬਕਿਆਂ ਦੇ ਖ਼?ਲਾਫ਼ ਹੈ। ਸੂਬਾ ਸਰਕਾਰ ਦਾ ਕਹਿਣਾ ਹੈ ਕਿ ਇਸ ਕਦਮ ਦਾ ਮਕਸਦ ਸਕੂਲਾਂ ਦੇ 'ਰਲੇਵੇਂ' ਜਾਂ ਉਨ੍ਹਾਂ ਨੂੰ 'ਬੰਦ' ਕਰਨਾ ਨਹੀਂ ਹੈ ਸਗੋਂ ਇਹ ਵਿਦਿਆਰਥੀਆਂ ਦੀ ਘੱਟ ਗਿਣਤੀ ਵਾਲੀਆਂ ਸੰਸਥਾਵਾਂ ਦੇ ਬਿਹਤਰ ਇਸਤੇਮਾਲ ਦੇ ਉਦੇਸ਼ ਨਾਲ ਉਨ੍ਹਾਂ ਨੂੰ ਜੋੜਨ ਦੀ ਕਵਾਇਦ ਹੈ। ਇਸ ਸਬੰਧ ਵਿਚ ਪ੍ਰਿਅੰਕਾ ਗਾਂਧੀ ਨੇ ਐਕਸ 'ਤੇ ਪੋਸਟ ਕੀਤਾ ਕਿ ਉੱਤਰ ਪ੍ਰਦੇਸ਼ ਸਰਕਾਰ ਰਲੇਵੇਂ ਦੇ ਨਾਂ 'ਤੇ ਲੱਗਭਗ 5000 ਸਰਕਾਰੀ ਸਕੂਲਾਂ ਨੂੰ ਬੰਦ ਕਰਨ ਜਾ ਰਹੀ ਹੈ। ਅਧਿਆਪਕ ਸੰਗਠਨਾਂ ਮੁਤਾਬਕ ਸਰਕਾਰ ਦਾ ਇਰਾਦਾ ਲੱਗਭਗ 27000 ਸਕੂਲਾਂ ਨੂੰ ਬੰਦ ਕਰਨ ਦਾ ਹੈ। ਉਨ੍ਹਾਂ ਕਿਹਾ ਕਿ ਯੂ. ਪੀ. ਏ. ਸਰਕਾਰ ਦੇਸ਼ ਵਿਚ ਸਿੱਖਿਆ ਦਾ ਅਧਿਕਾਰ ਕਾਨੂੰਨ ਲਿਆਈ ਸੀ, ਜਿਸ ਤਹਿਤ ਹਰ ਪਿੰਡ ਵਿਚ ਸਕੂਲ ਦੀ ਵਿਵਸਥਾ ਕੀਤੀ ਗਈ ਸੀ ਤਾਂ ਜੋ ਗਰੀਬ ਪਰਿਵਾਰ ਦੇ ਬੱਚਿਆਂ ਲਈ ਸਿੱਖਿਆ ਸੁਲਭ ਹੋ ਸਕੇ।

## ਇਨਕਮ ਟੈਕਸ ਵਿਭਾਗ ਨੇ ਫਰਜ਼ੀ ਟੈਕਸ ਕਟੌਤੀ ਦੇ ਮਾਮਲੇ 'ਚ ਮਾਰੇ ਛਾਪੇ

ਨਵੀਂ ਦਿੱਲੀ 14 ਜੁਲਾਈ। ਇਨਕਮ ਟੈਕਸ ਵਿਭਾਗ ਨੇ ਸੋਮਵਾਰ ਨੂੰ ਕਈ ਸ਼ਹਿਰਾਂ ਵਿਚ ਉਨ੍ਹਾਂ ਸੰਸਥਾਵਾਂ ਖ਼?ਲਾਫ਼ ਟੈਕਸ ਚੋਰੀ ਦੀ ਜਾਂਚ ਤਹਿਤ ਛਾਪੇਮਾਰੀ ਕੀਤੀ, ਜੋ ਕੁਝ ਵਿਅਕਤੀਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਛੋਟਾਂ ਦਾ ਦਾਅਵਾ ਕਰ ਕੇ ਉਨ੍ਹਾਂ ਦੇ ਰਿਟਰਨ ਵਿਚ ਫਰਜ਼ੀ ਕਟੌਤੀ ਦਾ ਲਾਭ ਲੈਣ ਵਿਚ ਮਦਦ ਕਰਦੀਆਂ ਹਨ। ਅਧਿਕਾਰਕ ਸੂਤਰਾਂ ਵਲੋਂ ਇਸ ਗੱਲ ਦੀ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਰਜਿਸਟਰਡ ਜਾਂ ਨਾਨ-ਰਜਿਸਟਰਡ ਸਿਆਸੀ ਪਾਰਟੀਆਂ ਨੂੰ ਸਿਆਸੀ ਚੰਦਾ ਦੇਣ, ਮੈਡੀਕਲ ਬੀਮਾ, ਟਿਊਸ਼ਨ ਫੀਸ ਅਤੇ ਕੁਝ ਹੋਰ ਤਰ੍ਹਾਂ ਦੇ ਕਰਜ਼ਿਆਂ ਦੇ ਭੁਗਤਾਨ ਦੇ ਬਦਲੇ ਵਿਅਕਤੀਆਂ ਵਲੋਂ ਦਾਅਵਾ ਕੀਤੀ ਗਈ ਝੂਠੀ ਕਟੌਤੀ ਉਨ੍ਹਾਂ ਮਾਮਲਿਆਂ ਵਿਚ ਸ਼ਾਮਲ ਹੈ, ਜਿਨ੍ਹਾਂ ਦੀ ਇਨ੍ਹਾਂ ਛਾਪਿਆਂ ਤਹਿਤ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਕੁਝ ਵਿਅਕਤੀਆਂ ਅਤੇ ਉਨ੍ਹਾਂ ਦੇ ਟੈਕਸ ਸਲਾਹਕਾਰਾਂ, ਜੋ ਉਨ੍ਹਾਂ ਨੂੰ ਫਰਜ਼ੀ ਛੋਟ ਦਾ ਦਾਅਵਾ ਕਰਨ ਵਿਚ ਮਦਦ ਕਰਦੇ ਹਨ, ਦੀ ਤਲਾਸ਼ੀ ਲਈ ਜਾ ਰਹੀ ਹੈ।

## ਕਹਿਰ ਬਣ ਕੇ ਡਿੱਗੀ ਅਸਮਾਨੀ ਬਿਜਲੀ, 4 ਲੋਕਾਂ ਦੀ ਹੋਈ ਮੌਤ

ਭੁਵਨੇਸ਼ਵਰ 14 ਜੁਲਾਈ। ਓਡਿਸ਼ਾ ਦੇ ਜਾਜਪੁਰ, ਜਗਤਸਿੰਘਪੁਰ, ਸੰਬਲਪੁਰ ਅਤੇ ਭਦਰਕ ਜ਼ਿਲ੍ਹਿਆ ਵਿਚ ਐਤਵਾਰ ਨੂੰ ਆਸਮਾਨੀ ਬਿਜਲੀ ਡਿੱਗਣ ਦੀ ਸੂਚਨਾ ਮਿਲੀ ਹੈ। ਇਸ ਘਟਨਾ ਦੌਰਾਨ ਇਕ ਔਰਤ ਸਮੇਤ 4 ਲੋਕਾਂ ਦੀ ਮੌਤ ਹੋ ਗਈ। ਇਸ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਜਾਜਪੁਰ ਜ਼ਿਲ੍ਹੇ ਦੇ ਜੇਨਾਪੁਰ ਥਾਣਾ ਖੇਤਰ ਦੇ ਬਲਭਦਰਪੁਰ ਪਿੰਡ ਵਿਚ ਆਸਮਾਨੀ ਬਿਜਲੀ ਦੀ ਲਪੇਟ ਵਿਚ ਆਉਣ ਨਾਲ 65 ਸਾਲਾ ਇਕ ਕਿਸਾਨ ਦੀ ਮੌਤ ਹੋ ਗਈ। ਉਧਰ ਸੰਬਲਪੁਰ ਜ਼ਿਲ੍ਹੇ ਦੇ ਕੁਚਿੰਡਾ ਇਲਾਕੇ ਵਿਚ ਇਕ ਦਰੱਖ਼ਤ ਦੇ ਹੇਠਾਂ ਪਨਾਹ ਲੈਂਦੇ ਸਮੇਂ ਆਸਮਾਨੀ ਬਿਜਲੀ ਡਿੱਗਣ ਨਾਲ ਇਕ ਹੋਰ ਵਿਅਕਤੀ ਦੀ ਮੌਤ ਹੋ ਗਈ। ਉਥੇ ਹੀ ਭਦਰਕ ਜ਼ਿਲ੍ਹੇ ਵਿਚ ਇਕ ਲੜਕੀ ਜਦੋਂ ਬਗੀਚੇ ਵਿਚ ਗਈ ਸੀ, ਉਦੋਂ ਆਸਮਾਨੀ ਬਿਜਲੀ ਦੀ ਲਪੇਟ ਵਿਚ ਆਉਣ ਨਾਲ ਉਸ ਦੀ ਮੌਤ ਹੋ ਗਈ।

# ਦਿਲੀ ਸਰਕਾਰ 'ਸਿਹਤਮੰਦ ਦਿਲੀ, ਸਸ਼ਕਤ ਦਿਲੀ' ਨੀਤੀ ਲਈ ਲਗਾਤਾਰ ਕੰਮ ਕਰ ਰਹੀ ਹੈ: ਮੁੱਖ ਮੰਤਰੀ ਰੇਖਾ ਗੁਪਤਾ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨਵੀਂ ਦਿੱਲੀ, 14 ਜੁਲਾਈ: ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਦਾ ਟੀਚਾ ਹੈ ਕਿ ਦਿੱਲੀ ਦੇਸ਼ ਦਾ ਅਜਿਹਾ ਮੈਡੀਕਲ ਹੱਬ ਬਣੇ, ਜਿੱਥੇ ਕੋਈ ਵੀ ਮਰੀਜ਼ ਨਿਰਾਸ਼ ਹੋ ਕੇ ਨਾ ਮੁੜੇ ਅਤੇ ਇੱਥੇ ਦੇਸ਼-ਵਿਦੇਸ਼ ਤੋਂ ਲੋਕ ਇਲਾਜ ਕਰਵਾਉਣ ਆਉਣ। ਇਸੇ ਟੀਚੇ ਨੂੰ ਧਿਆਨ ਵਿੱਚ ਰੱਖਦੇ ਹੋਏ ਦਿੱਲੀ ਸਰਕਾਰ ਸੱਤ ਅਧੂਰੀਆਂ ਹਸਪਤਾਲ ਪ੍ਰੋਜੈਕਟਾਂ ਨੂੰ ਸੁਪਰ ਸਪੈਸ਼ਲਿਟੀ ਆਈ.ਸੀ.ਯੂ. ਕੇਂਦਰਾਂ ਵਿੱਚ ਬਦਲ ਰਹੀ ਹੈ, ਜਿੱਥੇ ਵੱਖ-ਵੱਖ ਗੰਭੀਰ ਬਿਮਾਰੀਆਂ ਲਈ ਵਿਸ਼ੇਸ਼ ਇਲਾਜ ਦੀ ਸਹੂਲਤ ਹੋਵੇਗੀ। ਮੁੱਖ ਮੰਤਰੀ ਰੇਖਾ ਗੁਪਤਾ ਨੇ ਇਹ ਜਾਣਕਾਰੀ ਅੱਜ ਉੱਤਰੀ ਦਿੱਲੀ ਦੇ ਮਾਡਲ ਟਾਊਨ ਖੇਤਰ ਵਿੱਚ ਨਵ-ਨਿਰਮਿਤ ਯਥਾਰਥ ਮਲਟੀ-ਸਪੈਸ਼ਲਿਟੀ ਹਸਪਤਾਲ ਦੇ ਉਦਘਾਟਨ ਮੌਕੇ ਦਿੱਤੀ। ਇਹ ਹਸਪਤਾਲ ਆਯੁਸ਼ਮਾਨ ਭਾਰਤ ਯੋਜਨਾ ਦੇ ਅਧੀਨ ਵੀ ਸੇਵਾਵਾਂ ਦੇਵੇਗਾ, ਜਿਸ ਨਾਲ ਸਮਾਜ ਦੇ ਸਭ ਤੋਂ ਹੇਠਲੇ ਪਾਏ 'ਤੇ ਖੜ੍ਹੇ ਵਿਅਕਤੀ ਨੂੰ ਵੀ ਅਧੁਨਿਕ ਸਿਹਤ ਸਹੂਲਤਾਂ ਮੁਫਤ ਮਿਲ ਸਕਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਦਿੱਲੀ ਸਰਕਾਰ ਸਿਰਫ ਸਿਹਤ ਸੇਵਾਵਾਂ ਦਾ ਵਿਸਥਾਰ ਹੀ ਨਹੀਂ ਕਰ ਰਹੀ, ਸਗੋਂ ਇਸ ਨੂੰ ਸੁਲੱਭ, ਪਾਰਦਰਸ਼ੀ ਅਤੇ ਲੋਕ-ਸੰਵੇਦਨਸ਼ੀਲ ਵੀ ਬਣਾ ਰਹੀ ਹੈ। ਸਾਡੀ ਸਰਕਾਰ ਸਰਕਾਰੀ ਅਤੇ ਨਿੱਜੀ ਖੇਤਰ ਦੇ ਵਿਚਕਾਰ ਸਹਿਯੋਗ ਨੂੰ ਵਧਾ ਕੇ ਰਾਜਧਾਨੀ ਨੂੰ ਇੱਕ ਮਾਡਲ ਹੈਲਥਕੇਅਰ ਸਿਸਟਮ ਵੱਲ ਲੈ ਜਾ ਰਹੀ ਹੈ। ਸਾਡਾ ਟੀਚਾ ਹੈ ਕਿ ਦਿੱਲੀ ਵਾਸੀਆਂ ਨੂੰ ਬਿਹਤਰ ਡਾਕਟਰੀ ਸਹੂਲਤਾਂ ਮਿਲਣ, ਨਾਲ ਹੀ ਦੇਸ਼ ਦੀ ਰਾਜਧਾਨੀ ਨੂੰ ਅਸੀਂ ਅਜਿਹੇ ਮੈਡੀਕਲ ਹੱਬ ਵਿੱਚ ਬਦਲੀਏ, ਜਿੱਥੇ ਦੇਸ਼-ਵਿਦੇਸ਼ ਤੋਂ ਲੋਕ ਇਲਾਜ ਕਰਵਾਉਣ ਆਉਣ ਅਤੇ ਉਨ੍ਹਾਂ ਨੂੰ ਦਿੱਲੀ ਦੇ ਹਸਪਤਾਲਾਂ, ਡਾਕਟਰਾਂ ਅਤੇ ਸਿਹਤ ਪ੍ਰਣਾਲੀ 'ਤੇ ਪੂਰਨ ਭਰੋਸਾ ਹੋਵੇ। ਮੁੱਖ ਮੰਤਰੀ ਨੇ ਜਾਣਕਾਰੀ ਦਿੱਤੀ ਕਿ ਇਸੇ ਲੋੜ ਨੂੰ ਵੇਖਦੇ ਹੋਏ ਦਿੱਲੀ ਸਰਕਾਰ ਸੱਤ ਅਧੂਰੀਆਂ ਹਸਪਤਾਲ ਪ੍ਰੋਜੈਕਟਾਂ ਨੂੰ ਸੁਪਰ ਸਪੈਸ਼ਲਿਟੀ ਆਈ.ਸੀ.ਯੂ. ਕੇਂਦਰਾਂ ਵਿੱਚ ਬਦਲ ਰਹੀ ਹੈ, ਜਿੱਥੇ ਵੱਖ-ਵੱਖ ਗੰਭੀਰ ਬਿਮਾਰੀਆਂ ਲਈ ਵਿਸ਼ੇਸ਼ ਇਲਾਜ ਦੀ ਸਹੂਲਤ ਹੋਵੇਗੀ। ਹਰ ਹਸਪਤਾਲ ਨੂੰ ਵੱਖਰੀ ਬਿਮਾਰੀ ਦੇ ਇਲਾਜ ਲਈ ਸਮਰਪਿਤ ਕੀਤਾ ਜਾਵੇਗਾ, ਜਿਵੇਂ ਕਿ ਕੈਂਸਰ,



ਟਰਾਂਸਪਲਾਂਟ ਜਾਂ ਡਿਲੀਵਰੀ ਦੇ ਪੇਚੀਦਾ ਮਾਮਲੇ। ਇਸ ਦੇ ਨਾਲ ਹੀ ਆਈ.ਸੀ.ਯੂ. ਬੈੱਡਾਂ ਦੀ ਕਮੀ ਨੂੰ ਵੀ ਦੂਰ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਦਿੱਲੀ ਸਰਕਾਰ ਦਾ ਸੁਪਨਾ ਹੈ ਕਿ ਕੋਈ ਵੀ ਨਾਗਰਿਕ ਇਲਾਜ ਤੋਂ ਵਾਂਝਾ ਨਾ ਰਹੇ, ਨਾ ਆਰਥਿਕ ਕਾਰਨਾਂ ਕਰਕੇ, ਨਾ ਹੀ ਸਰੋਤਾਂ ਦੀ ਕਮੀ ਕਰਕੇ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਭ੍ਰਿਸ਼ਟਾਚਾਰ ਅਤੇ ਦੂਰਦਰਸ਼ਤਾ ਦੀ ਕਮੀ ਕਾਰਨ ਦਿੱਲੀ ਦਾ ਸਿਹਤ ਢਾਂਚਾ ਅਜੇ ਵੀ ਕਈ ਗੰਭੀਰ ਚੁਣੌਤੀਆਂ ਨਾਲ ਜੂਝ ਰਿਹਾ ਹੈ। ਉਨ੍ਹਾਂ ਨੇ ਕੋਵਿਡ ਸਮੇਂ ਨੂੰ ਯਾਦ ਕਰਦੇ ਹੋਏ ਦੱਸਿਆ ਕਿ ਉਸ ਸਮੇਂ ਹਸਪਤਾਲਾਂ ਵਿੱਚ ਬੈੱਡਾਂ ਦੀ ਭਾਰੀ ਕਮੀ ਸੀ ਅਤੇ ਕਈ ਲੋਕਾਂ ਨੂੰ ਇਲਾਜ ਨਾ ਮਿਲਣ ਕਾਰਨ ਆਪਣੀ ਜਾਨ ਗੁਆਉਣੀ ਪਈ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਸਮੇਂ ਦਿੱਲੀ ਦੀ ਸਿਹਤ ਵਿਵਸਥਾ ਜਰਜਰ ਹਾਲਤ ਵਿੱਚ ਸੀ। ਉਸ ਸਮੇਂ ਪ੍ਰਤੀ 1,000 ਨਾਗਰਿਕਾਂ 'ਤੇ ਸਿਰਫ 0.42 ਹਸਪਤਾਲ ਬੈੱਡ ਉਪਲਬਧ ਸਨ। 38 ਸਰਕਾਰੀ ਹਸਪਤਾਲਾਂ ਵਿੱਚ ਸਿਰਫ ਛੇ ਐਮ.ਆਰ.ਆਈ. ਅਤੇ 12 ਸੀ.ਟੀ. ਸਕੈਨ ਮਸ਼ੀਨਾਂ ਸਨ, ਜੋ ਕਿਸੇ ਵੀ ਮਹਾਨਗਰ ਲਈ ਬਹੁਤ ਹੀ ਚਿੰਤਾਜਨਕ ਗੱਲ ਹੈ। ਡਾਕਟਰਾਂ, ਮੈਡੀਕਲ ਸਟਾਫ, ਦਵਾਈਆਂ ਅਤੇ ਅਧੁਨਿਕ ਉਪਕਰਨਾਂ ਦੀ ਭਾਰੀ ਕਮੀ ਸੀ। ਹੁਣ ਇਸ ਕਮੀ ਨੂੰ ਦੂਰ ਕਰਨ ਅਤੇ ਹਸਪਤਾਲਾਂ ਨੂੰ ਅਤਿ-ਆਧੁਨਿਕ ਬਣਾਉਣ ਦੇ ਗੰਭੀਰ ਯਤਨ ਚੱਲ ਰਹੇ ਹਨ।

Contd............... page-3

# ਸਰਕਾਰ ਲਈ ਅਲਾਰਮ ਦਾ ਕੰਮ ਕਰਦੀਆਂ ਹਨ PAC ਅਤੇ 317 ਕਮੇਟੀਆਂ: ਵਿਜੇਂਦਰ ਗੁਪਤਾ

ਕੌਮੀ ਪਤ੍ਰਿਕਾ
ਨਰੇਸ਼ ਮਲਹੋਤਰਾ

ਨਵੀਂ ਦਿੱਲੀ, 14 ਜੁਲਾਈ: TPAC ਅਤੇ 317 ਸਰਕਾਰ ਲਈ ਇੱਕ ਅਲਾਰਮ ਵਾਂਗ ਕੰਮ ਕਰਦੀਆਂ ਹਨ, ਜਿਨ੍ਹਾਂ ਦਾ ਮਕਸਦ ਸਰਕਾਰ ਨੂੰ ਕਾਰਵਾਈ ਲਈ ਪ੍ਰੇਰਿਤ ਕਰਨਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣਾ ਹੈ,"ਇਹ ਗੱਲ ਅੱਜ ਦਿੱਲੀ ਵਿਧਾਨ ਸਭਾ ਦੇ ਮਾਨਯੋਗ ਸਪੀਕਰ ਵਿਜੇਂਦਰ ਗੁਪਤਾ ਨੇ ਮੇਘਾਲਿਆ ਵਿਧਾਨ ਸਭਾ ਦੀ ਲੋਕ ਲੇਖਾ ਕਮੇਟੀ ਦੇ ਮੈਂਬਰਾਂ ਨਾਲ ਮੁਲਾਕਾਤ ਦੌਰਾਨ ਵਿਧਾਨ ਸਭਾ ਪਰਿਸਰ ਵਿੱਚ ਕਹੀ। ਇਹ ਪ੍ਰਤੀਨਿਧੀ ਮੰਡਲ 12 ਤੋਂ 14 ਜੁਲਾਈ 2025 ਤੱਕ ਹੈਦਰਾਬਾਦ, ਵਿਸ਼ਾਖਾਪਟਨਮ ਅਤੇ ਦਿੱਲੀ ਦੇ ਅਧਿਐਨ ਦੌਰੇ 'ਤੇ ਹੈ। ਮਾਨਯੋਗ ਸਪੀਕਰ ਨੇ ਸਾਰੇ ਮੈਂਬਰਾਂ ਦਾ ਸਵਾਗਤ ਕਰਦੇ ਹੋਏ ਅੰਤਰ-ਵਿਧਾਇਕ ਸੰਵਾਦ ਅਤੇ ਗਿਆਨ ਸਾਂਝੇ ਕਰਨ ਪ੍ਰਤੀ ਉਨ੍ਹਾਂ ਦੀ ਸਮਰਪਣ ਦੀ ਸਰਾਹਨਾ ਕੀਤੀ। ਇਸ ਮੌਕੇ 'ਤੇ ਗੁਪਤਾ ਨੇ ਮੇਘਾਲਿਆ ਦੀ ਜਨਸੰਖਿਆ ਅਤੇ ਲੋਕ ਲੇਖਾ ਕਮੇਟੀ ਦੀ ਸੰਰਚਨਾ ਬਾਰੇ ਜਾਣਕਾਰੀ ਲਈ। ਇਸ 'ਤੇ ਚਾਰਲਸ ਪਾਇੰਗਰੋਪ ਨੇ ਦੱਸਿਆ ਕਿ ਮੇਘਾਲਿਆ ਇੱਕ ਮਾਤ੍ਰੀਸੱਤਾਤਮਕ ਰਾਜ ਹੈ, ਜਿੱਥੇ ਮੁੱਖ ਤੌਰ 'ਤੇ ਖਾਸੀ, ਜੈਂਤੀਆ ਅਤੇ ਗਾਰੋ ਜਨਜਾਤੀਆਂ ਵਸਦੀਆਂ ਹਨ। ਇਹ ਰਾਜ ਸੰਵਿਧਾਨ ਦੀ ਛੇਵੀਂ ਅਨੁਸੂਚੀ ਦੇ ਅਧੀਨ ਅੰਸ਼ਕ ਤੌਰ 'ਤੇ ਸਵੈ-ਸ਼ਾਸਤ ਜ਼ਿਲ੍ਹਾ ਪਰਿਸ਼ਦਾਂ ਦੁਆਰਾ ਸ਼ਾਸਤ ਹੁੰਦਾ ਹੈ, ਜੋ ਜਨਜਾਤੀ ਹਿੱਤਾਂ ਦੀ ਰੱਖਿਆ ਕਰਦੀਆਂ ਹਨ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਲੋਕ ਲੇਖਾ ਕਮੇਟੀ ਵਿੱਚ ਚੇਅਰਮੈਨ ਸਮੇਤ ਕੁੱਲ ਦਸ ਮੈਂਬਰ ਹਨ, ਅਤੇ ਆਮ ਤੌਰ 'ਤੇ ਸੰਤੁਲਿਤ ਨਿਗਰਾਨੀ ਨੂੰ ਯਕੀਨੀ ਬਣਾਉਣ ਲਈ ਚੇਅਰਮੈਨ ਵਿਰੋਧੀ ਧਿਰ ਤੋਂ ਹੁੰਦਾ ਹੈ। ਮਾਨਯੋਗ ਸਪੀਕਰ ਗੁਪਤਾ ਨੇ ਪ੍ਰਤੀਨਿਧੀ ਮੰਡਲ ਨੂੰ ਦਿੱਲੀ ਵਿਧਾਨ ਸਭਾ



ਵਿੱਚ ਲਾਗੂ ਆਡਿਟ ਪੈਰਾ ਮਾਨੀਟਰਿੰਗ ਸਿਸਟਮ ਬਾਰੇ ਜਾਣਕਾਰੀ ਦਿੱਤੀ, ਜੋ ਵਿੱਤੀ ਜਵਾਬਦੇਹੀ ਨੂੰ ਮਜ਼ਬੂਤ ਕਰਦਾ ਹੈ। ਇਸ ਦੌਰਾਨ ਮੇਘਾਲਿਆ ਦੀ PAC ਦੇ ਮੈਂਬਰਾਂ ਨੇ ਵਿੱਤੀ ਨਿਗਰਾਨੀ 'ਤੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਵਿਧਾਇਕ ਕਮੇਟੀਆਂ ਨੂੰ ਹੋਰ ਵੀ ਪ੍ਰਭਾਵੀ ਬਣਾਉਣ ਦੇ ਉਪਾਵਾਂ 'ਤੇ ਚਰਚਾ ਕੀਤੀ।

## ਦਿੱਲੀ ਜੰਮੂ ਕਟੜਾ ਹਾਈਵੇ ਬਣਾਉਣ ਦੇ ਮਾਮਲੇ 'ਚ ਵੱਡੀ ਗਿਣਤੀ 'ਚ ਲੋਕ ਕਰ ਸਕਦੇ ਨੇ ਆਤਮਹੱਤਿਆ

ਅੰਮ੍ਰਿਤਸਰ 14 ਜੁਲਾਈ। ਦਿੱਲੀ ਜੰਮੂ ਕਟੜਾ ਹਾਈਵੇ ਲਈ ਸੈਲੀਬਿਰੇਸ਼ਨ ਕਲੋਨੀ ਵੇਰਕਾ 'ਚ ਵੱਡੀ ਗਿਣਤੀ ਵਿਚ ਪਲਾਟ ਐਕਵਾਇਰ ਕੀਤੇ ਜਾਣ ਤੋਂ ਬਾਅਦ ਮੁਆਵਜ਼ਾ ਨਾ ਮਿਲਣ ਕਾਰਨ ਲੋਕ ਇਸ ਕਦਰ ਪਰੇਸ਼ਾਨ ਹੋ ਚੁੱਕੇ ਹਨ ਕਿ ਉਹ ਆਤਮਹੱਤਿਆ ਵੀ ਕਰ ਸਕਦੇ ਹਨ। ਇਹ ਪ੍ਰਗਟਾਵਾ ਜੋਤੀ ਸਰੂਪ ਸਿੰਘ ਪੁੱਤਰ ਸਵ.ਅਮਰੀਕ ਸਿੰਘ 108 ਮੈਡੀਕਲ ਇਨਕਲੇਵ ਨੇ ਅੱਜ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਸੈਲੀਬਿਰੇਸ਼ਨ ਕਲੋਨੀ ਵੇਰਕਾ 'ਚ ਮੇਰੀ ਪਤਨੀ ਅਮਨਦੀਪ ਕੌਰ ਦੇ ਨਾਮ 'ਤੇ ਸਾਡੇ 2 ਪਲਾਟ 19 ਏ.ਤੇ 20 ਏ.ਹਨ ਜਿੰਨਾ ਨੂੰ ਦਿੱਲੀ ਜੰਮੂ ਕਟੜਾ ਹਾਈਵੇ ਬਣਾਉਣ ਲਈ ਐਕਵਾਇਰ ਕਰ ਲਿਆ ਗਿਆ ਹੈ ਪਰ ਅੱਜ ਤੱਕ ਸਾਨੂੰ ਉਕਤ ਪਲਾਟਾਂ ਦੇ ਬਦਲੇ ਕੋਈ ਵੀ ਪੈਸਾ ਨਹੀਂ ਮਿਲਿਆ, ਜਿਸ ਵਾਸਤੇ ਅਸੀਂ 3 ਸਾਲਾਂ ਤੋਂ ਲਗਾਤਾਰ ਸਰਕਾਰੀ ਅਧਿਕਾਰੀਆਂ ਕੋਲ ਜਾ ਕੇ ਫਰਿਆਦਾਂ ਕਰ ਰਹੇ ਹਾਂ ਪਰ ਸਾਡੀ ਕਿਤੇ ਵੀ ਕੋਈ ਸੁਣਵਾਈ ਨਹੀ ਹੋ ਰਹੀ। ਜੋਤੀ ਸਰੂਪ ਸਿੰਘ ਨੇ ਕਿਹਾ ਕਿ ਉਕਤ ਕਲੋਨੀ 'ਚ ਸਾਡੇ ਵਾਂਗ 59 ਪਲਾਟ ਮਾਲਕ ਹਨ ਜਿਹੜੇ ਆਪਣੀ ਜਗ?ਹਾ ਐਕਵਾਇਰ ਹੋਣ ਤੋਂ ਬਾਅਦ ਇਨਸਾਫ ਲਈ ਦਰ-ਦਰ ਦੀਆ ਠੋਕਰਾਂ ਖਾਹ ਰਹੇ ਹਨ ਜਿੰਨਾ ਦੀ ਕੋਈ ਵੀ ਬਾਂਹ ਫੜਨ ਵਾਲਾ ਨਜ਼ਰ ਨਹੀਂ ਆ ਰਿਹਾ। ਉਨ੍ਹਾਂ ਕਿਹਾ ਕਿ ਹਾਈਵੇ ਬਣਾਉਣ ਦੇ ਮਾਮਲੇ 'ਚ ਅਸੀਂ ਸਰਕਾਰ ਦੀ ਯੋਜਨਾ ਦੇ ਖਿਲਾਫ ਨਹੀਂ ਹਾਂ ਪਰ ਸਾਡੀ ਜਗ?ਹਾ ਨੂੰ ਜੇਕਰ ਐਕਵਾਇਰ ਕੀਤਾ ਗਿਆ ਤਾਂ ਉਸ ਬਦਲੇ ਸਾਨੂੰ ਸਾਡਾ ਬਣਦਾ ਹੱਕ ਤਾਂ ਦਿੱਤਾ ਜਾਵੇ ਉਸ ਲਈ ਸਾਨੂੰ ਕਿਉਂ ਪਰੇਸ਼ਾਨ ਕੀਤਾ ਜਾ ਰਿਹਾ ਹੈ। ਜੋਤੀ ਸਰੂਪ ਸਿੰਘ ਨੇ ਕਿਹਾ ਕਿ ਉਕਤ ਕਲੋਨੀ 'ਚ ਬਹੁਤ ਸਾਰੇ ਅਜਿਹੇ ਵੀ ਲੋਕ ਹਨ ਜਿੰਨਾ ਨੇ ਆਪਣੀ ਜ਼ਿੰਦਗੀ ਭਰ ਦੀ ਪੂੰਜੀ ਖਰਚ ਕੇ ਪਲਾਟ ਖਰੀਦੇ ਹਨ ਤੇ ਜੇਕਰ ਉਨ੍ਹਾਂ ਨੂੰ ਆਪਣੀ ਜਗ?ਹਾ ਦੇ ਬਦਲੇ ਬਣਦੀ ਰਕਮ ਨਾ ਮਿਲੀ ਤਾਂ ਉਹ ਪਰੇਸ਼ਾਨੀ ਦੀ ਹਾਲਤ 'ਚ ਆਤਮ ਹੱਤਿਆ ਕਰਨ ਤੋਂ ਵੀ ਪਿੱਛੇ ਨਹੀਂ ਹਟਣਗੇਂ ਜਿਸ ਨਾਲ ਮਾਹੌਲ ਬਹੁਤ ਵਿਗੜ ਜਾਵੇਗਾ। ਜੋਤੀ ਸਰੂਪ ਸਿੰਘ ਨੇ ਕੇਂਦਰੀ ਮੰਤਰੀ ਨਿਤਨ ਗਡਕਰੀ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕਰਦਿਆਂ ਆਖਿਆ ਕਿ ਸੈਲੀਬਿਰੇਸ਼ਨ ਕਲੋਨੀ ਵੇਰਕਾ 'ਚ ਜਿੰਨਾ ਲੋਕਾਂ ਦੀ ਹਾਈਵੇ ਵਾਸਤੇ ਜਗ?ਹਾ ਐਕਵਾਇਰ ਕੀਤੀ ਗਈ ਹੈ ਉਨ੍ਹਾਂ ਨੂੰ ਤੁਰੰਤ ਬਣਦਾ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਕੋਈ ਅਣਹੋਣੀ ਘਟਨਾ ਨਾ ਵਾਪਰੇ।

# ਪੰਜਾਬ 'ਚ ਬੇਅਦਬੀ ਕਰਨ 'ਤੇ ਉਮਰ ਕੈਦ, 'ਆਪ' ਸਰਕਾਰ ਨੇ ਚਾਰੇ ਧਰਮਾਂ ਲਈ ਬਿੱਲ ਕੀਤਾ ਪੇਸ਼

ਕੌਮੀ ਪਤ੍ਰਿਕਾ

ਚੰਡੀਗੜ੍ਹ 14 ਜੁਲਾਈ। ਪੰਜਾਬ ਵਿਧਾਨ ਸਭਾ ਦੇ ਸਦਨ ਅੰਦਰ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਪੰਜਾਬ ਪਵਿੱਤਰ ਗ੍ਰੰਥ ਬਿੱਲ-2025 ਪੇਸ਼ ਕੀਤਾ ਅਤੇ ਪ੍ਰਸਤਾਵ ਕੀਤਾ ਗਿਆ ਕਿ ਸਦਨ 'ਚ ਇਸ ਬਿੱਲ 'ਤੇ ਤੁਰੰਤ ਵਿਚਾਰ ਕੀਤਾ ਜਾਵੇ। ਇਸ ਬਿੱਲ ਅਨੁਸਾਰ ਜੇਕਰ ਕੋਈ ਕਿਸੇ ਧਾਰਮਿਕ ਗ੍ਰੰਥ ਦੀ ਬੇਅਦਬੀ ਕਰਦਾ ਹੈ, ਤਾਂ ਉਸਨੂੰ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਹੋ ਸਕਦੀ ਹੈ। ਇਹ ਬਿੱਲ ਸਿਰਫ ਇੱਕ ਕਾਨੂੰਨੀ ਦਸਤਾਵੇਜ਼ ਨਹੀਂ, ਸਗੋਂ ਪੰਜਾਬੀ ਸਮਾਜ ਦੀ ਧਾਰਮਿਕ ਭਾਵਨਾ ਅਤੇ ਆਸਥਾ ਦੀ ਰੱਖਿਆ ਵੱਲ ਇਕ ਮਜ਼ਬੂਤ ਕਦਮ ਮੰਨਿਆ ਜਾ ਰਿਹਾ ਹੈ। ਇਸ ਬਿੱਲ ਰਾਹੀਂ ਸਿੱਖ, ਹਿੰਦੂ, ਮੁਸਲਿਮ ਤੇ ਈਸਾਈ ਧਰਮਾਂ ਦੇ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਖ਼ਤ ਸਜ਼ਾ ਦੇਣ ਦਾ ਪ੍ਰਾਵਧਾਨ ਕੀਤਾ ਗਿਆ ਹੈ। ਪੰਜਾਬ ਸਰਕਾਰ ਨੇ ਇਸਨੂੰ ਪੰਜਾਬ ਪਵਿੱਤਰ ਗ੍ਰੰਥ ਬਿੱਲ-2025 ਦਾ ਨਾਮ ਦਿੱਤਾ ਹੈ। ਇਸ ਬਿੱਲ 'ਤੇ ਹੁਣ ਕੱਲ੍ਹ ਹੋਣ ਵਾਲੇ ਪੰਜਾਬ ਵਿਧਾਨ ਸਭਾ ਦੇ ਚੌਥੇ ਅਤੇ ਆਖਰੀ ਦਿਨ ਦੇ ਸੈਸ਼ਨ ਵਿੱਚ ਚਰਚਾ ਕੀਤੀ ਜਾਵੇਗੀ ਕਿਉਂਕਿ ਆਮ ਆਦਮੀ ਪਾਰਟੀ ਦੇ ਪੰਜਾਬ 'ਚ 117 ਵਿੱਚੋਂ 93 ਵਿਧਾਇਕ ਹਨ, ਇਸ ਲਈ ਬਿੱਲ ਦਾ ਪਾਸ ਹੋਣਾ ਯਕੀਨੀ ਹੈ। ਹਾਲਾਂਕਿ, ਇਸ ਬਿੱਲ ਨੂੰ ਉਦੋਂ ਹੀ ਕਾਨੂੰਨੀ ਰੂਪ ਮਿਲੇਗਾ ਜਦੋਂ ਇਸਨੂੰ



ਰਾਜਪਾਲ ਦੇ ਦਸਤਖਤ ਤੋਂ ਬਾਅਦ ਰਾਸ਼ਟਰਪਤੀ ਪੱਧਰ 'ਤੇ ਮਨਜ਼ੂਰੀ ਮਿਲ ਸਕੇਗੀ। ਇਸ ਕਾਨੂੰਨ ਵਿੱਚ ਸਿੱਖਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਲ-ਨਾਲ, ਹਿੰਦੂਆਂ ਦੀ ਸ਼੍ਰੀਮਦ ਭਾਗਵਤ ਗੀਤਾ, ਮੁਸਲਮਾਨਾਂ ਦੀ ਕੁਰਾਨ ਸ਼ਰੀਫ ਅਤੇ ਈਸਾਈ ਧਰਮ ਦੀ ਬਾਈਬਲ ਨੂੰ ਵੀ ਧਾਰਮਿਕ ਗ੍ਰੰਥਾਂ 'ਚ ਸ਼ਾਮਲ ਕੀਤਾ ਗਿਆ ਹੈ। ਇਸ ਬਿੱਲ ਦੇ ਅਧੀਨ ਆਉਣ ਵਾਲੇ ਸਾਰੇ ਅਪਰਾਧ ਗੰਭੀਰ ਸ਼੍ਰੇਣੀ ਦੇ ਹੋਣਗੇ। ਇਨ੍ਹਾਂ 'ਚ ਨਾ ਤਾਂ ਜ਼ਮਾਨਤ ਅਤੇ ਨਾ ਹੀ ਸਮਝੌਤਾ ਕੀਤਾ ਜਾਵੇਗਾ। ਇਸਦੀ ਸੁਣਵਾਈ ਸੈਸ਼ਨ ਕੋਰਟ 'ਚ ਹੋਵੇਗੀ। ਇਸ ਬਿੱਲ ਅਧੀਨ ਦਰਜ ਮਾਮਲਿਆਂ ਦੀ ਜਾਂਚ ਸਿਰਫ਼ ਡੀਐਸਪੀ ਜਾਂ ਇਸ ਤੋਂ ਉੱਪਰ ਦੇ ਪੱਧਰ ਦੇ ਅਧਿਕਾਰੀ ਕਰ ਸਕੇਗਾ। ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਘੱਟੋ-ਘੱਟ 10 ਸਾਲ ਕੈਦ ਅਤੇ ਵੱਧ ਤੋਂ ਵੱਧ ਉਮਰ ਕੈਦ ਦੀ ਸਜ਼ਾ ਸੁਣਾਈ ਜਾਵੇਗੀ। ਇਸ ਦੇ ਨਾਲ ਹੀ 5 ਤੋਂ 10 ਲੱਖ ਦਾ ਜੁਰਮਾਨਾ ਵੀ ਲਗਾਇਆ ਜਾਵੇਗਾ। ਬੇਅਦਬੀ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਘੱਟੋ-ਘੱਟ 3 ਸਾਲ ਅਤੇ ਵੱਧ ਤੋਂ ਵੱਧ 5 ਸਾਲ ਕੈਦ ਅਤੇ 3 ਲੱਖ ਦਾ ਜੁਰਮਾਨਾ ਵੀ ਲਗਾਇਆ ਜਾਵੇਗਾ। ਜੇਕਰ ਇਸ ਬਿੱਲ ਨੂੰ ਲਾਗੂ ਕਰਨ ਵਿੱਚ ਕੋਈ ਮੁਸ਼ਕਲ ਆਉਂਦੀ ਹੈ ਜਾਂ ਕੋਈ ਅਸਪਸ਼ਟਤਾ ਹੈ, ਤਾਂ ਰਾਜ ਸਰਕਾਰ ਇੱਕ ਆਦੇਸ਼ ਰਾਹੀਂ ਸਪੱਸ਼ਟੀਕਰਨ ਜਾਰੀ ਕਰ ਸਕਦੀ ਹੈ। ਅਜਿਹਾ ਆਦੇਸ਼ ਬਿੱਲ ਦੇ ਲਾਗੂ ਹੋਣ ਦੀ ਮਿਤੀ ਤੋਂ ਸਿਰਫ ਦੋ ਸਾਲਾਂ ਦੇ ਅੰਦਰ ਦਿੱਤਾ ਜਾ ਸਕਦਾ ਹੈ।

## ਪ੍ਰਗਟਾਵੇ ਦੀ ਆਜ਼ਾਦੀ ਦੀ ਅਹਿਮੀਅਤ ਸਮਝਣ ਨਾਗਰਿਕ, ਸੁਪਰੀਮ ਕੋਰਟ ਦੀ ਸਲਾਹ

ਨਵੀਂ ਦਿੱਲੀ 14 ਜੁਲਾਈ। ਸੁਪਰੀਮ ਕੋਰਟ ਨੇ ਸੋਮਵਾਰ ਨੂੰ ਪ੍ਰਗਟਾਵੇ ਦੀ ਆਜ਼ਾਦੀ ਨੂੰ ਲੈ ਕੇ ਅਹਿਮ ਟਿੱਪਣੀ ਕਰਦੇ ਹੋਏ ਕਿਹਾ ਕਿ ਨਾਗਰਿਕਾਂ ਨੂੰ ਆਪਣੀ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੀ ਕੀਮਤ ਸਮਝਣੀ ਚਾਹੀਦੀ ਹੈ ਅਤੇ ਇਸ ਦੇ ਨਾਲ-ਨਾਲ ਸਵੈ-ਕੰਟਰੋਲ ਅਤੇ ਸੰਜਮ ਦੀ ਪਾਲਣਾ ਕਰਨੀ ਚਾਹੀਦੀ ਹੈ। ਅਦਾਲਤ ਨੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਵੱਧਦੀ ਵੰਡਕਾਰੀ ਰੁਝਾਨਾਂ 'ਤੇ ਰੋਕ ਲਾਈ ਜਾਣੀ ਚਾਹੀਦੀ ਹੈ। ਕੋਰਟ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਹ ਸੈਂਸਰਸ਼ਿਪ ਦੀ ਗੱਲ ਨਹੀਂ ਕਰ ਰਿਹਾ ਹੈ ਸਗੋਂ ਚਾਹੁੰਦਾ ਹੈ ਕਿ ਲੋਕ ਖੁਦ ਜ਼ਿੰਮੇਵਾਰੀ ਨਿਭਾਉਣ ਅਤੇ ਆਪਣੀਆਂ ਗੱਲਾਂ ਵਿਚ ਸੰਜਮ ਵਰਤਣ। ਸੁਪਰੀਮ ਕੋਰਟ ਨੇ ਕਿਹਾ ਕਿ ਕੋਈ ਵੀ ਨਹੀਂ ਚਾਹੁੰਦਾ ਕਿ ਸੂਬਾ ਸਰਕਾਰ ਇਸ ਤਰ੍ਹਾਂ ਦੇ ਮਾਮਲਿਆਂ ਵਿਚ ਦਖਲ ਦੇਣ। ਇਸ ਲਈ ਜ਼ਰੂਰੀ ਹੈ ਕਿ ਲੋਕ ਖੁਦ ਜ਼ਿੰਮੇਵਾਰੀ ਲੈਣ ਅਤੇ ਸੋਸ਼ਲ ਮੀਡੀਆ ਜਾਂ ਹੋਰਨਾਂ ਮੰਚਾਂ 'ਤੇ ਅਜਿਹਾ ਕੁਝ ਨਾ ਕਹਿਣ ਜਾਂ ਸਮਾਜ ਵਿਚ ਤਣਾਅ ਫੈਲਾਏ। ਚੋਟੀ ਦੀ ਅਦਾਲਤ ਨੇ ਨਾਗਰਿਕਾਂ ਦਰਮਿਆਨ ਭਾਈਚਾਰੇ ਦੀ ਭਾਵਨਾ ਬਣਾਈ ਰੱਖਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਅਤੇ ਕਿਹਾ ਕਿ ਅੱਜ ਦੇ ਸਮੇਂ ਵਿਚ ਜਦੋਂ ਵੱਖਵਾਦੀ ਵਿਚਾਰ ਤੇਜ਼ੀ ਨਾਲ ਫੈਲ ਰਹੇ ਹਨ ਤਾਂ ਨਾਗਰਿਕਾਂ ਨੂੰ ਸੋਚ-ਸਮਝ ਕੇ ਬੋਲਣਾ ਚਾਹੀਦਾ ਹੈ। ਸੁਪਰੀਮ ਕੋਰਟ ਇਹ ਟਿੱਪਣੀ ਨੇ ਇਕ ਅਜਿਹੇ ਮਾਮਲੇ ਦੀ ਸੁਣਵਾਈ



ਦੌਰਾਨ ਦਿੱਤੀ, ਜਿਸ ਵਿਚ ਸੋਸ਼ਲ ਮੀਡੀਆ 'ਤੇ ਇਤਰਾਜ਼ਯੋਗ ਅਤੇ ਉਕਸਾਉਣ ਵਾਲੀ ਪੋਸਟ ਨੂੰ ਲੈ ਕੇ ਚਿੰਤਾ ਪ੍ਰਗਟਾਈ ਗਈ ਸੀ। ਅਦਾਲਤ ਇਸ ਗੱਲ 'ਤੇ ਵਿਚਾਰ ਕਰ ਰਹੀ ਹੈ ਕਿ ਕੀ ਕੋਡ ਆਫ ਕੰਡਕਟ ਬਣਾਇਆ ਜਾ ਸਕਦਾ ਹੈ, ਜਿਸ ਨਾਲ ਆਨਲਾਈਨ ਪ੍ਰਗਟਾਵੇ ਦੀ ਆਜ਼ਾਦੀ ਅਤੇ ਸਮਾਜ ਵਿਚ ਸਦਭਾਵਨਾ ਦਰਮਿਆਨ ਸੰਤੁਲਨ ਬਣਾ ਰਹੇ।

## ਬਿਹਾਰ ਬਣਿਆ 'ਕ੍ਰਾਇਮ ਕੈਪਟਲ ਆਫ ਇੰਡੀਆ', ਨਿਤੀਸ਼ ਬਚਾ ਰਹੇ ਆਪਣੀ ਕੁਰਸੀ: ਰਾਹੁਲ

ਨਵੀਂ ਦਿੱਲੀ 14 ਜੁਲਾਈ। ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਬਿਹਾਰ ਵਿੱਚ ਅਪਰਾਧ ਦੇ ਕਈ ਹਾਲੀਆ ਘਟਨਾਵਾਂ ਨੂੰ ਸੋਮਵਾਰ ਨੂੰ ਕਿਹਾ ਕਿ ਇਹ ਪ੍ਰਦੇਸ਼ "ਕ੍ਰਾਤਮਿਕ ਕੈਪਟਲ ਆਫ ਇੰਡੀਆ" ਬਣ ਗਿਆ ਹੈ ਅਤੇ ਪ੍ਰਧਾਨ ਮੰਤਰੀ ਨੀਤਿਸ਼ ਕੁਮਾਰ ਆਪਣੀ ਕੁਰਸੀ ਬਚਾ ਰਹੇ ਹਨ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਕੋਟੇ ਦੇ ਮੰਤਰੀ



ਕਮੀਸ਼ਨ ਕਮਾ ਰਹੇ ਹਨ। ਲੋਕ ਸਭਾ ਦੇ ਨੇਤਾ ਪ੍ਰਤੀਪੱਖ ਨੇ ਕਿਹਾ ਕਿ ਇਸ ਵਾਰ ਸਿਰਫ਼ ਸਰਕਾਰ ਬਦਲਣ ਦਾ ਨਹੀਂ, ਬਿਹਾਰ ਬਚਾਅ ਦੀ ਚੋਣ ਹੈ। ਉਨ੍ਹਾਂ ਨੇ ਇੱਕ ਖਬਰ ਦਾ ਹਵਾਲਾ ਦਿੱਤਾ ਹੈ ਕਿ ਬਿਹਾਰ ਵਿੱਚ 11 ਦਿਨਾਂ ਵਿੱਚ 31 ਕਤਲ ਦੀਆਂ ਵਾਰਦਾਤਾਂ ਹੋਈਆਂ ਹਨ। ਕਾਂਗਰਸੀ ਆਗੂ ਨੇ ਐਕਸ 'ਤੇ ਪੋਸਟ ਕਰਦੇ ਹੋਏ ਕਿਹਾ, 'ਬਿਹਾਰ ਬਣਿਆ ਕ੍ਰਾਇਮ ਕੈਪੀਟਲ ਆਫ ਇੰਡੀਆ', ਹਰੇਕ ਗੱਲੀ ਵਿਚ ਡਰ, ਹਰੇਕ ਘਰ ਵਿਚ ਬੇਚੈਨੀ। ਬੇਰੁਜ਼ਗਾਰ ਨੌਜਵਾਨਾਂ ਨੂੰ ਹਤਿਆਰਾ ਬਣਾ ਰਿਹਾ ਹੈ ਗੁੰਡਾਰਾਜ। ਰਾਹੁਲ ਗਾਂਧੀ ਨੇ ਦੋਸ਼ ਲਾਇਆ, ਮੁੱਖ ਮੰਤਰੀ ਆਪਣੀ ਕੁਰਸੀ ਬਚਾ ਰਹੇ ਹਨ, ਭਾਜਪਾ ਦੇ ਮੰਤਰੀ ਕਮਿਸ਼ਨ ਕਮਾ ਰਹੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ, ਮੈਂ ਫਿਰ ਦੁਹਰਾ ਰਿਹਾ ਹਾਂ ਕਿ ਇਸ ਵਾਰ ਵੋਟ ਸਿਰਫ਼ ਸਰਕਾਰ ਬਦਲਣ ਲਈ ਨਹੀਂ, ਸਗੋਂ ਬਿਹਾਰ ਨੂੰ ਬਚਾਉਣ ਲਈ ਹੈ।

# ਏਅਰ ਇੰਡੀਆ ਦੇ ਸੀਈਓ ਦੀ ਆਈ ਪ੍ਰਤੀਕਿਰਿਆ, 'ਇੰਜਣ ਜਾਂ ਰੱਖ-ਰਖਾਅ 'ਚ ਕੋਈ ਕਮੀ ਨਹੀਂ'

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਨੈਸ਼ਨਲ ਡੈਸਕ 14 ਜੁਲਾਈ। ਅਹਿਮਦਾਬਾਦ ਤੋਂ ਲੰਡਨ ਜਾ ਰਹੀ ਏਅਰ ਇੰਡੀਆ ਦੀ ਉਡਾਣ 12 ਜੂਨ ਨੂੰ ਭਿਆਨਕ ਹਾਦਸਾ ਹੋਇਆ ਸੀ। ਇਸ 'ਚ 260 ਲੋਕਾਂ ਦੀ ਜਾਨ ਚਲੀ ਗਈ। ਏਅਰ ਇੰਡੀਆ ਦੇ ਸੀਈਓ ਕੈਂਪਬੈਲ ਵਿਲਸਨ ਨੇ ਹੁਣ ਪਹਿਲੀ ਵਾਰ ਇਸ ਹਾਦਸੇ ਬਾਰੇ ਪ੍ਰਤੀਕਿਰਿਆ ਦਿੱਤੀ ਹੈ। ਏਅਰ ਇੰਡੀਆ ਦੇ ਸੀਈਓ ਕੈਂਪਬੈਲ ਵਿਲਸਨ ਨੇ ਅੱਜ ਇੱਕ ਪ੍ਰੈਸ ਕਾਨਫਰੰਸ 'ਚ ਦੱਸਿਆ ਕਿ ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ (ਏਏਆਈਬੀ) ਦੁਆਰਾ ਜਾਰੀ ਕੀਤੀ ਗਈ ਸ਼ੁਰੂਆਤੀ ਜਾਂਚ ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਪਿਛਲੇ ਮਹੀਨੇ ਹੋਏ ਇਸ ਦੁਖਦਾਈ ਜਹਾਜ਼ ਹਾਦਸੇ 'ਚ ਨਾ ਤਾਂ ਜਹਾਜ਼ 'ਚ ਰੱਖ-ਰਖਾਅ ਸਬੰਧੀ ਕੋਈ ਸਮੱਸਿਆ ਸੀ ਅਤੇ ਨਾ ਹੀ ਇੰਜਣ 'ਚ ਕੋਈ ਨੁਕਸ ਪਾਇਆ ਗਿਆ। ਵਿਲਸਨ ਨੇ ਅੱਗੇ ਕਿਹਾ ਕਿ ਜਹਾਜ਼ ਨੇ ਉਡਾਣ ਤੋਂ ਪਹਿਲਾਂ ਸਾਰੇ ਲਾਜ਼ਮੀ ਰੱਖ-ਰਖਾਅ ਦੇ ਕੰਮ ਪੂਰੇ ਕਰ ਲਏ ਸਨ। ਜਾਂਚ 'ਚ ਫਿਊਲ ਦੀ ਗੁਣਵੱਤਾ ਅਤੇ ਟੇਕਆਫ ਰੋਲ (ਉਡਾਣ ਭਰਨ ਲਈ ਰਨਵੇਅ 'ਤੇ ਚੱਲਣ ਦੀ ਪ੍ਰਕਿਰਿਆ) 'ਚ ਵੀ ਕੋਈ ਅਸਧਾਰਨਤਾ ਨਹੀਂ ਪਾਈ ਗਈ। ਉਨ੍ਹਾਂ ਇਹ ਵੀ ਪੁਸ਼ਟੀ ਕੀਤੀ ਕਿ ਪਾਇਲਟਾਂ ਨੇ ਉਡਾਣ ਤੋਂ ਪਹਿਲਾਂ ਸਾਰੇ ਸਾਹ ਲੈਣ ਵਾਲੇ ਟੈਸਟ ਪਾਸ ਕਰ ਲਏ ਸਨ ਅਤੇ ਉਨ੍ਹਾਂ ਦੀ ਡਾਕਟਰੀ ਜਾਂਚ ਦੌਰਾਨ ਕੋਈ ਚਿੰਤਾਜਨਕ ਚੀਜ਼ ਨਹੀਂ ਪਾਈ ਗਈ। ਇਨ੍ਹਾਂ ਬਿਆਨਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਮੁੱਢਲੀ ਜਾਂਚ 'ਚ ਜਹਾਜ਼ ਦੇ ਰੱਖ-ਰਖਾਅ ਜਾਂ ਪਾਇਲਟਾਂ ਦੀ ਫਿਟਨੈਸ ਵਿੱਚ ਕੋਈ ਕਮੀ ਨਹੀਂ ਪਾਈ ਗਈ ਹੈ। ਏਏਆਈਬੀ ਦੀ ਮੁੱਢਲੀ ਜਾਂਚ ਰਿਪੋਰਟ 'ਚ ਕੁਝ ਬਹੁਤ ਮਹੱਤਵਪੂਰਨ ਅਤੇ ਹੈਰਾਨ ਕਰਨ ਵਾਲੇ ਖੁਲਾਸੇ ਕੀਤੇ ਗਏ ਹਨ: ਪਾਇਲਟਾਂ ਦੀ ਆਖਰੀ ਕੋਸ਼ਿਸ਼: ਰਿਪੋਰਟ 'ਚ ਕਿਹਾ ਗਿਆ ਹੈ ਕਿ ਏਅਰ ਇੰਡੀਆ ਦੇ ਪਾਇਲਟਾਂ ਨੇ ਆਖਰੀ ਸਮੇਂ ਤੱਕ ਜਹਾਜ਼ ਦੇ ਦੋਵੇਂ ਇੰਜਣ ਚਾਲੂ ਕਰਨ ਦੀ ਕੋਸ਼ਿਸ਼ ਕੀਤੀ ਸੀ। ਇੱਕ ਇੰਜਣ (ਇੰਜਣ-1) 'ਚ ਰਿਕਵਰੀ ਸ਼ੁਰੂ ਹੋ ਗਈ ਸੀ, ਪਰ ਇੰਜਣ-2 ਪੂਰੀ ਤਰ੍ਹਾਂ ਅਸਫਲ ਹੋ ਗਿਆ ਸੀ। ਫਿਊਲ ਸਪਲਾਈ ਬੰਦ: ਜਾਂਚ 'ਚ ਸਾਹਮਣੇ ਆਇਆ ਹੈ ਕਿ ਏਅਰ ਇੰਡੀਆ ਦੇ ਜਹਾਜ਼ ਦੇ ਦੋਵਾਂ ਇੰਜਣਾਂ ਨੂੰ ਫਿਊਲ ਸਪਲਾਈ ਕਰਨ ਵਾਲੇ ਸਵਿੱਚ ਉਡਾਣ ਤੋਂ ਤੁਰੰਤ ਬਾਅਦ ਬੰਦ ਕਰ ਦਿੱਤੇ ਗਏ ਸਨ। ਇਸ ਕਾਰਨ ਇੰਜਣ ਨੇ ਕੰਮ ਕਰਨਾ ਬੰਦ ਕਰ




ਦਿੱਤਾ। ਇਸ ਤੋਂ ਤੁਰੰਤ ਬਾਅਦ, ਦੋਵਾਂ ਪਾਇਲਟਾਂ ਵਿਚਕਾਰ ਹੋਈ ਗੱਲਬਾਤ ਕਾਕਪਿਟ ਵੌਇਸ ਰਿਕਾਰਡਰ ਵਿੱਚ ਦਰਜ ਹੋ ਗਈ ਹੈ, ਜਿਸ ਤੋਂ ਉਸ ਭਿਆਨਕ ਪਲ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਦੁਰਘਟਨਾ ਦਾ ਸਮਾਂ: ਏਅਰ ਇੰਡੀਆ ਦੇ ਜਹਾਜ਼ ਨੇ ਭਾਰਤੀ ਸਮੇਂ ਅਨੁਸਾਰ ਦੁਪਹਿਰ 1:38 ਵਜੇ ਉਡਾਣ ਭਰੀ। ਅਤੇ ਸਿਰਫ਼ 26 ਸਕਿੰਟਾਂ ਬਾਅਦ, 08:09:05 (UTC ਸਮਾਂ) 'ਤੇ, ਪਾਇਲਟ ਨੇ 'MAYDAY... MAYDAY... MAYDAY...' ਦਾ ਐਮਰਜੈਂਸੀ ਸੁਨੇਹਾ ਦਿੱਤਾ। ਇਸ ਤੋਂ ਥੋੜ੍ਹੀ ਦੇਰ ਬਾਅਦ ਜਹਾਜ਼ ਹਵਾਈ ਅੱਡੇ ਦੀ ਸੀਮਾ ਤੋਂ ਬਾਹਰ ਇੱਕ ਮੈਡੀਕਲ ਕਾਲਜ ਦੇ ਹੋਸਟਲ ਨਾਲ ਟਕਰਾ ਗਿਆ। ਇੰਜਣ ਦੀ ਗਤੀ 'ਚ ਕਮੀ: ਰਿਪੋਰਟ 'ਚ ਕਿਹਾ ਗਿਆ ਹੈ ਕਿ ਜਹਾਜ਼ ਦੇ ਇੰਜਣ ©1 ਅਤੇ ©2 ਵਿੱਚ ਗਤੀ ਹੌਲੀ-ਹੌਲੀ ਘੱਟ ਗਈ, ਕਿਉਂਕਿ ਬਾਲਣ ਦੀ ਸਪਲਾਈ ਅਚਾਨਕ ਬੰਦ ਹੋ ਗਈ ਸੀ। ਫਿਊਲ ਟੈਂਕਾਂ ਅਤੇ ਬਾਊਜ਼ਰ ਤੋਂ ਲਏ ਗਏ ਨਮੂਨਿਆਂ ਨੂੰ ਜਾਂਚ ਵਿੱਚ ਤਸੱਲੀਬਖਸ਼ ਪਾਇਆ ਗਿਆ ਹੈ, ਜਿਸ ਕਾਰਨ ਫਿਊਲ ਦੀ ਗੁਣਵੱਤਾ 'ਤੇ ਕੋਈ ਸਵਾਲ ਨਹੀਂ ਉਠਾਇਆ ਗਿਆ ਹੈ। ਤੁਹਾਨੂੰ ਦੱਸ ਦੇਈਏ ਕਿ ਇਸ ਜਹਾਜ਼ ਹਾਦਸੇ ਦੌਰਾਨ, ਜਹਾਜ਼ ਵਿੱਚ ਕੁੱਲ 242 ਲੋਕ ਸਵਾਰ ਸਨ, ਜਿਨ੍ਹਾਂ ਵਿੱਚ 230 ਯਾਤਰੀ ਅਤੇ 12 ਚਾਲਕ ਦਲ ਦੇ ਮੈਂਬਰ ਸ਼ਾਮਲ ਸਨ।

# ਭਾਜਪਾ ਵਰਕਰਾਂ ਨੇ ਨਵ-ਨਿਯੁਕਤ ਪੰਜਾਬ ਪ੍ਰਧਾਨ ਅਸ਼ਵਨੀ ਸ਼ਰਮਾ ਦੇ ਤਾਜਪੋਸ਼ੀ ਸਮਾਗਮ 'ਚ ਕੀਤੀ ਸ਼ਿਰਕਤ

**ਕੌਮੀ ਪਤ੍ਰਿਕਾ**

ਫਗਵਾੜਾ 14 ਜੁਲਾਈ: ਫਗਵਾੜਾ ਦੇ ਭਾਜਪਾ ਵਰਕਰਾਂ ਦਾ ਇੱਕ ਵੱਡਾ ਜੱਥਾ ਅੱਜ ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦੀ ਅਗਵਾਈ ਹੇਠ ਨਵ-ਨਿਯੁਕਤ ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਦੇ ਚੰਡੀਗੜ੍ਹ ਵਿੱਚ ਆਯੋਜਿਤ ਤਾਜਪੋਸ਼ੀ ਸਮਾਗਮ 'ਚ ਸ਼ਾਮਲ ਹੋਣ ਲਈ ਰਵਾਨਾ ਹੋਇਆ। ਇਸ ਦੌਰਾਨ ਸਾਬਕਾ ਮੰਤਰੀ ਸੋਮ ਪ੍ਰਕਾਸ਼ ਦੇ ਨਾਲ ਮੌਜੂਦ ਸਾਬਕਾ ਮੇਅਰ ਅਰੁਣ ਖੋਸਲਾ, ਸੀਨੀਅਰ ਆਗੂ ਰਾਕੇਸ਼ ਦੁੱਗਲ, ਅਵਤਾਰ ਸਿੰਘ ਮੰਡ ਅਤੇ ਨਿਤਿਨ ਚੱਢਾ ਆਦਿ ਨੇ ਪਠਾਨਕੋਟ ਦੇ ਵਿਧਾਇਕ ਅਸ਼ਵਨੀ ਸ਼ਰਮਾ ਨੂੰ ਦੂਜੀ ਵਾਰ ਪੰਜਾਬ ਪ੍ਰਧਾਨ ਬਣਨ ਲਈ ਵਧਾਈ ਦਿੱਤੀ। ਇਸ ਦੇ ਨਾਲ ਹੀ ਸਾਬਕਾ ਪ੍ਰਧਾਨ ਸੁਨੀਲ ਜਾਖੜ ਅਤੇ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਅਤੇ ਹੋਰਨਾਂ ਸੀਨੀਅਰ ਆਗੂਆਂ ਦੇ ਨਾਲ ਮੁਲਾਕਾਤ ਦੌਰਾਨ ਪੰਜਾਬ ਦੇ ਮੌਜੂਦਾ ਸਿਆਸੀ ਹਾਲਤਾਂ ਬਾਰੇ ਚਰਚਾ ਕੀਤੀ। ਫਗਵਾੜਾ ਵਾਪਸੀ 'ਤੇ ਗੱਲਬਾਤ ਕਰਦਿਆਂ ਸਾਬਕਾ ਮੇਅਰ ਅਰੁਣ ਖੋਸਲਾ ਨੇ ਦੱਸਿਆ ਕਿ ਚੰਡੀਗੜ੍ਹ ਦੇ ਭਾਜਪਾ ਦਫ਼ਤਰ ਵਿੱਚ ਅਸ਼ਵਨੀ ਸ਼ਰਮਾ ਦੇ ਪ੍ਰਧਾਨ ਵਜੋਂ ਤਾਜਪੋਸ਼ੀ ਸਮਾਗਮ 'ਚ ਪੰਜਾਬ ਭਰ ਤੋਂ ਹਜ਼ਾਰਾਂ ਵਰਕਰ ਸ਼ਾਮਲ ਹੋਏ। ਸਮੂਹ ਵਰਕਰਾਂ ਵਿੱਚ ਬਹੁਤ ਉਤਸ਼ਾਹ ਸੀ ਕਿਉਂਕਿ ਅਸ਼ਵਨੀ ਸ਼ਰਮਾ ਇੱਕ ਆਮ ਭਾਜਪਾ ਆਗੂ ਹਨ, ਜੋ ਹੇਠਲੇ ਪੱਧਰ ਦੇ ਵਰਕਰਾਂ ਤੇ ਵੀ ਮਜਬੂਤ ਪਕੜ ਰੱਖਦੇ ਹਨ। ਉਨ੍ਹਾਂ ਨੇ ਬੂਥ ਪੱਧਰ ਦੇ ਵਰਕਰ ਤੋਂ ਵਿਧਾਇਕ ਅਤੇ ਦੂਜੀ ਵਾਰ ਪੰਜਾਬ ਪ੍ਰਧਾਨ ਬਣਨ ਦਾ ਸਫ਼ਰ ਤੈਅ ਕੀਤਾ ਹੈ। ਉਹ ਵਰਕਰਾਂ ਦੀਆਂ ਭਾਵਨਾਵਾਂ ਪ੍ਰਤੀ ਬਹੁਤ ਸੰਵੇਦਨਸ਼ੀਲ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਅਸ਼ਵਨੀ ਸ਼ਰਮਾ ਨੂੰ ਦੁਬਾਰਾ ਪੰਜਾਬ ਭਾਜਪਾ ਪ੍ਰਧਾਨ ਐਲਾਨ ਕਰਕੇ ਕੇਂਦਰੀ ਭਾਜਪਾ ਲੀਡਰਸ਼ਿਪ ਨੇ ਪੰਜਾਬ ਭਾਜਪਾ ਵਰਕਰਾਂ ਵਿੱਚ ਨਵੀਂ ਜਾਨ ਪਾ ਦਿੱਤੀ ਹੈ। ਭਾਜਪਾ ਵਰਕਰ ਅਸ਼ਵਨੀ ਸ਼ਰਮਾ ਦੀ ਅਗਵਾਈ ਹੇਠ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਬੇਹਦ ਉਤਸ਼ਾਹਿਤ ਹਨ। ਇਸ ਵਾਰ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਵਰਕਰ ਪੂਰੇ ਦ੍ਰਿੜ ਇਰਾਦੇ ਨਾਲ ਪਾਰਟੀ ਦੀ ਲੜਾਈ ਲੜਨਗੇ ਅਤੇ ਭਗਵੰਤ ਮਾਨ ਸਰਕਾਰ ਦੀਆਂ ਨਾਕਾਮੀਆਂ ਦਾ ਕੱਚਾ ਚਿੱਠਾ ਜਨਤਾ ਸਾਹਮਣੇ ਪੇਸ਼ ਕਰਕੇ ਸ਼ਾਨਦਾਰ ਜਿੱਤ ਦਰਜ ਕੀਤੀ ਜਾਵੇਗੀ। ਇਸ ਦੌਰਾਨ ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਪੰਜਾਬ ਵਿੱਚ ਹਰ ਮੋਰਚੇ 'ਤੇ ਸੁਪਰ ਫਲਾਪ ਸਾਬਤ ਹੋਈ ਹੈ। ਸੂਬੇ ਦੀ ਕਾਨੂੰਨ ਵਿਵਸਥਾ ਰੱਬ ਦੀ ਰਹਿਮਤ 'ਤੇ ਚੱਲ ਰਹੀ ਹੈ। ਪਰ ਮੁੱਖ ਮੰਤਰੀ ਭਗਵੰਤ ਮਾਨ ਆਪਣੀਆਂ ਝੂਠੀਆਂ ਪ੍ਰਾਪਤੀਆਂ ਦੇ ਗੁਣ ਗਾ ਰਹੇ ਹਨ। ਮੁੱਖ ਮੰਤਰੀ ਵੱਲੋਂ 10 ਲੱਖ ਰੁਪਏ ਦੇ ਮੁਫ਼ਤ ਇਲਾਜ ਦੇ ਐਲਾਨ 'ਤੇ ਚੁਟਕੀ ਲੈਂਦਿਆਂ ਉਨ੍ਹਾਂ ਕਿਹਾ ਕਿ ਅਜਿਹੀ ਸਰਕਾਰ ਤੋਂ ਕੋਈ ਕਿਵੇਂ 10 ਲੱਖ ਰੁਪਏ ਦੇ ਮੁਫ਼ਤ ਇਲਾਜ ਦੀ ਉਮੀਦ ਕਰ ਸਕਦਾ ਹੈ, ਜੋ ਪਿਛਲੇ ਸਾਢੇ ਤਿੰਨ ਸਾਲ ਦੇ ਰਾਜ ਦੌਰਾਨ ਔਰਤਾਂ ਨੂੰ ਪਹਿਲਾਂ ਇੱਕ ਹਜ਼ਾਰ ਤੇ ਫਿਰ ਗਿਆਰਾਂ ਸੌ ਰੁਪਏ ਪ੍ਰਤੀ ਮਹੀਨਾ ਭੱਤਾ ਦੇਣ ਦੀ ਗਾਰੰਟੀ ਤੋਂ ਮੂੰਹ ਫੇਰ ਚੁੱਕੀ ਹੋਵੇ। ਇਹ ਸਾਰੇ ਉਹੀ ਝੂਠ ਜਨਤਾ ਨੂੰ ਪਰੋਸੇ ਜਾ ਰਹੇ ਹਨ ਜੋ ਅਰਵਿੰਦ ਕੇਜਰੀਵਾਲ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਰੋਸ ਰਹੇ ਸਨ। ਉਹਨਾਂ ਕਿਹਾ ਕਿ ਦਿੱਲੀ ਦੀ ਤਰਜ਼ 'ਤੇ, ਪੰਜਾਬ ਦੇ ਲੋਕ ਵੀ ਇਸ ਵਾਰ 'ਆਪ' ਪਾਰਟੀ ਦਾ ਪੰਜਾਬ ਤੋਂ ਬਿਸਤਰ ਗੋਲ ਕਰ ਦੇਣਗੇ। ਕਿਉਂਕਿ ਇਸ ਪਾਰਟੀ ਨੇ ਪੰਜਾਬ ਨੂੰ ਵਿਕਾਸ ਦੇ ਰਾਹ 'ਤੇ ਬਹੁਤ ਪਿੱਛੇ ਧੱਕ ਦਿੱਤਾ ਹੈ। ਇਸ ਮੌਕੇ ਸੰਜੂ ਚਾਹਲ, ਦਿਨੇਸ਼ ਦੁੱਗਲ, ਨਿੱਕੀ ਸ਼ਰਮਾ, ਵਿਸ਼ਾਲ ਵਾਲੀਆ, ਹੰਸਰਾਜ, ਵਿਸ਼ਾਲ ਦੁੱਗਲ, ਚੰਦਰੇਸ਼ ਕੌਲ, ਸੋਨੂੰ ਰਾਵਲਪਿੰਡੀ, ਰਮੇਸ਼ ਲਾਲ ਸਰਪੰਚ, ਸੋਨੂੰ ਪੰਡਿਤ, ਬਿੱਲੂ ਰੁੜਕਾ, ਪਿੰਦੀ ਸਰਪੰਚ ਅਤੇ ਹੋਰ ਭਾਜਪਾ ਵਰਕਰ ਮੌਜੂਦ ਸਨ।

## ਸਰਕਾਰ ਦੀਆਂ ਬੀਮਾ ਸਕੀਮਾਂ ਬਾਰੇ ਪਿੰਡਾਂ 'ਚ ਲੱਗਣਗੇ ਵਿਸ਼ੇਸ਼ ਕੈਂਪ

ਬਰਨਾਲਾ 14 ਜੁਲਾਈ। ਸਰਕਾਰ ਦੇ ਵਿੱਤ ਮੰਤਰਾਲੇ ਦੇ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਬਰਨਾਲਾ 'ਚ ਜੁਲਾਈ ਤੋਂ ਸਤੰਬਰ ਤੱਕ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਅਧੀਨ ਸਾਰੇ ਪਿੰਡਾਂ 'ਚ ਕੈਂਪ ਲਗਾ ਕੇ ਪਿੰਡਾਂ ਦੇ ਵਾਸੀਆਂ ਨੂੰ ਸਰਕਾਰ ਦੀਆਂ ਬੈਂਕਾਂ ਨਾਲ ਸਬੰਧਤ ਬੀਮਾ ਸਕੀਮਾਂ, ਸਾਈਬਰ ਕ੍ਰਾਈਮ ਆਦਿ ਬਾਰੇ ਜਾਗਰੂਕ ਜਾਵੇਗਾ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਬਰਨਾਲਾ ਟੀ ਬੈਨਿਥ ਨੇ ਇੱਥੇ ਜ਼ਿਲਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ 'ਚ ਸਾਰੇ ਵਿਭਾਗਾਂ ਦੀ ਮੀਟਿੰਗ ਦੌਰਾਨ ਕੀਤਾ। ਉਨ੍ਹਾਂ ਦੱਸਿਆ ਕਿ ਇਹ ਮੁਹਿੰਮ ਪਹਿਲੀ ਜੁਲਾਈ ਤੋਂ ਸ਼ੁਰੂ ਕੀਤੀ ਗਈ ਹੈ ਅਤੇ ਸਤੰਬਰ ਅੰਤ ਤੱਕ ਚੱਲੇਗੀ ਜਿਸ ਜ਼ਿਲ੍ਹੇ ਦੇ ਸਾਰੇ ਪਿੰਡਾਂ 'ਚ ਕੈਂਪ ਲਗਾ ਕੇ ਲੋਕਾਂ ਨੂੰ ਵੱਖ-ਵੱਖ ਸਕੀਮਾਂ ਜਿਵੇਂ ਪ੍ਰਧਾਨ ਮੰਤਰੀ ਸੁਰੱਕਸ਼ਾ ਬੀਮਾ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ, ਅਟਲ ਪੈਨਸ਼ਨ ਯੋਜਨਾ ਬਾਰੇ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਲੀਡ ਬੈਂਕ ਮੈਨੇਜਰ ਬਰਨਾਲਾ ਗੁਰਪਰਮਿੰਦਰ ਸਿੰਘ ਨੇ ਦੱਸਿਆ ਕਿ ਪਿੰਡਾਂ 'ਚ ਇਹ ਕੈਂਪ ਲਾਉਣੇ ਸ਼ੁਰੂ ਕਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸਕੀਮਾਂ ਤੋਂ ਇਲਾਵਾ ਲੋਕਾਂ ਨੂੰ ਸਾਈਬਰ ਕ੍ਰਾਈਮ ਬਾਰੇ ਜਿੱਥੇ ਜਾਗਰੂਕ ਕੀਤਾ ਜਾ ਰਿਹਾ ਹੈ, ਉਥੇ ਪ੍ਰਧਾਨ ਮੰਤਰੀ ਜਨ ਧਨ ਖਾਤਿਆਂ ਦੀ ਕੇ.ਵਾਈ. ਸੀ. ਬਾਰੇ ਦੱਸਿਆ ਜਾ ਰਿਹਾ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਅਨੁਪ੍ਰਿਤਾ ਜੌਹਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸਤਵੰਤ ਸਿੰਘ, ਐੱਸ. ਡੀ. ਐੱਮ. ਸਿਮਰਪ੍ਰੀਤ ਕੌਰ, ਸਹਾਇਕ ਕਮਿਸ਼ਨਰ (ਯੂ. ਟੀ.) ਸਿਵਾਂਸ਼ ਰਾਠੀ ਤੇ ਬੈਂਕਿੰਗ ਅਧਿਕਾਰੀ ਮੌਜੂਦ ਸਨ।

## ਕਮਿਸ਼ਨਰ ਦੀਆਂ ਸਖਤ ਹਦਾਇਤ ਬਰਸਾਤ ਤੋ ਬਾਅਦ ਸ਼ਹਿਰ ਦੀਆਂ ਸੜਕਾਂ ਤੇ ਪਾਣੀ ਜਮਾਂ ਨਾ ਹੋਣਾ ਯਕੀਨੀ ਬਣਾਇਆ ਜਾਵੇ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 14 ਜੁਲਾਈ। ਅੱਜ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵਲੋਂ ਬਰਸਾਤ ਦੇ ਮੌਸਮ ਵਿੱਚ ਸ਼ਹਿਰ ਦੀਆਂ ਸੜਕਾਂ ਤੇ ਪਾਣੀ ਦੇ ਜਮਾਂਵ ਨੂੰ ਲੇ ਕੇ ਓ ਐਂਡ ਐਮ ਸੈਲ ਵਿਭਾਗ ਅਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਨਾਲ ਹੰਗਾਮੀ ਮੀਟਿੰਗ ਕੀਤੀ ਗਈ ਅਤੇ ਹਦਾਇਤਾ ਕੀਤੀਆਂ ਗਈਆ ਕਿ ਆਪਣੇ ਅਧੀਨ ਕਰਮਚਾਰੀਆਂ ਦੀ ਡਿਊਟੀ ਲਗਾਈ ਜਾਵੇ ਕਿ ਬਰਸਾਤ ਤੋ ਤੁਰੰਤ ਬਾਅਦ ਸੜਕਾਂ ਦੀ ਚੈਕਿਗ ਕੀਤੀ ਜਾਵੇ ਅਤੇ ਜਿਥੇ ਵੀ ਬਰਸਾਤੀ ਪਾਣੀ ਖੜਾ ਹੋਵੇ ਉਸ ਨੂੰ ਬਿਨਾ ਕਿਸੇ ਦੇਰੀ ਦੇ ਸਾਫ ਕੀਤਾ ਜਾਵੇ । ਅਜ ਦੀ ਇਸ ਮੀਟਿੰਗ ਵਿੱਚ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ , ਸੰਯੁਕਤ ਕਮਿਸ਼ਨਰ ਜੈ ਇੰਦਰ ਸਿੰਘ , ਸਿਹਤ ਅਫਸਰ ਡਾ. ਕਿਰਨ ਅਤੇ ਡਾ. ਯੋਗੇਸ਼ ਅਰੋੜਾ , ਕਾਰਜਕਾਰੀ ਇੰਜੀਨਿਅਰ ਸਵਰਾਜਇੰਦਰ ਪਾਲ ਸਿੰਘ ਤੋ ਇਲਾਵਾਂ ਕਈ ਅਧਿਕਾਰੀ ਹਾਜਰ ਸਨ । ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦਸਿਆ ਕੀ ਨਗਰ ਨਿਗਮ, ਅੰਮ੍ਰਿਤਸਰ ਸ਼ਹਿਰ ਵਾਸੀਆਂ ਦੀ ਸਹੂਲਤ ਲਈ ਹਰ ਸੰਭਵ ਉਪਰਾਲਾ ਕਰ ਰਿਹਾ ਹੈ। ਉਹਨਾਂ ਕਿਹਾ ਕਿ ਬਰਸਾਤ ਦੇ ਮੌਸਮ ਨੂੰ ਮੁੱਖ ਰਖਦੇ ਹੋਏ ਓ ਐਂਡ ਐਮ ਸੈਲ ਵਿਭਾਗ ਅਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਹਦਾਇਤ ਕੀਤੀ ਗਈ ਹੈ ਕਿ ਜਦੋਂ ਵੀ ਬਰਸਾਤ ਹੁੰਦੀ ਹੈ ਤਾਂ ਨਿਗਮ ਦੀਆ ਜੋਨਾ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਨੂੰ ਸਖਤ ਹਦਾਇਤ ਕੀਤੀ ਜਾਵੇ ਕਿ ਬਰਸਾਤ ਤੋ ਤੁਰੰਤ ਬਾਅਦ 15-20 ਮਿੰਟ ਵਿੱਚ ਸੜਕਾਂ ਦਾ ਮੁਆਇਨਾ ਕਰਨਗੇ ਅਤੇ ਜਿਥੇ ਵੀ ਬਰਸਾਤੀ ਪਾਣੀ ਖੜਾ ਹੈ ਉਸਨੂੰ ਬਿਨਾ ਕਿਸੇ ਦੇਰੀ ਦੇ ਵਿੱਚ ਸਾਫ ਕਰ ਦਿਤਾ ਜਾਵੇ ਉਹਨਾਂ ਕਿਹਾ ਕਿ ਜਿਥੇ ਪਾਣੀ ਦੀ ਨਿਕਾਸੀ ਮੈਨੂਅਲੀ ਨਹੀ ਹੋ ਪਾਉਂਦੀ ਉਥੇ ਰੋਡ ਸਾਇਡ ਦੇ ਚੈਂਬਰਾ ਨੂੰ ਚੈਕ ਕੀਤਾ ਜਾਵੇ ਕਿਉਂ ਜੋ ਕਈ ਵਾਰ ਇਹਨਾਂ ਚੈਂਬਰਾ ਵਿੱਚ ਪਲਾਸਟਿਕ ਦੇ ਲਿਫਾਫੇ ਜਾ ਕੂੜਾ ਕਰਕਟ ਆਦਿ ਜੰਮ ਜਾਂਦਾ ਹੈ ਤਾਂ ਪਾਣੀ ਦਾ ਨਿਕਾਸ ਨਹੀ ਹੋ ਪਾਂਦਾ ਇਸ ਲਈ ਇਹਨਾਂ ਦੀ ਤੁਰੰਤ ਸਫਾਈ ਕਰਕੇ ਬਰਸਾਤੀ ਪਾਣੀ ਦੀ ਨਿਕਾਸੀ ਯਕੀਨੀ ਬਣਾਈ ਜਾਵੇ । ਕਮਿਸ਼ਨਰ ਨੇ ਇਹ ਵੀ ਕਿਹਾ ਕਿ ਐਮਰਜੈਂਸੀ ਹੋਣ ਦੀ ਸੂਰਤ ਵਿੱਚ ਨਿਗਮ ਕੋਲ ਮੌਜੂਦ ਮਸ਼ੀਨਰੀ ਜਿਵੇਂ ਕਿ ਸੁਪਰ ਸਕਰ ਜੈਟ ਪੰਪ ਅਤੇ ਸਕਸ਼ਨ ਮਸ਼ੀਨਾ ਆਦਿ ਦੇ ਇਸਤੇਮਾਲ ਲਈ ਇਕ ਸਪੈਸ਼ਲ ਓ ਐਂਡ ਐਮ ਗਰੁਪ (ਐਮਰਜੈਂਸੀ) ਵੀ ਬਣਾਇਆ ਗਿਆ ਹੈ ਜਿਸ ਤਹਿਤ ਇਹ ਮਸ਼ੀਨਰੀ ਹਰ ਵੇਲੇ ਹਰ ਵੇਲੇ ਤਿਆਰ ਰਹੇਗੀ ਅਤੇ ਜਿਸ ਸੜਕ ਤੇ ਵੀ ਬਰਸਾਤੀ ਪਾਣੀ ਦੀ ਨਿਕਾਸੀ ਲਈ ਜਿਆਦਾ ਸਮਸਿਆ ਆਉਂਦੀ ਹੈ ਉਥੇ ਵਾਟਸ-ਐਪ ਮੈਸੇਜ ਰਾਹੀਂ ਤੁਰੰਤ ਮੌਕੇ ਤੇ ਭੇਜ ਕੇ ਬਰਸਾਤੀ ਪਾਣੀ ਦੀ ਨਿਕਾਸੀ ਕੀਤੀ ਜਾਵੇਗੀ ਕਮਿਸ਼ਨਰ ਨੇ ਸ਼ਹਿਰ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਨਗਰ ਨਿਗਮ ਅੰਮ੍ਰਿਤਸਰ ਬਰਸਾਤੀ ਪਾਣੀ ਦੀ ਨਿਕਾਸੀ ਲਈ ਆਪਣੀ ਮੈਨ ਪਾਵਰ ਅਤੇ ਮਸ਼ੀਨਰੀ ਵਿੱਚ ਕੋਈ ਵੀ ਕਮੀ ਨਹੀ ਆਉਂਣ ਦੇਵੇਗਾ ।

## 28 ਸਾਲਾ ਨੌਜਵਾਨ ਦੀ ਭਿਆਨਕ ਹਾਦਸੇ ਚ ਮੌਤ, ਕਈ ਘੰਟੇ ਸੜਕ ਤੇ ਪਈ ਰਹੀ ਲਾਸ਼

ਹਲਵਾਰਾ 14 ਜੁਲਾਈ। ਲੁਧਿਆਣਾ-ਬਠਿੰਡਾ ਰਾਜ ਮਾਰਗ ਉਪਰ ਦੁਪਹਿਰ ਕਰੀਬ 12 ਵਜੇ ਪਿੰਡ ਨੂਰਪੁਰਾ ਅਤੇ ਗੋਂਦਵਾਲ ਦੀ ਹੱਦ ਵਿਚ ਬੇਸਹਾਰਾ ਪਸ਼ੂ ਨਾਲ ਟਕਰਾਉਣ ਕਾਰਨ ਮੋਟਰਸਾਈਕਲ ਸਵਾਰ 28 ਸਾਲਾ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਦੀ ਪਹਿਚਾਣ ਕੁਲਦੀਪ



ਸਿੰਘ ਉਰਫ਼ ਜੱਗਾ ਪੁੱਤਰ ਬਾਰੂ ਰਾਮ ਵਾਸੀ ਪੱਖੋ ਕਲਾਂ ਜ਼ਿਲ੍ਹਾ ਬਰਨਾਲਾ ਵਜੋਂ ਹੋਈ ਹੈ। ਕਰੀਬ ਢਾਈ ਘੰਟੇ ਤੱਕ ਮ੍ਰਿਤਕ ਦੀ ਲਾਸ਼ ਸੜਕ ਉਪਰ ਹੀ ਪਈ ਰਹਿਣ ਤੋਂ ਭੜਕੇ ਪਰਿਵਾਰਕ ਮੈਂਬਰਾਂ ਦੀ ਰਾਏਕੋਟ ਸ਼ਹਿਰੀ ਥਾਣੇ ਦੇ ਥਾਣੇਦਾਰ ਕੇਬਲ ਸਿੰਘ ਅਤੇ ਹੋਰ ਪੁਲਸ ਮੁਲਾਜ਼ਮਾਂ ਨਾਲ ਤਿੱਖੀ ਬਹਿਸ ਹੋਈ ਅਤੇ ਬਾਅਦ ਵਿਚ ਮ੍ਰਿਤਕ ਦਾ ਭਰਾ ਛਿੰਦਾ ਅਤੇ ਹੋਰ ਪਰਿਵਾਰਕ ਮੈਂਬਰ ਮ੍ਰਿਤਕ ਦੀ ਲਾਸ਼ ਨੂੰ ਗੱਡੀ ਵਿਚ ਰੱਖ ਕੇ ਬਿਨਾਂ ਪੋਸਟਮਾਰਟਮ ਕਰਵਾਏ ਹੀ ਲੈ ਕੇ ਚਲੇ ਗਏ। ਸੰਪਰਕ ਕਰਨ 'ਤੇ ਥਾਣਾ ਰਾਏਕੋਟ ਸ਼ਹਿਰੀ ਦੇ ਐੱਸ.ਐੱਚ.ਓ ਅਮਰਜੀਤ ਸਿੰਘ ਗਿੱਲ ਨੇ ਕਿਹਾ ਕਿ ਸੂਚਨਾ ਮਿਲਣ ਤੋਂ ਬਾਅਦ ਪੁਲਸ ਪਾਰਟੀ ਮੌਕੇ 'ਤੇ ਪਹੁੰਚ ਗਈ ਸੀ ਅਤੇ ਜਦੋਂ ਪੁਲਸ ਮ੍ਰਿਤਕ ਦਾ ਪੋਸਟਮਾਰਟਮ ਕਰਾਉਣ ਲਈ ਲਾਸ਼ ਕਬਜ਼ੇ ਵਿਚ ਲੈਣ ਦੀ ਕਾਰਵਾਈ ਕਰ ਰਹੀ ਸੀ ਤਾਂ ਪਰਿਵਾਰਕ ਮੈਂਬਰਾਂ ਨੇ ਪੋਸਟਮਾਰਟਮ ਕਰਾਉਣ ਤੋਂ ਹੀ ਇਨਕਾਰ ਕਰ ਦਿੱਤਾ। ਮ੍ਰਿਤਕ ਦੇ ਪਿਤਾ ਬਾਰੂ ਰਾਮ, ਸਹੁਰਾ ਦੁਰਗਾ ਰਾਮ ਸਮੇਤ ਹੋਰ ਪਰਿਵਾਰਕ ਮੈਂਬਰਾਂ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਹਨ ਕਿ ਮ੍ਰਿਤਕ ਕੁਲਦੀਪ ਸਿੰਘ ਉਰਫ਼ ਜੱਗਾ ਦਾ ਹਾਦਸਾ ਬੇਸਹਾਰਾ ਗਾਂ ਨਾਲ ਟੱਕਰ ਹੋਣ ਕਰਕੇ ਹੋਇਆ ਹੈ, ਇਸ ਲਈ ਉਹ ਕੋਈ ਕਾਨੂੰਨੀ ਕਾਰਵਾਈ ਨਹੀਂ ਕਰਾਉਣਾ ਚਾਹੁੰਦੇ।

## ਸਵੱਛ ਸਰਵੇਖਣ 2024 ਵਿੱਚ ਹਰਿਆਣਾ ਦੇ ਕਰਨਾਲ ਨੂੰ ਦੇਸ਼ ਦੇ ਟਾਪ 15 ਸਾਫ ਸ਼ਹਿਰਾਂ ਵਿੱਚ ਮਿਲਿਆ ਸਥਾਨ

ਚੰਡੀਗੜ੍ਹ, 14 ਜੁਲਾਈ: ਕੇਂਦਰ ਸਰਕਾਰ ਵੱਲੋਂ ਦੇਸ਼ ਦੇ ਸ਼ਹਿਰਾਂ ਦੀ ਸਵੱਛਤਾ ਰੈਂਕਿੰਗ ਦੇ ਮੁਲਾਂਕਨ ਲਈ ਕੀਤੇ ਗਏ ਸਵੱਛ ਸਰਵੇਖਣ-2024 ਦੇ ਐਲਾਨ ਨਤੀਜਿਆਂ ਵਿੱਚ ਹਰਿਆਣਾ ਦੇ ਕਰਨਾਲ ਸ਼ਹਿਰ ਨੂੰ ਦੇਸ਼ ਦੇ ਟਾਪ 15 ਸ਼ਹਿਰਾਂ ਵਿੱਚ ਸਥਾਨ ਮਿਲਿਆ ਹੈ। ਇਸ ਦੇ ਲਈ ਕਰਨਾਲ ਨੂੰ ਰਾਸ਼ਟਰਪਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਵੇਗਾ। 17 ਜੁਲਾਈ ਨੂੰ ਦਿੱਤੀ ਵਿੱਚ ਹੋਣ ਵਾਲੇ ਪ੍ਰੋਗਰਾਮ ਵਿੱਚ ਰਾਸ਼ਟਰਪਤੀ ਸ੍ਰੀਮਤੀ ਦਰੋਪਦੀ ਮੁਰਮੂ ਕਰਨਾਲ ਨਗਰ ਨਿਗਮ ਨੂੰ ਇਹ ਪੁਰਸਕਾਰ ਪ੍ਰਦਾਨ ਕਰੇਗੀ। ਸਵੱਛ ਭਾਰਤ ਮਿਸ਼ਨ ਹਰਿਆਣਾ ਦੇ ਕਾਰਜਕਾਰੀ ਵਾਇਸ ਚੇਅਰਮੈਨ ਸ੍ਰੀ ਸੁਭਾਸ਼ ਚੰਦਰ ਨੇ ਵਿਸਤਾਰ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਇਹ ਕਰਨਾਲ ਸ਼ਹਿਰ ਲਈ ਹੀ ਨਹੀਂ ਸੋਗ ਹਰਿਆਣਾ ਦੇ ਲੋਕਾਂ ਲਈ ਵੀ ਮਾਣ ਦੀ ਗੱਲ ਹੈ ਕਿ ਸੂਬੇ ਦਾ ਇੱਕ ਸ਼ਹਿਰ ਦੇਸ਼ ਦੇਸ਼ ਦੇ 15 ਸਾਫ ਸ਼ਹਿਰਾਂ ਵਿੱਚ ਸ਼ੁਮਾਰ ਹੋਇਆ ਹੈ। ਉਨ੍ਹਾਂ ਨੇ ਦਸਿਆ ਕਿ ਇਸੀ ਤਰ੍ਹਾ ਨਾਲ ਸੋਨੀਪਤ ਨਗਰ ਨਿਗਮ ਨੂੰ ਐਕਸੀਲੈਂਸ ਸਵੱਛਤਾ ਕੰਮਾਂ ਲਈ ਮਿਨਿਸਟ੍ਰਿਅਲ ਅਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਸਵੱਛ ਸਰਵੇਖਣ ਦੇ ਨਤੀਜਿਆਂ ਵਿੱਚ ਕਰਨਾਲ ਤੇ ਸੋਨੀਪਤ ਦੀ ਰੈਂਕਿੰਗ ਸ਼ਹਿਰਾਂ ਦੇ ਵਿਕਾਸ ਅਤੇ ਸਵੱਛਤਾ ਦੇ ਪ੍ਰਤੀ ਸਾਡੀ ਸਾਰਿਆਂ ਦੀ ਪ੍ਰਤੀਬੱਧਤਾ ਨੂੰ ਦਰਸ਼ਾਉਂਦੀ ਹੈ। ਸਾਨੂੰ ਉਮੀਦ ਹੈ ਕਿ ਇਹ ਉਪਲਬਧੀ ਸਾਡੇ ਸ਼ਹਿਰਾਂ ਨੂੰ ਹੋਰ ਵੀ ਸਾਫ ਅਤੇ ਸੁੰਦਰ ਬਨਾਉਣ ਲਈ ਪ੍ਰੇਰਿਤ ਕਰੇਗੀ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਤੇ ਸ਼ਹਿਰੀ ਸਥਾਨਕ ਸਰਕਾਰ ਮੰਤਰੀ ਸ੍ਰੀ ਵਿਪੁਲ ਗੋਇਲ ਦਾ ਵੀ ਸੰਕਲਪ ਹੈ ਕਿ ਹਰਿਆਣਾ ਸੂਬਾ ਨਾ ਸਿਰਫ ਗੰਦਗੀ ਤੋਂ ਮੁਕਤ ਸੂਬਾ ਬਣੇ, ਸਗੋ ਸਾਫ ਸੂਬਾ ਵੀ ਬਣੇ।

## ਮੰਗਵੀਂ ਕਾਰ ਕਾਰਨ ਹੁੰਦੀਆਂ ਸਨ ਕਲੋਲਾ, ਗਿਆਨੀ ਰਘਬੀਰ ਸਿੰਘ ਨੂੰ ਮਜ਼ਬੂਰੀ ਵਸ ਖਰੀਦਣੀ ਪਈ ਨਵੀਂ ਕਾਰ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 14 ਜੁਲਾਈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਪਿਛਲੇ ਦਿਨੀਂ ਕਾਰਸੇਵਾ ਵਾਲਿਆਂ ਤੋਂ ਮੰਗਵੀਂ ਕਾਰ ਲਿਆਉਣ 'ਤੇ ਸੁਰਖੀਆਂ ਵਿਚ ਆ ਗਏ ਸਨ, ਜਿਸ ਤੋਂ ਬਾਅਦ ਉਨ੍ਹਾਂ ਨੂੰ ਪੰਥਕ ਹਲਕਿਆਂ ਦੀਆਂ ਕਲੋਲਾਂ ਦਾ ਸਾਹਮਣਾ ਕਰਨਾ ਪਿਆ ਸੀ। ਇਸ ਤੋਂ ਬਾਅਦ ਆਪਣੀ ਛਵੀ ਨੂੰ ਬਰਕਰਾਰ ਰੱਖਦੇ ਹੋਏ ਗਿਆਨੀ ਨੇ ਇਕ ਨਵੀਂ ਕਾਰ ਖਰੀਦ ਕੇ ਸ੍ਰੀ ਦਰਬਾਰ ਸਾਹਿਬ ਵਲੋਂ ਮਿਲੀ ਰਿਹਾਇਸ਼ ਦੇ ਬਾਹਰ ਖੜ੍ਹੀ ਕਰ ਦਿੱਤੀ ਹੈ, ਜਿਸ ਦੀਆਂ ਅਜੇ ਤਕ ਕਿਸੇ ਨੇ ਵੀ ਵਧਾਈਆਂ ਨਹੀਂ ਦਿੱਤੀਆਂ ਹਨ। ਇਸ ਨਾਲ ਧਰਮ ਵਿਚ ਕਿਤੇ ਨਾ ਕਿਤੇ ਸਿਆਸਤ ਨਜ਼ਰ ਆ ਰਹੀ ਹੈ। ਸੂਤਰਾਂ ਅਨੁਸਾਰ ਗਿਆਨੀ ਰਘਬੀਰ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਧਰਮ ਪ੍ਰਚਾਰ ਕਮੇਟੀ ਦੇ ਪੰਜਾਬ ਪ੍ਰਚਾਰ ਵਿਚ ਇੰਚਾਰਜ ਲਾਉਣ ਦੇ ਚਰਚਿਆਂ ਤੋਂ ਬਾਅਦ ਗਿਆਨੀ ਰਘਬੀਰ ਸਿੰਘ ਦੀਆਂ ਮੁਸ਼ਕਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਜਿੱਥੇ ਪਿਛਲੇ ਦਿਨੀਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਾਹਿਬਾਨ ਪਾਸੋਂ ਦਿੱਤੀਆਂ ਹੋਈਆਂ



ਵਰਤੋ ਲਈ ਕਾਰਾਂ ਵਾਪਸ ਮੰਗਵਾਈਆਂ ਗਈਆਂ ਸਨ, ਉਥੇ ਹੀ ਗਿਆਨੀ ਰਘਬੀਰ ਸਿੰਘ ਨੂੰ ਮੁੱਖ ਗ੍ਰੰਥੀ ਵਜੋਂ ਸਨਮਾਨ ਦਿੰਦੇ ਹੋਏ ਮਿਲੀਆਂ ਕਾਰਾਂ ਵਿਚ ਕੋਈ ਵੀ ਕਟੌਤੀ ਨਹੀਂ ਕੀਤੀ ਗਈ ਪਰ ਕਿਤੇ ਨਾ ਕਿਤੇ ਚੱਲ ਰਹੇ ਵਿਵਾਦ ਵਿਚ ਅਤੇ 9 ਜੂਨ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਖਿਲਾਫ ਆਪਣਾ ਮੁੱਖ ਗ੍ਰੰਥੀ ਦਾ ਅਹੁਦਾ ਬਚਾਉਣ ਲਈ ਕੀਤੇ ਹਾਈ ਕੋਰਟ ਵਿਚ ਕੇਸ ਅਤੇ ਇਕ ਜੁਲਾਈ ਨੂੰ ਉਹੀ ਕੇਸ ਵਾਪਸ ਲੈਣ ਤੋਂ ਬਾਅਦ ਗਿਆਨੀ ਰਘਬੀਰ ਸਿੰਘ ਨੂੰ ਆਪਣਾ ਅਹੁਦਾ ਜਾਂਦਾ ਦਿਖਾਈ ਦੇ ਰਿਹਾ ਸੀ, ਜਿਸ ਦੇ ਚੱਲਦਿਆ ਉਨ੍ਹਾਂ ਨੂੰ ਸ਼ਾਇਦ ਇਹ ਵੀ ਮਹਿਸੂਸ ਹੋਣ ਲੱਗਾ ਕਿ ਸ਼੍ਰੋਮਣੀ ਕਮੇਟੀ ਤੋਂ ਮਿਲੀਆਂ ਗੱਡੀਆਂ ਦਾ ਕਾਫਲਾ ਵੀ ਸ਼੍ਰੋਮਣੀ ਕਮੇਟੀ ਵਾਪਸ ਲੈ ਲਵੇਗੀ। ਸੂਤਰਾਂ ਤੋਂ ਇਹ ਵੀ ਪਤਾ ਚੱਲਿਆ ਹੈ ਕਿ ਗਿਆਨੀ ਰਘਬੀਰ ਸਿੰਘ ਨੇ ਇਸ ਡਰੋਂ ਅੰਮ੍ਰਿਤਸਰ ਸਥਿਤ ਇਕ ਕਾਰਸੇਵਾ ਵਾਲਿਆ ਪਾਸੋਂ ਮੰਗਵੀਂ ਕਾਰ ਲੈ ਕੇ ਦਫਤਰ ਵਲੋਂ ਮਿਲੀ ਰਿਹਾਇਸ਼ ਦੇ ਬਾਹਰ ਖੜ੍ਹੀ ਕਰ ਦਿੱਤੀ ਪਰ ਕਾਰਸੇਵਾ ਵਾਲਿਆਂ ਤੋਂ ਗੱਡੀ ਮੰਗਣ ਦੇ ਚਰਚਿਆਂ ਤੋਂ ਬਾਅਦ ਜੋ ਸਿੰਘ ਸਾਹਿਬ ਨੂੰ ਕਲੋਲਾਂ ਦਾ ਸਾਹਮਣਾ ਕਰਨਾ ਪਿਆ।

## ਨਸ਼ਾ ਤਸਕਾਰਾਂ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ- ਦੀਕਸ਼ਿਤ ਧਵਨ

ਅੰਮ੍ਰਿਤਸਰ 14 ਜੁਲਾਈ। ਪੰਜਾਬ ਸਰਕਾਰ ਦੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨਹਿਤ, ਨਸ਼ਾ ਮੁੱਕਤੀ ਮੋਰਚਾ ਅੰਮ੍ਰਿਤਸਰ (ਸਹਿਰੀ) ਦੀ ਇਕ ਅਹਿਮ ਮੀਟਿੰਗ ਦੀਕਸ਼ਿਤ ਧਵਨ ਜਿਲ੍ਹਾ ਇੰਚਾਰਜ ਨਸ਼ਾ ਮੁੱਕਤੀ ਮੋਰਚਾ ਅੰਮ੍ਰਿਤਸਰ ਸਹਿਰੀ ਵਲੋਂ ਪੁਲਿਸ ਸਬ-ਡਵੀਜਨ ਪੱਛਮੀ ਅਤੇ ਸਬ ਡਵੀਜਨ ਉੱਤਰੀ ਦੇ ਉੱਚ-ਅਧਿਕਾਰੀਆਂ ਨਾਲ ਕੀਤੀ ਗਈ। ਇਸ ਮੀਟਿੰਗ ਵਿੱਚ ਵਾਰਡ ਅਤੇ ਪਿੰਡਾਂ ਲੈਵਲ ਤੇ ਡਿਫੈਂਸ-ਕਮੇਟੀਆਂ ਬਨਾਉਣ ਬਾਰੇ ਵਿਚਾਰ ਕੀਤਾ ਗਿਆ ਅਤੇ ਬਹੁਤ ਹੀ ਜ਼ਲਦੀ ਇੰਨਾ ਡਿਫੈਂਸ ਕਮੇਟੀਆਂ ਦਾ ਗਠਨ ਜਮੀਨੀ ਪੱਧਰ ਤੇ ਕੀਤਾ ਜਾਵੇਗਾ। ਇਸ ਡਿਫੈਂਸ ਕਮੇਟੀਆਂ ਵਿੱਚ ਆਮ ਲੋਕਾਂ ਦੀ ਸ਼ਾਮੂਲੀਅਤ ਨੂੰ ਵੱਧ ਤੋਂ ਵੱਧ ਯਕੀਨੀ ਬਣਿਆ ਜਾਵੇਗਾ,ਤਾਂ ਕੀ ਇਸ ਨਾਲ ਨਸ਼ੇ ਰੂਪੀ ਕੋਹੜ ਨੂੰ ਜੜ੍ਹ ਤੋਂ ਇਸ ਗੁਰੂ ਰਾਮਦਾਸ ਜੀ ਦੀ ਨਗਰੀ ਵਿੱਚੋ ਖਤਮ ਕੀਤਾ ਜਾਸਕ੍ਰੇ ਇਸ ਮੀਟਿੰਗ ਵਿੱਚ ਪੁਲਿਸ ਅਧਿਕਾਰੀ ਵਲੋਂ ਹਰਪਾਲ ਸਿੰਘ ਏਡੀਸੀਪੀ-2, ਸ਼ਿਵ ਦਰਸ਼ਨ ਏਸੀਪੀ ਪੱਛਮੀ, ਰਿਸ਼ਬ ਭੋਲਾ ਏਸੀਪੀ ਉੱਤਰੀ, ਇਸ ਦੇ ਨਾਲ ਐਸਐਚਓ ਸਦਰ-ਹਰਸੰਦੀਪ ਸਿੰਘ, ਐਸਐਚਓ ਸਿਵਲ ਲਾਈਨ ਸਰਮੇਲ ਸਿੰਘ, ਐਸਐਚਓ ਮਜੀਠਾ ਰੋਡ-ਰਣਜੀਤ ਸਿੰਘ, ਐਸਐਚਓ ਰਣਜੀਤ ਐਵੀਨਿਊ-ਰੋਬਿਨ ਹੰਸ, ਐਸਐਚਓ ਕੰਟੋਨਮੈਂਟ-ਮੋਹਿਤ ਕੁਮਾਰ, ਐਸਐਚਓ ਛੇਹਰਟਾ-ਵਿਨੋਦ ਕੁਮਾਰ ਅਤੇ ਚੌਕੀ ਇੰਚਾਰਜ-ਰਾਣੀ ਕਾ ਬਾਗ, ਵਿਜੇ ਨਗਰ ਕੋਰਟ ਕੰਪਲੈਕਸ, ਫੈਜ਼ਪੁਰਾ, ਗਰੀਨ ਐਵੀਨਿਊ, ਮਾਹਲ ਅਤੇ ਨਸ਼ਾ ਮੁੱਕਤੀ ਮੋਰਚੇ ਦੀ ਟੀਮ ਵਲੋਂ ਹਨੀ ਨਾਹਰ, ਸੁਨੀਲ ਕੁਮਾਰ, ਰਾਹਿਲ ਸੇਠ ਕੁਲਵੰਤ ਵਡਾਲੀ, ਅਜੈ ਕੁਮਾਰ, ਰਣਜੀਤ ਸਿੰਘ, ਸੂਰਜ ਮਹਿਰਾ ਨੇ ਸ਼ਿਰਕਤ ਕੀਤੀ।

## ਹੈਰੋਇਨ ਤੇ 2000 ਰੁਪਏ ਡਰੱਗ ਮਨੀ ਸਮੇਤ 2 ਵਿਅਕਤੀ ਗ੍ਰਿਫਤਾਰ

ਗੁਰਦਾਸਪੁਰ 14 ਜੁਲਾਈ। "ਯੁੱਧ ਨਸ਼ੇ ਦੇ ਵਿਰੁੱਧ"ਮੁਹਿੰਮ ਤਹਿਤ ਗੁਰਦਾਸਪੁਰ ਪੁਲਿਸ ਨੇ 14 ਗ੍ਰਾਮ ਹੈਰੋਇਨ ਅਤੇ 2000 ਰੁਪਏ ਡਰੱਗ ਮਨੀ ਸਮੇਤ 2 ਵਿਅਕਤੀਆਂ ਗ੍ਰਿਫਤਾਰ ਕੀਤੇ ਹੈ। ਜਾਣਕਾਰੀ ਅਨੁਸਾਰ ਥਾਣਾ ਧਾਰੀਵਾਲ ਦੀ ਪੁਲਸ ਨੇ ਥੋਮਸ ਮਸੀਹ ਨੂੰ ਕਾਬੂ ਕਰਕੇ ਉਸ ਪਾਸੋਂ 8 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਇਸੇ ਤਰ੍ਹਾਂ ਥਾਣਾ ਕਲਾਨੌਰ ਦੀ ਪੁਲਿਸ ਨੇ ਜਾਖੜ ਨੂੰ ਕਾਬੂ ਕਰਕੇ ਉਸ ਪਾਸੋਂ 6 ਗ੍ਰਾਮ ਹੈਰੋਇਨ ਅਤੇ 2000/- ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ। ਐਸਐਸਪੀ ਆਦਿੱਤਯ ਗੁਰਦਾਸਪੁਰ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਸ ਨੂੰ ਦਿੱਤੀ ਜਾਵੇ। ਉਨ੍ਹਾਂ ਭਰੋਸਾ ਦਿੱਤਾ ਕਿ ਗੈਰ-ਕਾਨੂੰਨੀ/ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਿਲ ਵਿਅਕਤੀਆਂ ਦੇ ਖਿਲਾਫ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨਸ਼ਿਆਂ ਦੇ ਕਾਰੋਬਾਰ ਨੂੰ ਜੜ੍ਹ ਤੋਂ ਖਤਮ ਕਰਨ ਅਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਜ਼ਿਲ੍ਹਾ ਗੁਰਦਾਸਪੁਰ ਦੀ ਪੁਲਸ ਪੂਰੀ ਤਰ੍ਹਾਂ ਵਚਨਬੱਧ ਹੈ।

## ਪੰਜਾਬ ਦੇ ਕਿਸਾਨਾਂ 'ਤੇ ਮੰਡਰਾਉਣ ਲੱਗਾ ਵੱਡਾ ਖ਼ਤਰਾ ! ਖੜ੍ਹੀ ਹੋਈ ਨਵੀਂ ਮੁਸੀਬਤ

ਮੱਲ੍ਹੀਆਂ ਕਲਾਂ 14 ਜੁਲਾਈ। ਦੋਆਬਾ ਖੇਤਰ 'ਚ ਆਲੂ ਦੀ ਫ਼ਸਲ ਤੋਂ ਬਾਅਦ ਸਿਆਲੂ ਮੱਕੀ ਦੀ ਬਿਜਾਈ ਵੱਡੇ ਪੱਧਰ 'ਤੇ ਕੀਤੀ ਜਾਂਦੀ ਹੈ। ਮੱਕੀ ਦੀ ਫ਼ਸਲ ਦੀ ਕਟਾਈ ਜੂਨ ਅਤੇ ਜੁਲਾਈ ਮਹੀਨੇ 'ਚ ਕੀਤੀ ਜਾਂਦੀ ਹੈ। ਇਸ ਵਾਰ ਮੀਂਹ ਕਾਰਨ ਮੱਕੀ ਦੀ ਕਟਾਈ ਅਤੇ ਮੰਡੀ 'ਚ ਮੱਕੀ ਦੀ ਸੁਕਾਈ



ਦਾ ਅਤੇ ਕਟਾਈ ਕੰਮ ਕਾਫ਼ੀ ਪ੍ਰਭਾਵਿਤ ਹੋ ਰਿਹਾ ਹੈ, ਜਿਸ ਨਾਲ ਕਿਸਾਨਾਂ ਤੇ ਵਪਾਰੀ ਅਤੇ ਆੜ੍ਹਤੀਆਂ ਵਰਗ ਦੇ ਫਿਕਰਾਂ ਨਾਲ ਸਾਹ ਸੂਤੇ ਪਏ ਹਨ। ਦੋਨਾ ਇਲਾਕੇ ਪ੍ਰਸਿੱਧ ਆਲੂ ਕਾਸ਼ਤਕਾਰ ਤਰਲੋਚਨ ਸਿੰਘ ਸੰਘਾ, ਜਵਾਹਰ ਲਾਲ ਖੁੰਗਰ, ਸਰਪੰਚ ਮੁਖਤਿਆਰ ਸਿੰਘ ਹੇਰ, ਅਵਤਾਰ ਸਿੰਘ ਮੱਲ੍ਹੀ, ਹਰਵਿੰਦਰ ਸਿੰਘ ਸਿੱਧੂ, ਨੰਬਰਦਾਰ ਗੁਰਸ਼ਰਨ ਸਿੰਘ ਰਸੂਲਪੁਰ ਕਲਾਂ, ਮਲਕੀਤ ਸਿੰਘ ਬੜੈਚ, ਗੁਰਪ੍ਰੀਤ ਸਿੰਘ ਮੁੰਧ, ਮਲਕੀਤ ਸਿੰਘ ਰਸੂਲਪੁਰ ਕਲਾਂ, ਹਰਪ੍ਰੀਤਪਾਲ ਸਿੰਘ ਡਿੰਪਲ, ਸੁਰਜੀਤ ਸਿੰਘ ਟੁਰਨਾ, ਬਲਕਾਰ ਸਿੰਘ ਚਮਦਲ, ਨਿਰਮਲ ਸਿੰਘ ਮੱਲ੍ਹੀ ਅਤੇ ਰਾਜਾ ਹੁੰਦਲ ਨੇ ਇਲਾਕੇ ਅੰਦਰ ਪੈ ਰਹੀ ਮੀਂਹ 'ਤੇ ਚਿੰਤਾ ਜ਼ਾਹਰ ਕਰਦਿਆਂ ਦੱਸਿਆ ਕਿ ਕਿਸਾਨਾਂ ਵੱਲੋਂ ਵੇਚੀ ਗਈ ਮੱਕੀ ਦੀ ਫ਼ਸਲ ਮੰਡੀਆਂ 'ਚ ਸੁਕਾਉਣ ਵਾਸਤੇ ਖਿਲਾਰੀ ਪਈ ਹੈ, ਜਿਸ ਦੇ ਮੀਂਹ ਅਤੇ ਨਮੀ ਕਾਰਨ ਖ਼ਰਾਬ ਹੋਣ ਖ਼ਦਸ਼ਾ ਬਣਿਆ ਹੋਇਆ ਹੈ। ਆੜ੍ਹਤੀਆਂ ਨੂੰ ਕੁਦਰਤ ਦੀ ਮਾਰ ਅਤੇ ਦੋਹਰੀ ਲੇਬਰ ਦੇਣੀ ਪੈ ਰਹੀ ਹੈ।

## 302 ਖਾਲੀ ਪਲਾਟ ਮਾਲਕਾਂ 'ਤੇ ਹੋ ਗਈ ਕਾਰਵਾਈ, ਨੋਟਿਸ ਜਾਰੀ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 14 ਜੁਲਾਈ। ਨਗਰ ਨਿਗਮ ਅੰਮ੍ਰਿਤਸਰ ਨੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ 'ਚ ਸਥਿਤ ਖਾਲੀ ਪਏ ਪਲਾਟਾਂ, ਜਿਨ੍ਹਾਂ 'ਚ ਕੂੜਾ ਕਰਕਟ, ਗੰਦਗੀ ਅਤੇ ਬਰਸਾਤ ਦਾ ਗੰਦਾ ਪਾਣੀ ਇਕੱਠਾ ਹੁੰਦਾ ਹੈ, ਉਨ੍ਹਾਂ ਦੇ ਮਾਲਕਾਂ ਖਿਲਾਫ ਵੱਡੀ ਕਾਰਵਾਈ ਆਰੰਭੀ ਦਿੱਤੀ ਹੈ। ਨਗਰ ਨਿਗਮ ਦੇ ਸਿਹਤ ਵਿਭਾਗ ਵੱਲੋਂ 302 ਪਲਾਟ ਮਾਲਕਾਂ ਦੇ ਚਲਾਨ ਕੱਟੇ, ਜੁਰਮਾਨਾ ਲਾਇਆ ਅਤੇ 2 ਦਿਨ ਦੇ ਅੰਦਰ ਸਫਾਈ ਕਰਵਾਉਣ ਦੇ ਨੋਟਿਸ ਜਾਰੀ ਕੀਤੇ ਗਏ ਹਨ। ਪੂਰਬੀ ਜ਼ੋਨ 'ਚ 35, ਪੱਛਮੀ ਜ਼ੋਨ 55, ਕੇਂਦਰੀ ਜ਼ੋਨ 'ਚ 73, ਉੱਤਰੀ ਜ਼ੋਨ 'ਚ 60, ਦੱਖਣੀ ਜ਼ੋਨ 'ਚ 79 ਚਲਾਨ ਕੱਟੇ ਗਏ ਹਨ। ਹਾਲ ਹੀ 'ਚ ਡਿਪਟੀ ਕਮਿਸ਼ਨਰ ਵੱਲੋਂ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਅੰਮ੍ਰਿਤਸਰ ਦੀ ਹਦੂਦ 'ਚ ਨਿੱਜੀ ਕਬਜ਼ੇ, ਮਾਲਕੀ ਵਾਲੇ ਖਾਲੀ ਪਏ ਪਲਾਟਾਂ 'ਚ ਕੂੜਾ ਕਰਕਟ, ਗੰਦਗੀ ਅਤੇ ਬਰਸਾਤ ਦੇ ਗੰਦੇ ਪਾਣੀ ਦੇ ਇਕੱਠੇ ਹੋਣ ਕਾਰਨ ਹੋਣ ਵਾਲੀਆਂ ਬੀਮਾਰੀਆਂ ਤੋਂ ਬਚਾਅ ਲਈ ਨਗਰ ਨਿਗਮ ਨੂੰ ਢੁੱਕਵੇਂ ਕਦਮ ਚੁੱਕਣ ਲਈ ਕਿਹਾ ਗਿਆ ਸੀ, ਜਿਸ 'ਤੇ ਨਗਰ ਨਿਗਮ ਦੇ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵੱਲੋਂ ਨਿਗਮ ਦੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਇਨ੍ਹਾਂ ਖਾਲੀ ਪਲਾਟਾਂ ਦੇ ਮਾਲਕਾਂ ਖਿਲਾਫ ਕਾਰਵਾਈ ਕਰਨ ਲਈ ਹਦਾਇਤਾਂ ਕੀਤੀਆਂ ਗਈਆਂ ਸਨ। ਸਿਹਤ ਅਧਿਕੀਰਆਂ ਡਾ. ਕਿਰਨ, ਡਾ. ਯੋਗੇਸ਼ ਅਰੋੜਾ ਅਤੇ ਏ. ਐੱਮ. ਓ. ਐੱਚ. ਡਾ. ਰਮਾ ਅਨੁਸਾਰ ਸਿਹਤ ਵਿਭਾਗ




ਵੱਲੋਂ ਪੰਜਾਂ ਜ਼ੋਨਾਂ 'ਚ 302 ਚਲਾਨ ਜਾਰੀ ਕੀਤੇ ਗਏ ਹਨ ਅਤੇ ਦੋ ਦਿਨ ਦਾ ਨੋਟਿਸ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਚਲਾਨਾਂ ਤਹਿਤ ਪਲਾਟ ਮਾਲਕਾਂ ਨੂੰ ਜੁਰਮਾਨਾ ਵੀ ਕੀਤਾ ਜਾਵੇਗਾ। ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਖਾਲੀ ਪਲਾਟਾਂ 'ਚ ਪਿਆ ਕੂੜਾ-ਕਰਕਟ, ਗੰਦਗੀ ਅਤੇ ਬਰਸਾਤ ਦਾ ਗੰਦਾ ਪਾਣੀ ਸ਼ਹਿਰ ਵਾਸੀਆਂ ਦੀ ਸਿਹਤ ਲਈ ਬਹੁਤ ਨੁਕਸਾਨਦੇਹ ਹੈ ਕਿਉਂਕਿ ਇਸ ਨਾਲ ਕਈ ਤਰ੍ਹਾਂ ਦੇ ਕੀਟਾਣੂ ਪੈਦਾ ਹੁੰਦੇ ਹਨ ਅਤੇ ਬੀਮਾਰੀਆਂ ਫੈਲਣ ਦਾ ਡਰ ਰਹਿੰਦਾ ਹੈ। ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਸਖ਼ਤ ਹਦਾਇਤ ਦਿੱਤੀ ਕਿ ਆਪਣੇ ਅਧੀਨ ਆਉਂਦੇ ਜ਼ੋਨਾਂ 'ਚ ਜਿੱਥੇ-ਜਿੱਥੇ ਵੀ ਖਾਲੀ ਪਲਾਟ ਹਨ ਅਤੇ ਜਿਨ੍ਹਾਂ 'ਚ ਕੂੜਾ ਕਰਕਟ, ਗੰਦਗੀ ਜਾਂ ਬਰਸਾਤ ਦਾ ਗੰਦਾ ਪਾਣੀ ਖੜ੍ਹਾ ਹੈ, ਉਨ੍ਹਾਂ ਪਲਾਟ ਮਾਲਕਾਂ ਦੇ ਚਲਾਨ ਕੱਟੇ ਜਾਣ ਅਤੇ ਨੋਟਿਸ ਜਾਰੀ ਕੀਤੇ ਜਾਣ ਕਿ ਉਹ ਆਪਣੇ ਪਲਾਟਾਂ ਦੀ ਸਫਾਈ ਦੋ ਦਿਨਾਂ 'ਚ ਕਰਵਾ ਲੈਣ, ਨਹੀਂ ਤਾਂ ਨਗਰ ਨਿਗਮ ਵੱਲੋਂ ਆਪਣੇ ਪੱਧਰ 'ਤੇ ਸਫਾਈ ਕਰਵਾਏ ਜਾਣ ਅਤੇ ਇਸ 'ਤੇ ਆਉਣ ਵਾਲੇ ਖਰਚੇ ਦੀ ਭਰਪਾਈ ਉਨ੍ਹਾਂ ਕੋਲੋਂ ਕੀਤੀ ਜਾਵੇਗੀ। ਵਧੀਕ ਡਿਪਟੀ ਕਮਿਸ਼ਨਰ (ਯੂ. ਡੀ.) ਡਾ. ਅਮਨਦੀਪ ਕੌਰ ਨੇ ਸ਼ਹਿਰ 'ਚ ਖਾਲੀ ਪਏ ਪਲਾਟਾਂ 'ਚੋਂ ਕੂੜਾ ਕਰਕਟ ਹਟਾਉਣ ਅਤੇ ਗੰਦਾ ਪਾਣੀ ਆਦਿ ਕੱਢਣ ਲਈ ਡੀ. ਸੀ. ਵੱਲੋਂ ਜਾਰੀ ਕੀਤੇ ਗਏ ਹੁਕਮਾਂ 'ਚ ਦਰਜ ਹਦਾਇਤਾਂ ਅਨੁਸਾਰ ਖਾਲੀ ਪਲਾਟ ਮਾਲਕਾਂ ਨੂੰ ਨੋਟਿਸ ਜਾਰੀ ਕੀਤੇ ਜਾਣ ਸਬੰਧੀ ਅੰਮ੍ਰਿਤਸਰ ਜ਼ਿਲੇ ਦੇ ਸਮੂਹ ਨਗਰ ਕੌਂਸਲਾਂ/ਪੰਚਾਇਤਾਂ ਜ਼ਿਲਾ ਅੰਮ੍ਰਿਤਸਰ ਦੇ ਕਾਰਜਸਾਧਕ ਅਫ਼ਸਰਾਂ ਅਤੇ ਸੈਨਟਰੀ ਬ੍ਰਾਂਚ ਦੇ ਸਟਾਫ਼ ਨਾਲ ਵਿਸ਼ੇਸ਼ ਮੀਟਿੰਗ ਕੀਤੀ।

## ਬਜ਼ੁਰਗ ਔਰਤ ਦੇ ਗਹਿਣੇ ਲਾਹ ਕੇ ਤੇ ਨਕਦੀ ਲੈ ਕੇ ਫਰਾਰ ਹੋਏ ਲੁਟੇਰੇ

ਬਟਾਲਾ 14 ਜੁਲਾਈ। ਦੋ ਅਣਪਛਾਤੇ ਮੋਟਰਸਾਈਕਲ ਸਵਾਰ ਨੌਜਵਾਨਾਂ ਵਲੋਂ ਇਕ ਬਜ਼ੁਰਗ ਔਰਤ ਕੋਲੋਂ ਗਹਿਣੇ ਤੇ ਨਕਦੀ ਲੈ ਕੇ ਫਰਾਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਸਿਟੀ ਦੇ ਐੱਸ.ਆਈ ਜੰਗ ਬਹਾਦਰ ਨੇ ਦੱਸਿਆ ਕਿ ਪੁਲਸ ਨੂੰ ਦਰਜ ਕਰਵਾਏ ਬਿਆਨ ਵਿਚ ਵਿਕਾਸ ਅਗਰਵਾਲ ਪੁੱਤਰ ਕੀਮਤੀ ਲਾਲ ਵਾਸੀ ਨੇੜੇ ਗੁਰਦੁਆਰਾ ਸ੍ਰੀ ਕੰਧ ਸਾਹਿਬ ਬਟਾਲਾ ਨੇ ਲਿਖਵਾਇਆ ਹੈ ਕਿ ਉਹ ਆਪਣੇ ਘਰ ਵਿਚ ਰੋਟੀ ਖਾ ਰਿਹਾ ਸੀ ਕਿ ਦੁਪਹਿਰ ਚਾਰ ਦੇ ਕਰੀਬ ਉਸਦੀ ਮਾਤਾ ਲਤਾ ਰਾਣੀ ਤੇ ਪਿਤਾ ਕੀਮਤੀ ਲਾਲ ਨੇ ਉਸ ਨੂੰ ਆਪਣੀ ਕਰਿਆਨੇ ਦੀ ਦੁਕਾਨ 'ਤੇ ਆਵਾਜ਼ ਲਗਾਈ ਅਤੇ ਜਦੋਂ ਉਹ ਹੇਠਾਂ ਆਇਆ ਤਾਂ ਉਸਦੇ ਮਾਪਿਆਂ ਦੱਸਿਆ ਕਿ ਦੋ ਅਣਪਛਾਤੇ ਮੋਟਰਸਾਈਕਲ ਸਵਾਰ ਵਿਅਕਤੀਆਂ ਨੇ ਉਸਦੀ ਮਾਤਾ ਦੀਆਂ ਦੋਵੇਂ ਬਾਹਾਂ ਨੂੰ ਫੜ ਕੇ ਉਸਦੇ ਕੰਨਾਂ ਵਿਚੋਂ ਪਾਏ 8/9 ਗ੍ਰਾਮ ਦੇ ਸੋਨੇ ਦੇ ਟਾਪਸ, 4/5 ਗ੍ਰਾਮ ਸੋਨੇ ਦੀ ਮੁੰਦਰੀ ਉਤਾਰ ਲਈ ਅਤੇ ਗੱਲੇ ਵਿਚ ਪਏ ਕਰੀਬ 1200 ਰੁਪਏ ਕੱਢ ਕੇ ਮੋਟਰਸਾਈਕਲ 'ਤੇ ਫਰਾਰ ਹੋ ਗਏ। ਉਕਤ ਪੁਲਸ ਅਧਿਕਾਰੀ ਨੇ ਅੱਗੇ ਦੱਸਿਆ ਕਿ ਉਕਤ ਮਾਮਲੇ ਸਬੰਧੀ ਕਾਰਵਾਈ ਕਰਦਿਆਂ ਉਕਤ ਬਿਆਨਕਰਤਾ ਦੇ ਬਿਆਨ 'ਤੇ ਦੋ ਅਣਪਛਾਤਿਆਂ ਖਿਲਾਫ ਥਾਣਾ ਸਿਟੀ ਵਿਚ ਕੇਸ ਦਰਜ ਕਰ ਦਿੱਤਾ ਗਿਆ ਹੈ।

# ਭਿਵਾਨੀ ਵਿੱਚ ਆਯੋਜਿਤ ਹੋਇਆ ਰਾਜ ਪੱਧਰੀ ਮਹਾਰਾਜਾ ਦੱਕਸ਼ ਪ੍ਰਜਾਪਤੀ ਜੈਯੰਤੀ ਸਮਾਰੋਹ

**ਕੌਮੀ ਪਤ੍ਰਿਕਾ**

ਚੰਡੀਗੜ੍ਹ, 14 ਜੁਲਾਈ: ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੈ ਕਿਹਾ ਕਿ ਮਿੱਟੀ ਨਾਲ ਭਾਂਡੇ ਬਨਾਉਣ ਦੀ ਕਲਾ ਸਾਡੀ ਅਮੁੱਲ ਧਰੋਹਰ ਹੈ, ਮਿੱਟੀ ਦੇ ਭਾਂਡੇ ਬਨਾਉਣਾ ਸਿਰਫ ਇੱਕ ਕਲਾ ਹੀ ਨਹੀਂ ਹੈ ਸੋਗ ਪ੍ਰਜਾਪਤ ਸਮਾਜ ਦੀ ਕਲਾਤਮਕ ਸੋਚ, ਉਸ ਦੀ ਕੁਸ਼ਲਤਾ ਅਤੇ ਸਕਿਲ ਦਾ ਪ੍ਰਤੀਕ ਹੈ। ਸਰਕਾਰ ਦਾ ਦ੍ਰਿੜ ਸੰਕਲਪ ਹੈ ਕਿ ਹਰਿਆਣਾ ਦੇ ਹਰ ਮਿਹਨਤਕਸ਼ ਨੂੰ ਸਨਮਾਨ ਮਿਲੇ, ਉਸ ਨੂੰ ਤਾਕਤ ਮਿਲੇ ਅਤੇ ਉਸ ਦੀ ਪ੍ਰਗਤੀ ਦੇ ਨਵੇਂ ਰਸਤੇ ਖੁੱਲਣ। ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਇਹ ਗੱਲ ਅੱਜ ਜਿਲ੍ਹਾ ਭਿਵਾਨੀ ਵਿੱਚ ਆਯੋਜਿਤ ਰਾਜ ਪੱਧਰੀ ਮਹਾਰਾਜਾ ਦੱਕਸ਼ ਪ੍ਰਜਾਪਤੀ ਜੈਯੰਤੀ ਸਮਾਰੋਹ ਵਿੱਚ ਮੌਜੂਦ ਜਨਸਮੂਹ ਨੂੰ ਸੰਬੋਧਿਤ ਕਰਦੇ ਹੋਏ ਕਹੀ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੈ ਮਹਾਰਾਜਾ ਦੱਕਸ਼ ਪ੍ਰਜਾਪਤੀ ਦੇ ਫੋਟੋ 'ਤੇ ਪੁਸ਼ਪ ਅਰਪਿਤ ਕਰ ਉਨ੍ਹਾਂ ਨੂੰ ਨਮਨ ਕੀਤਾ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਅਨੇਕ ਵੱਡੇ ਐਲਾਨ ਕੀਤੇ ਅਤੇ ਭਿਵਾਨੀ ਜਿਲ੍ਹਾ ਨੂੰ ਵਿਕਾਸ ਕੰਮਾਂ ਦੀ ਸੌਗਾਤ ਦਿੰਦੇ ਹੋਏ 234 ਕਰੋੜ 38 ਲੱਖ ਰੁਪਏ ਦੀ ਲਾਗਤ ਦੀ 19 ਪਰਿਯੋਜਨਾਵਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ। ਇਸ ਵਿੱਚ 87 ਕਰੋੜ 42 ਲੱਖ ਰੁਪਏ ਦੀ ਲਾਗਤ ਦੀ 6 ਪਰਿਯੋਜਨਾਵਾਂ ਦੇ ਉਦਘਾਟਨ ਅਤੇ ਲਗਭਗ 147 ਕਰੋੜ ਰੁਪਏ ਲਾਗਤ ਦੀ 13 ਪ੍ਰੋਜੈਕਟਾਂ ਦਾ ਨੀਂਹ ਪੱਥਰ ਸ਼ਾਮਿਲ ਹੈ। ਮੁੱਖ ਮੰਤਰੀ ਨੇ ਭਿਵਾਨੀ ਜਿਲ੍ਹਾ ਦੇ ਪ੍ਰਜਾਪਤੀ ਸਮਾਜ ਦੇ ਲਾਭਕਾਰਾਂ ਨੂੰ ਪ੍ਰਦਾਨ ਕੀਤੇ ਜਮੀਨ ਦੇ ਅਧਿਕਾਰ ਪੱਤਰ ਉਨ੍ਹਾਂ ਨੇ ਐਲਾਨ ਕਰਦੇ ਹੋਏ ਕਿਹਾ ਕਿ ਅਗਲੇ 15 ਦਿਨਾਂ ਵਿੱਚ ਸੂਬੇ ਦੇ 2 ਹਜਾਰ ਪਿੰਡਾਂ ਵਿੱਚ ਜਿੱਥੇ ਪੰਚਾਇਤੀ ਭੂਮੀ ਉਪਲਬਧ ਹੈ, ਉੱਥੇ ਪ੍ਰਜਾਪਤੀ ਸਮਾਜ ਨੂੰ ਭੂਮੀ ਉਪਲਬਧ ਕਰਵਾ ਦਿੱਤੀ ਜਾਵੇਗੀ ਤਾਂ ਜੋ ਉਨ੍ਹਾਂ ਨੂੰ ਮਿੱਟੀ ਦੇ ਭਾਂਡੇ ਬਨਾਉਣ ਲਈ ਮਿੱਟੀ ਜੁਟਾਉਣ ਵਿੱਚ ਮੁਸ਼ਕਲ ਨਾ ਆਵੇ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਖਸਰਾ ਨੰਬਰ ਸਮੇਤ ਜਮੀਨ ਦੀ ਪੂਰੀ ਜਾਣਕਾਰੀ ਉਪਲਬਧ ਕਰਵਾਈ ਜਾਵੇਗੀ। ਇਸ ਮੌਕੇ 'ਤੇ ਉਨ੍ਹਾਂ ਨੇ ਭਿਵਾਨੀ ਜਿਲ੍ਹਾ ਦੇ ਪ੍ਰਜਾਪਤੀ ਸਮਾਜ ਦੇ ਲਾਭਕਾਰਾਂ ਨੂੰ ਜਮੀਨ ਦੇ ਅਧਿਕਾਰ ਪੱਤਰ ਵੀ ਪ੍ਰਦਾਨ ਕੀਤੇ। ਉਨ੍ਹਾਂ ਨੇ ਇਹ ਵੀ ਐਲਾਨ ਕੀਤਾ ਕਿ ਸੂਖਮ ਉਦਯੋਗ ਸ਼ੁਰੂ ਕਰਨ ਵਾਲੇ ਪ੍ਰਜਾਪਤੀ ਕਮਿਉਨਿਟੀ ਦੇ ਲੋਕਾਂ ਨੂੰ ਹਰਿਆਣਾ ਗ੍ਰਾਮੀਣ ਉਦਯੋਗਿਕ ਯੋਜਨਾ ਤਹਿਤ ਮਾਲੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਇਸ ਦੇ ਤਹਿਤ ਸੂਬੇ ਦੇ ਬੀ, ਸੀ ਅਤੇ ਡੀ ਸ਼?ਰੇਣੀ ਦੇ ਬਲਾਕਾਂ ਵਿੱਚ ਮਸ਼ੀਨਰੀ ਅਤੇ ਭਵਨ ਨਿਰਮਾਣ 'ਤੇ ਕੀਤੇ ਗਏ ਨਿਵੇਸ਼ 'ਤੇ 15 ਫੀਸਦੀ ਦੀ ਦਰ ਨਾਲ ਪੂੰਜੀਗਤ ਸਬਸਿਡੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ, 7 ਸਾਲਾਂ ਲਈ ਮਿਆਦੀ ਕਰਜੇ 'ਤੇ 7 ਫੀਸਦੀ ਜਾਂ ਵੱਧ ਤੋਂ ਵੱਧ 8 ਲੱਖ ਰੁਪਏ ਪ੍ਰਤੀ ਸਾਲ ਦੀ ਦਰ ਨਾਲ ਵਿਆਜ ਸਬਸਿਡੀ ਵੀ ਦਿੱਤੀ ਜਾਵੇਗੀ। ਸਮਾਜ ਦੀ ਧਰਮਸ਼ਾਲਾਵਾਂ ਵਿੱਚ ਵੱਖ-ਵੱਖ ਕੰਮਾਂ ਲਈ 1 ਕਰੋੜ 29 ਲੱਖ ਰੁਪਏ ਦੇਣ ਦਾ ਐਲਾਨ ਮੁੱਖ ਮੰਤਰੀ ਨੇ ਸਮਾਜ ਦੇ ਮੰਗ ਪੱਤਰ ਨੂੰ ਮੰਜੂਰ ਕਰਦੇ ਹੋਏ ਸੂਬੇ ਵਿੱਚ ਸਮਾਜ ਦੀ ਧਰਮਸ਼ਾਲਾਵਾਂ ਵਿੱਚ ਵੱਖ-ਵੱਖ ਕੰਮਾਂ ਲਈ ਕੁੱਲ 1 ਕਰੋੜ 29 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਜਿਸ ਵਿੱਚ ਮੁੱਖ ਮੰਤਰੀ ਨੇ 31 ਲੱਖ ਰੁਪਏ, ਕੈਬੀਨੇਟ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ 21 ਲੱਖ ਰੁਪਏ ਅਤੇ ਸ੍ਰੀ ਕ੍ਰਿਸ਼ਣ ਲਾਲ ਪੰਵਾਰ, ਸ੍ਰੀ ਮਹੀਪਾਲ ਢਾਂਡਾ, ਡਾ. ਅਰਵਿੰਦ ਸ਼ਰਮਾ, ਸ੍ਰੀ ਕ੍ਰਿਸ਼ਣ ਕੁਮਾਰ ਬੇਦੀ, ਸ੍ਰੀਮਤੀ ਸ਼ਰੂਤੀ ਚੌਧਰੀ, ਸਾਂਸਦ ਸ੍ਰੀ ਧਰਮਬੀਰ ਸਿੰਘ ਤੇ ਸ੍ਰੀ ਰਾਮਚੰਦਰ ਜਾਂਗੜਾ ਵੱਲੋਂ 11-11 ਲੱਖ ਰੁਪਏ ਦੀ ਰਕਮ ਸ਼ਾਮਿਲ ਹੈ। ਸ੍ਰੀ ਨਾਇਬ ਸਿੰਘ ਸੈਣੀ ਨੇ ਭਿਵਾਨੀ ਵਿਧਾਨਸਭਾ ਖੇਤਰ ਵਿੱਚ 20 ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਕੰਮਾਂ ਦੇ ਕੀਤੇ ਐਲਾਨ ਮੁੱਖ ਮੰਤਰੀ ਨੇ ਜਿਲ੍ਹਾ ਭਿਵਾਨੀ ਦੇ ਪਿੰਡ ਹਾਲੂਵਾਰ ਮਾਜਰਾ, ਧਿਰਾਣਾ ਮਾਜਰਾ ਅਤੇ ਦੇਵਸਰ ਦੇ ਸਬ-ਸਿਹਤ ਸੈਂਟਰਾਂ ਦੇ ਨਵੀਨੀਕਰਣ ਲਈ 1 ਕਰੋੜ 66 ਲੱਖ ਰੁਪਏ, ਭਿਵਾਨੀ ਨਵੀਂ ਅਨਾਜ ਮੰਡੀ ਵਿੱਚ ਵੱਧ ਦੋ ਕਵਰ ਸ਼ੈਡ ਦੇ ਨਿਰਮਾਣ ਲਈ 3 ਕਰੋੜ 50 ਲੱਖ ਰੁਪਏ, ਭਿਵਾਨੀ ਨਵੀਂ ਅਨਾਜ ਮੰਡੀ ਵਿੱਚ ਨਵੀਂ ਸੜਕ ਦੇ ਨਿਰਮਾਣ ਲਈ 4 ਕਰੋੜ 50 ਲੱਖ ਰੁਪਏ, ਨਵੀਂ ਅਨਾਜ ਮੰਡੀ ਦੀ ਚਾਰਦੀਵਾਰੀ ਲਈ 80 ਲੱਖ ਰੁਪਏ, ਅਨਾਜ ਮੰਡੀ ਦੇ ਨਾਲ ਲਗਦੇ ਮਾਰਕਿਟ ਬੋਰਡ ਦੇ ਗੋਦਾਮਾਂ ਨੂੰ ਉੱਚਾ ਚੁੱਕਣ ਲਈ 3 ਕਰੋੜ 50 ਲੱਖ ਰੁਪਏ, ਪਸ਼ੂਆਂ ਦੇ ਪੀਣ ਦੇ ਪਾਣੀ ਦੀ ਵਿਵਸਥਾ ਲਈ ਜਿਲ੍ਹਾ ਦੇ ਨੰਦਗਾਂਓ ਤੋਂ ਬਾਬਾ ਵਾਲਾ ਜੋਹੜ ਨੂੰ ਰਾਜਗੜ੍ਹ ਮਾਈਨਰ ਤੋਂ ਪਾਇਪਲਾਇਨ ਰਾਹੀਂ ਜੋੜਨ ਲਈ 49 ਲੱਖ 33 ਹਜਾਰ ਰੁਪਏ, ਨੰਦਗਾਂਓ ਵਿੱਚ ਦੋਨਾਂ ਜੋਹੜਾਂ ਦੀ ਰਿਟੇਨਿੰਗ ਵਾਲ ਦੇ ਨਿਰਮਾਣ ਅਤੇ ਸੁੰਦਰੀਕਰਣ ਲਈ 2 ਕਰੋੜ ਰੁਪਏ, ਭਿਵਾਨੀ ਦੀ 6 ਵੱਖ-ਵੱਖ ਧਰਮਸ਼ਾਲਾਵਾਂ ਦਰਬਲਨਾਥ ਖਟੀਕ ਧਰਮਸ਼ਾਲਾ, ਧਾਨਕ ਧਰਮਸ਼ਾਲਾ, ਕਬੀਰ ਧਰਮਸ਼ਾਲਾ, ਸਨਾਤਮ ਧਰਮਸ਼ਾਲਾ, ਵੀਰਵਾਰ ਪਾਣਾ ਧਰਮਸ਼ਾਲਾ ਅਤੇ ਭਾਟਾਭਗੜੀ ਧਰਮਸ਼ਾਲਾ ਵਿੱਚ ਹਾਲ ਤੇ ਵੱਖ-ਵੱਖ ਕੰਮਾਂ ਲਈ 1 ਕਰੋੜ 50 ਲੱਖ ਰੁਪਏ, ਪਿੰਡ ਕੋਟ, ਹਾਲੂਵਾਸ ਅਤੇ ਹਾਲੂਵਾਸ ਮਾਜਰਾ ਦੇਵਸਰ ਵਿੱਚ ਕਮਿਊਨਿਟੀ ਸੈਂਟਰਾਂ ਦੇ ਨਿਰਮਾਣ ਲਈ 3 ਕਰੋੜ 5 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਤੋਂ ਇਲਾਵਾ, ਉਨ੍ਹਾਂ ਨੇ ਭਿਵਾਨੀ ਵਿਧਾਨਸਭਾ ਦੇ ਸ਼ਹਿਰ ਤੇ ਪਿੰਡ ਵਿੱਚ ਵੱਖ-ਵੱਖ ਵਿਕਾਸ ਕੰਮਾਂ ਲਈ ਵੱਧ ਤੋਂ 5 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ। ਮੁੱਖ ਮੰਤਰੀ ਨੈ ਮਹਾਰਾਜਾ ਦਕਸ਼ ਪ੍ਰਜਾਪਤੀ ਨੂੰ ਨਮਨ ਕਰਦੇ ਹੋਏ ਕਿਹਾ ਕਿ ਉਹ ਇੱਕ ਮਹਾਨ ਰਾਜਾ, ਦੂਰਦ੍ਰਿਸ਼ਟੀ, ਕੁਸ਼ਲ ਪ੍ਰਸਾਸ਼ਕ ਅਤੇ ਸ੍ਰਿਸ਼ਟੀ ਦੇ ਵਿਸਤਾਰਕ ਸਨ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਗੁਰਦਾਸਪੁਰ ਪੁਲਸ ਵੱਲੋਂ ਨਸ਼ੀਲੇ ਪਦਾਰਥਾਂ ਸਮੇਤ 12 ਮੁਲਜ਼ਮ ਗ੍ਰਿਫਤਾਰ

**ਕੌਮੀ ਪਤ੍ਰਿਕਾ**

ਗੁਰਦਾਸਪੁਰ 14 ਜੁਲਾਈ। ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਐਲਾਨੇ "ਯੁੱਧ ਨਸ਼ੇ ਦੇ ਵਿਰੁੱਧ"ਮੁਹਿੰਮ ਤਹਿਤ ਡਾਇਰੈਕਟਰ ਜਨਰਲ ਪੁਲਸ, ਪੰਜਾਬ ਅਤੇ ਡਿਪਟੀ ਇੰਸਪੈਕਟਰ ਜਨਰਲ ਪੁਲਸ, ਬਾਰਡਰ ਰੇਂਜ, ਅੰਮ੍ਰਿਤਸਰ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਗੁਰਦਾਸਪੁਰ ਵੱਲੋਂ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਲਗਾਤਾਰ ਜਾਰੀ ਹੈ ਅਤੇ ਗੁਰਦਾਸਪੁਰ ਪੁਲਸ ਨੇ 12 ਦੋਸ਼ੀਆਂ ਨੂੰ ਨਸ਼ੀਲੇ ਪਦਾਰਥਾਂ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਆਦਿੱਤਯ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਚਲਾਏ ਜਾ ਯੁੱਧ ਨਸ਼ਿਆਂ ਵਿਰੁੱਧ ਤਹਿਤ ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਦੱਸਿਆ ਕਿ ਥਾਣਾ ਕਾਹਨੂੰਵਾਨ ਵਿਖੇ ਵਿਜੇ ਮਸੀਹ ਅਤੇ ਅਕਾਸ਼ਦੀਪ ਸਿੰਘ ਨੂੰ ਮੋਟਰਸਾਈਕਲ ਸਮੇਤ ਕਾਬੂ ਕਰਕੇ ਉਸ ਪਾਸੋਂ 10 ਗ੍ਰਾਮ ਹੈਰੋਇੰਨ ਅਤੇ ਇਲੈਕਟ੍ਰੋਨਿਕ ਕੰਡਾ ਬ੍ਰਾਮਦ ਕੀਤਾ ਗਿਆ ਹੈ। ਇਸ ਉਪਰੰਤ ਪੁਲਸ ਵੱਲੋਂ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21-61-85 ਐਨ.ਡੀ.ਪੀ.ਸੀ. ਐਕਟ ਤਹਿਤ ਥਾਣਾ ਕਾਹਨੂੰਵਾਨ ਵਿਖੇ ਦਰਜ ਰਜਿਸਟਰ ਕੀਤਾ ਗਿਆ ਹੈ। ਐੱਸ.ਐੱਸ.ਪੀ. ਗੁਰਦਾਸਪੁਰ ਨੇ ਅੱਗੇ ਦੱਸਿਆ ਕਿ ਥਾਣਾ ਭੈਣੀ ਮੀਆਂ ਖਾਂ ਦੀ ਪੁਲਿਸ ਵੱਲੋਂ ਅਕਾਸ਼ ਕੁਮਾਰ ਨੂੰ ਕਾਬੂ ਕਰਕੇ ਉਸ ਪਾਸੋਂ 08 ਗ੍ਰਾਮ 47 ਮਿਲੀਗ੍ਰਾਮ ਹੈਰੋਇੰਨ ਬ੍ਰਾਮਦ ਕੀਤੀ ਹੈ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21(ਬੀ)-61-85 ਐਨ.ਡੀ.ਪੀ.ਸੀ. ਐਕਟ ਤਹਿਤ ਥਾਣਾ ਭੈਣੀ ਮੀਆਂ ਖਾਂ ਵਿਖੇ ਦਰਜ ਰਜਿਸਟਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਥਾਣਾ ਸਿਟੀ ਗੁਰਦਾਸਪੁਰ ਵਿਖੇ ਸੁਰਿੰਦਰ ਪਾਲ ਨੂੰ ਕਾਬੂ ਕਰਕੇ ਉਸ ਪਾਸੋਂ 07 ਗ੍ਰਾਮ 450 ਮਿਲੀਗ੍ਰਾਮ ਹੈਰੋਇੰਨ ਅਤੇ 1400/- ਰੁਪਏ ਡਰੱਗ ਮਨੀ ਬ੍ਰਾਮਦ ਕੀਤੀ



ਗਈ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21/27(ਏ)-61-85 ਐਨ.ਡੀ.ਪੀ.ਸੀ. ਐਕਟ ਤਹਿਤ ਥਾਣਾ ਸਿਟੀ ਗੁਰਦਾਸਪੁਰ ਵਿਖੇ ਦਰਜ ਰਜਿਸਟਰ ਕੀਤਾ ਗਿਆ। ਐੱਸ.ਐੱਸ.ਪੀ. ਨੇ ਦੱਸਿਆ ਕਿ ਥਾਣਾ ਦੀਨਾਨਗਰ ਵਿਖੇ ਅਜੇ ਅਤੇ ਸੂਰਜ ਕੁਮਾਰ ਨੂੰ ਕਾਬੂ ਕਰਕੇ ਉਸ ਪਾਸੋਂ 31 ਨਸ਼ੀਲੀਆਂ ਗੋਲੀਆਂ ਬ੍ਰਾਮਦ ਕੀਤੀਆਂ ਗਈਆਂ, ਜਿਸ ਤੇ ਦੋਸ਼ੀਆਂ ਦੇ ਖਿਲਾਫ ਮੁਕੱਦਮਾ ਬਾ-ਜੁਰਮ 22-61-85 ਐਨ.ਡੀ.ਪੀ.ਸੀ. ਐਕਟ ਤਹਿਤ ਥਾਣਾ ਦੀਨਾਨਗਰ ਵਿਖੇ ਦਰਜ ਰਜਿਸਟਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਥਾਣਾ ਧਾਰੀਵਾਲ ਵਿਖੇ 02 ਵੱਖ-ਵੱਖ ਮੁਕੱਦਮਿਆਂ ਵਿੱਚ ਸੋਰਨਜੀਤ ਸਿੰਘ ਨੂੰ ਮੋਟਰਸਾਈਕਲ ਸਮੇਤ ਕਾਬੂ ਕਰਕੇ ਉਸ ਪਾਸੋਂ 10 ਗ੍ਰਾਮ ਹੈਰੋਇੰਨ ਅਤੇ ਕੰਪਿਊਟਰ ਕੰਡਾ ਬ੍ਰਾਮਦ ਕੀਤਾ ਗਿਆ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21(ਬੀ)-61-85 ਐਨ.ਡੀ.ਪੀ.ਸੀ. ਐਕਟ ਅਤੇ ਸੁਖਵਿੰਦਰ ਸਿੰਘ ਤੇ 01 ਔਰਤ ਨੂੰ ਕਾਬੂ ਕਰਕੇ ਉਸ ਪਾਸੋਂ 20 ਗ੍ਰਾਮ ਹੈਰੋਇੰਨ, 3500/- ਰੁਪਏ ਡਰੱਗ ਮਨੀ ਅਤੇ ਕੰਪਿਊਟਰ ਕੰਡਾ ਬਰਾਮਦ ਕੀਤਾ ਗਿਆ, ਜਿਸ ਤੇ ਦੋਸ਼ੀਆਂ ਦੇ ਖਿਲਾਫ ਮੁਕੱਦਮਾ ਬਾ-ਜੁਰਮ 21/27(ਏ)/29-61-85 ਐਨ.ਡੀ.ਪੀ.ਸੀ. ਐਕਟ ਤਹਿਤ ਥਾਣਾ ਧਾਰੀਵਾਲ ਵਿਖੇ ਦਰਜ ਰਜਿਸਟਰ ਕੀਤਾ ਗਿਆ। ਏਸੇ ਤਰ੍ਹਾਂ ਥਾਣਾ ਸਦਰ ਗੁਰਦਾਸਪੁਰ ਵਿਖੇ ਸੁਰਜੀਤ ਸਿੰਘ ਅਤੇ ਸੁਖਦੇਵ ਸਿੰਘ ਨੂੰ ਕਾਬੂ ਕਰਕੇ ਉਸ ਪਾਸੋਂ 07 ਗ੍ਰਾਮ 17 ਮਿਲੀਗ੍ਰਾਮ ਹੈਰੋਇੰਨ ਬ੍ਰਾਮਦ ਕੀਤੀ ਗਈ, ਜਿਸ ਤੇ ਦੋਸ਼ੀਆਂ ਦੇ ਖਿਲਾਫ ਮੁਕੱਦਮਾ ਬਾ-ਜੁਰਮ 21(ਬੀ)-61-85 ਐਨ.ਡੀ.ਪੀ.ਸੀ. ਐਕਟ ਤਹਿਤ ਥਾਣਾ ਸਦਰ ਗੁਰਦਾਸਪੁਰ ਵਿਖੇ ਦਰਜ ਰਜਿਸਟਰ ਕੀਤਾ ਗਿਆ। ਥਾਣਾ ਤਿੱਬੜ ਵਿਖੇ ਕੇਵਲ ਕ੍ਰਿਸ਼ਨ ਨੂੰ ਕਾਬੂ ਕਰਕੇ ਉਸ ਪਾਸੋਂ 07 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ, ਜਿਸ 'ਤੇ ਦੋਸ਼ੀ ਦੇ ਖਿਲਾਫ ਮੁਕਦਮਾਂ ਦਰਜ ਕੀਤਾ ਗਿਆ ਹੈ।

# ਹੈਰੀਟੇਜ ਸਟਰੀਟ ਵਿਚਲੀਆਂ ਖਾਣ ਪੀਣ ਵਾਲੀਆਂ ਦੁਕਾਨਾਂ ਨੂੰ ਨਗਰ ਨਿਗਮ ਦੇਵੇਗਾ ਮੁਫ਼ਤ ਵਿੱਚ ਡਸਟਬਿਨ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ, 14 ਜੁਲਾਈ। ਸ੍ਰੀ ਦਰਬਾਰ ਸਾਹਿਬ ਨੂੰ ਜਾਂਦੇ ਮੁੱਖ ਰਸਤੇ ਹੈਰੀਟੇਜ ਸਟਰੀਟ ਨੂੰ ਸਾਫ ਰੱਖਣ ਅਤੇ ਹੋਰ ਬਿਹਤਰ ਬਣਾਉਣ ਲਈ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ, ਉਹਨਾਂ ਨੇ ਆਦੇਸ਼ ਦਿੱਤੇ ਕਿ ਉਕਤ ਸਟਰੀਟ ਵਿੱਚ ਚਲਦੀਆਂ ਖਾਣ ਪੀਣ ਵਾਲੀਆਂ ਦੁਕਾਨਾਂ ਨੂੰ ਨਗਰ ਨਿਗਮ ਮੁਫਤ ਡਸਟਬੀਨ ਦੇਵੇ ਤਾਂ ਜੋ ਉਥੇ ਸਾਫ ਸਫਾਈ ਰਹਿ ਸਕੇ। ਉਹਨਾਂ ਕਿਹਾ ਕਿ ਇਸ ਤੋਂ ਇਲਾਵਾ ਇਸ ਰਸਤੇ ਵਿੱਚ ਜਿਆਦਾ ਸਮਰੱਥਾ ਵਾਲੇ ਵੱਡੇ ਡਸਟਬਿਨ ਵੀ ਤੁਰੰਤ ਲਗਾਏ ਜਾਣ। ਉਹਨਾਂ ਦੱਸਿਆ ਕਿ ਰਾਜਸਭਾ ਮੈਂਬਰ ਡਾਕਟਰ ਵਿਕਰਮਜੀਤ ਸਿੰਘ ਸਾਹਨੀ ਨੇ ਇਸ ਰਸਤੇ ਦੇ ਰੱਖ ਰਖਾਵ ਲਈ ਦੋ ਕਰੋੜ 51 ਲੱਖ ਰੁਪਏ ਦੀ ਗਰਾਂਟ ਆਪਣੇ ਅਖਤਿਆਰੀ ਕੋਟੇ ਵਿੱਚੋਂ ਦਿੱਤੀ ਹੈ। ਉਹਨਾਂ ਦੱਸਿਆ ਕਿ ਇਸ ਪੈਸੇ ਨਾਲ ਵਿਰਾਸਤੀ ਗਲੀ ਵਿੱਚ ਰੰਗ ਰੋਗਨ ਦਾ ਕੰਮ ਚੱਲ ਰਿਹਾ ਹੈ, ਜਿਸ ਨੂੰ 31 ਜੁਲਾਈ ਤੱਕ ਮੁਕੰਮਲ ਕਰ ਲਿਆ ਜਾਵੇਗਾ। ਉਹਨਾਂ ਦੱਸਿਆ ਕਿ ਇਸ ਕੰਮ ਉੱਤੇ 41 ਲੱਖ ਤੋਂ ਵੱਧ ਦੀ ਲਾਗਤ ਆਈ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਤੋਂ ਇਲਾਵਾ ਇਸ ਰਸਤੇ ਵਿੱਚ ਸ਼ਰਧਾਲੂਆਂ ਦੀ ਸਹੂਲਤ ਲਈ ਦੋ ਅੱਠ ਸੀਟਾਂ ਵਾਲੀਆਂ ਗੋਲਫ ਕਾਰਟ ਖਰੀਦੀਆਂ ਗਈਆਂ ਹਨ, ਜੋ ਛੇਤੀ ਹੀ ਚਾਲੂ ਕੀਤੀਆਂ ਜਾਣਗੀਆਂ।? ਉਹਨਾਂ ਨੇ ਇਸ ਰਸਤੇ ਦੀ ਸਫਾਈ ਲਈ ਸਵੀਪਿੰਗ ਮਸ਼ੀਨ ਵੀ ਖਰੀਦਣ ਦੀ ਹਦਾਇਤ ਅਧਿਕਾਰੀਆਂ ਨੂੰ ਕੀਤੀ। ਇਸ ਮੌਕੇ ਕਮਿਸ਼ਨਰ ਕਾਰਪੋਰੇਸ਼ਨ ਸ੍ਰੀ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ ਨੂੰ ਜਾਂਦੇ ਇਸ ਰਸਤੇ ਦੀ ਫਰਸ਼, ਜੋ ਕਿ ਲਾਲ ਪੱਥਰ ਦੀ ਬਣੀ ਹੋਈ ਹੈ, ਨੂੰ ਪੱਲਿਸ਼ ਕਰਨ ਦਾ ਕੰਮ ਚੱਲ ਰਿਹਾ ਹੈ, ਜੋ ਕਿ ਇਸ ਮਹੀਨੇ 31 ਜੁਲਾਈ ਤੱਕ ਮੁਕੰਮਲ ਕਰਨ ਦਿਆ ਜਾਵੇਗਾ। ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਰਸਤੇ ਦੀ ਸੁੰਦਰਤਾ ਨੂੰ ਵਧਾਉਣ ਲਈ ਵੱਡੀ ਗਿਣਤੀ ਵਿੱਚ ਫੋਕਸ ਟੇਲ ਪਾਮ ਵੀ ਲਗਾਏ ਜਾ ਚੁੱਕੇ ਹਨ। ਸ੍ਰੀ ਔਲਖ ਨੇ ਦੱਸਿਆ ਕਿ ਰਸਤੇ ਵਿੱਚ ਪੈਂਦੀਆਂ ਸਾਰੀਆਂ ਇਮਾਰਤਾਂ ਉੱਤੇ ਆਰਟਿਸਟਿਕ ਪੇਂਟ ਵਰਕ ਵੀ ਕਰਵਾਇਆ ਜਾ ਰਿਹਾ ਹੈ ਜੋ ਕਿ ਇਸ ਮਹੀਨੇ ਦੇ ਵਿੱਚ ਮੁਕੰਮਲ ਕਰ ਲਿਆ ਜਾਵੇਗਾ। ਡਿਪਟੀ ਕਮਿਸ਼ਨਰ ਸ੍ਰੀਮਤੀ ਸਾਹਨੀ ਨੇ ਉਕਤ ਰਸਤੇ ਜਿਸ ਉੱਤੇ ਲੱਖਾਂ ਸ਼ਰਧਾਲੂ ਰੋਜ਼ਾਨਾ ਸ੍ਰੀ ਦਰਬਾਰ ਸਾਹਿਬ ਨੂੰ ਜਾਂਦੇ ਹਨ, ਦੀ ਸਫਾਈ ਯਕੀਨੀ ਬਣਾਉਣ ਦੀ ਹਦਾਇਤ ਕਰਦੇ ਹੋਏ ਕਿਹਾ ਕਿ ਜੇਕਰ ਵੱਡੀ ਮਾਤਰਾ ਵਿੱਚ ਡਸਟਬਿਨ ਲਗਾਉਣ ਅਤੇ ਦੁਕਾਨਦਾਰਾਂ ਨੂੰ ਮੁਫਤ ਵੰਡਣ ਦੇ ਬਾਵਜੂਦ ਵੀ ਕੋਈ ਦੁਕਾਨਦਾਰ ਅਣਗਹਿਲੀ ਕਰਦਾ ਹੈ ਤਾਂ ਉਸ ਵਿਰੁੱਧ ਕਾਰਪੋਰੇਸ਼ਨ ਅਤੇ ਫੂਡ ਸਪਲਾਈ ਵਿਭਾਗ ਸਖਤ ਐਕਸ਼ਨ ਲਵੇ। ਅੱਜ ਦੀ ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਅਮਨਦੀਪ ਕੌਰ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਵਾਰਦਾਤ ਤੋਂ ਬਾਅਦ ਫਿਰ ਵਾਰਦਾਤ: ਪਿਓ ਨੂੰ ਕਤਲ ਕਰਨ ਮਗਰੋਂ ਹੁਣ ਇਕ ਹੋਰ ਨੌਜਵਾਨ ਨੂੰ ਉਤਾਰਿਆ ਮੌਤ ਦੇ ਘਾਟ

ਪਠਾਨਕੋਟ 14 ਜੁਲਾਈ। ਪਿੰਡ ਭੋਆ ਵਿਖੇ ਜ਼ਮੀਨੀ ਵਿਵਾਦ ਨੇ ਖ਼ੂਨੀ ਰੂਪ ਧਾਰ ਲਿਆ। ਇਸ ਦੌਰਾਨ ਇਕ ਪਰਿਵਾਰ ਦੇ ਸਕੇ ਭਰਾਵਾਂ ਨੇ ਇਕ-ਦੂਜੇ 'ਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਦੋ ਭਰਾ ਗੰਭੀਰ ਰੂਪ 'ਚ ਜ਼ਖਮੀ ਹੋਏ, ਜਿਨ੍ਹਾਂ ਵਿੱਚੋਂ ਇੱਕ ਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਤੋਂ ਬਾਅਦ ਪਿੰਡ 'ਚ ਤਣਾਅਪੂਰਨ ਮਾਹੌਲ ਬਣ ਗਿਆ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਇਹ ਲੋਕ ਪਹਿਲਾਂ ਵੀ ਉਨ੍ਹਾਂ 'ਤੇ ਹਮਲਾ ਕਰ ਚੁੱਕੇ ਹਨ ਅਤੇ ਆਪਣੇ ਪਿਤਾ ਦਾ ਵੀ ਕਤਲ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਪਹਿਲਾਂ ਵੀ ਪੰਚਾਇਤ ਰਾਹੀਂ ਮਾਮਲੇ ਨੂੰ ਸੁਲਝਾ ਲਿਆ ਗਿਆ ਸੀ, ਪਰ ਹੁਣ ਉਨ੍ਹਾਂ ਨੇ ਇੱਕ ਨੌਜਵਾਨ ਧੀ ਦੇ ਸਿਰੋਂ ਉਸਦਾ ਪਿਓ ਖੋਹ ਲਿਆ। ਇਸ ਘਟਨਾ ਨੂੰ ਲੈ ਕੇ ਅੱਜ ਮ੍ਰਿਤਕ ਦੇ ਪਰਿਵਾਰ ਨੇ ਰੋਸ ਜਤਾਉਂਦੇ ਹੋਏ ਕੋਟਲੀ ਤੋਂ ਸੁੰਦਰ ਚੱਕ ਨੂੰ ਜਾਣ ਵਾਲਾ ਲਿੰਕ ਰੋਡ ਜਾਮ ਕਰ ਦਿੱਤਾ ਤੇ ਨਾਅਰੇਬਾਜ਼ੀ ਕਰਦੇ ਹੋਏ ਆਰੋਪੀਆਂ ਦੀ ਗ੍ਰਿਫਤਾਰੀ ਦੀ ਮੰਗ ਕੀਤੀ। ਸੂਚਨਾ ਮਿਲਦੇ ਹੀ ਭੋਆ ਪੁਲਸ ਮੌਕੇ 'ਤੇ ਪਹੁੰਚੀ। ਡੀਐਸਪੀ ਭੋਆ ਨੇ ਮੌਕੇ 'ਤੇ ਪਹੁੰਚ ਕੇ ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਨਿਆਂ ਦਿਲਾਉਣ ਦਾ ਭਰੋਸਾ ਦਿਵਾਇਆ। ਇਸ ਤੋਂ ਬਾਅਦ ਪਰਿਵਾਰ ਨੇ ਆਪਣਾ ਧਰਨਾ ਸਮਾਪਤ ਕੀਤਾ। ਡੀਐਸਪੀ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਘਟਨਾ ਸਬੰਧੀ ਪਰਿਵਾਰ ਵੱਲੋਂ ਦਿੱਤੇ ਗਏ ਬਿਆਨਾਂ ਦੇ ਆਧਾਰ 'ਤੇ ਚਾਰ ਲੋਕਾਂ ਖ਼ਿਲਾਫ ਕਤਲ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ। ਚਾਰਾਂ ਆਰੋਪੀਆਂ ਵਿੱਚੋਂ ਦੋ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਬਾਕੀ ਦੋ ਦੀ ਭਾਲ ਲਈ ਪੁਲਸ ਦੀਆਂ ਟੀਮਾਂ ਵੱਲੋਂ ਛਾਪੇਮਾਰੀ ਜਾਰੀ ਹੈ। ਜਲਦ ਹੀ ਉਨ੍ਹਾਂ ਨੂੰ ਵੀ ਕਾਬੂ ਕਰ ਲਿਆ ਜਾਵੇਗਾ।

# ਹੁਣ ਅਸਲਾ ਲਾਇਸੈਂਸ ਧਾਰਕਾਂ 'ਤੇ ਪੁਲਸ ਕਰੇਗੀ ਕਾਰਵਾਈ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 14 ਜੁਲਾਈ। ਡੀ. ਸੀ. ਦਫ਼ਤਰ ਦੀ ਅਸਲਾ ਬਰਾਂਚ ਵਲੋਂ ਜਾਰੀ ਕੀਤੀ ਗਈ ਸੂਚੀ ਅਨੁਸਾਰ ਜ਼ਿਲੇ ਦੇ 131 ਲਾਇਸੈਂਸੀ ਅਸਲਾ ਧਾਰਕਾਂ ਨੇ ਪਿਛਲੇ ਪੰਜ ਸਾਲਾਂ ਤੋਂ ਆਪਣਾ ਤੀਜਾ ਹਥਿਆਰ ਜਮ?ਹਾ ਨਹੀਂ ਕਰਵਾਇਆ, ਜਿਨ੍ਹਾਂ ਖਿਲਾਫ ਪ੍ਰਸ਼ਾਸਨ ਵਲੋਂ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ 2019 ਦੇ ਨੋਟੀਫਿਕੇਸ਼ਨ ਅਨੁਸਾਰ ਸਵੈ-ਰੱਖਿਆ ਲਈ ਅਸਲਾ ਲਾਇਸੈਂਸ 'ਤੇ ਸਿਰਫ਼ ਦੋ ਹਥਿਆਰ ਹੀ ਰੱਖੇ ਜਾ ਸਕਦੇ ਹਨ, ਜਦਕਿ ਪਹਿਲਾਂ ਤਿੰਨ ਹਥਿਆਰ ਰੱਖਣ ਦੀ ਵਿਵਸਥਾ ਸੀ। ਪ੍ਰਸ਼ਾਸਨ ਦੀ ਸੂਚੀ ਅਨੁਸਾਰ ਥਾਣਾ ਭਿੰਡੀਸੈਦਾਂ ਖੇਤਰ ਵਿਚ 3, ਥਾਣਾ ਕੰਬੋਅ ਖੇਤਰ ਵਿਚ 12, ਖਲਚੀਆਂ ਖੇਤਰ ਵਿਚ 5, ਰਾਮਦਾਸ ਖੇਤਰ ਵਿਚ 7, ਲੋਪੋਕੇ ਖੇਤਰ ਵਿਚ 19, ਬਿਆਸ ਖੇਤਰ ਵਿਚ 8, ਅਜਨਾਲਾ ਖੇਤਰ ਵਿਚ 4, ਘਰਿੰਡਾ ਖੇਤਰ ਵਿਚ 9, ਜੰਡਿਆਲਾ ਖੇਤਰ ਵਿਚ 15, ਕੱਥੂਨੰਗਲ ਖੇਤਰ ਵਿਚ 6, ਝੰਡੇਰ ਖੇਤਰ ਵਿਚ 5, ਚਾਟੀਵਿੰਡ ਖੇਤਰ ਵਿਚ 8, ਮਜੀਠਾ ਖੇਤਰ ਵਿਚ 10, ਮੱਤੇਵਾਲ ਖੇਤਰ ਵਿਚ 3, ਤਰਸਿੱਕਾ ਵਿਚ 6 ਅਤੇ ਥਾਣਾ ਰਾਜਾਸਾਂਸੀ ਖੇਤਰ ਵਿਚ 11 ਵਿਅਕਤੀਆਂ ਨੇ



ਅਜੇ ਤਕ ਆਪਣਾ ਤੀਜਾ ਲਾਇਸੈਂਸੀ ਹਥਿਆਰ ਜਮ?ਹਾ ਨਹੀਂ ਕਰਵਾਇਆ ਹੈ। ਦੱਸ ਦੇਈਏ ਕਿ ਸਾਲ 2019 'ਚ ਸਰਕਾਰ ਵੱਲੋਂ ਇਕ ਨੋਟੀਫਿਕੇਸ਼ਨ ਜਾਰੀ ਕਰ ਕੇ ਪੂਰੇ ਸੂਬੇ ਦੇ ਲਾਇਸੈਂਸੀ ਅਸਲਾਧਾਰਕਾਂ ਨੂੰ ਹੁਕਮ ਜਾਰੀ ਕੀਤਾ ਗਿਆ ਸੀ ਕਿ ਆਪਣਾ ਤੀਜਾ ਲਾਇਸੈਂਸੀ ਹਥਿਆਰ ਜਮ?ਹਾਂ ਕਰਵਾਏ ਜਾਣ ਕਿਉਂਕਿ ਨਵੇਂ ਨਿਯਮ ਅਨੁਸਾਰ ਲਾਇਸੈਂਸੀ ਅਸਲਾਧਾਰਕ ਸਿਰਫ ਦੋ ਹਥਿਆਰ ਹੀ ਆਪਣੀ ਸੁਰੱਖਿਆ ਲਈ ਰੱਖ ਸਕਦਾ ਹੈ ਜਿਸ 'ਚ ਇਕ ਹੈਂਡ ਗਨ (ਰਿਵਾਲਵਰ ਜਾਂ ਪਿਸਟਲ ਆਦਿ) ਅਤੇ ਦੂਜੀ ਰਾਈਫਲ ਜਾਂ 12 ਬੋਰ ਬੰਦੂਕ ਆਦਿ ਹੀ ਰੱਖੀ ਜਾ ਸਕਦੀ ਹੈ। ਪਰ ਦਿਹਾਤੀ ਇਲਾਕਿਆਂ 'ਚ ਹੁਣ ਵੀ ਲਾਇਸੈਂਸੀ ਅਸਲਾਧਾਰਕਾਂ ਨੇ ਆਪਣਾ ਤੀਜਾ ਹਥਿਆਰ ਜਮ?ਹਾਂ ਨਹੀਂ ਕਰਵਾਇਆ ਹੈ ਜਿਨ੍ਹਾਂ ਦੀ ਦੁਰਵਰਤੋਂ ਤਾਂ ਹੋਣ ਦੀ ਸੰਭਾਵਨਾ ਰਹਿੰਦੀ ਹੀ ਹੈ ਉਥੇ ਕਾਨੂੰਨ ਦਾ ਵੀ ਘੋਰ ਉਲੰਘਣ ਹੋ ਰਿਹਾ ਹੈ। ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਏ. ਡੀ. ਸੀ. (ਜ) ਰੋਹਿਤ ਗੁਪਤਾ ਨੇ ਇਕ ਹੁਕਮ ਜਾਰੀ ਕਰ ਕੇ ਸਾਰੇ ਲਾਇਸੈਂਸੀ ਅਸਲਾਧਾਰਕਾਂ ਨੂੰ ਆਪਣਾ ਤੀਜਾ ਹਥਿਆਰ ਜਮ?ਹਾ ਕਰਵਾਉਣ ਦੇ ਹੁਕਮ ਜਾਰੀ ਕੀਤੇ ਹਨ।

## ਬੀਐਲਓਜ਼ ਨੂੰ ਘਰ ਘਰ ਜਾ ਕੇ ਵੋਟਰਾਂ ਦੀ ਤਸਦੀਕ ਕਰਨ ਸਬੰਧੀ ਦਿੱਤੀ ਟਰੇਨਿੰਗ

ਅੰਮ੍ਰਿਤਸਰ 14 ਜੁਲਾਈ। ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਪ੍ਰੋਗਰਾਮ ਅਨੁਸਾਰ ਸਮੂਹ ਬੂਥ ਲੈਵਲ ਅਫ਼ਸਰਾਂ ਦੀ ਟਰੇਨਿੰਗ 54-54 ਕਰਮਚਾਰੀਆਂ ਦੇ ਬੈਚ ਵਿੱਚ 11.07.2025 ਤੱਕ ਕਰਵਾਈ ਜਾ ਰਹੀ ਹੈ, ਜਿਸ ਦੇ ਤਹਿਤ 014-ਵਿਧਾਨ ਸਭਾ ਚੋਣ ਹਲਕਾ ਜੰਡਿਆਲਾ (ਅ.ਜ) ਦੇ ਤੀਸਰੇ ਬੈਚ ਦੀ ਟਰੇਨਿੰਗ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ,(ਵੋਕੇਸ਼ਨਲ ਵਿੰਗ), ਜੰਡਿਆਲਾ ਗੁਰੂ ਵਿਖੇ ਸ੍ਰੀ ਨਵਕੀਰਤ ਸਿੰਘ ਚੋਣਕਾਰ ਰਜਿਸਟਰੇਸ਼ਨ ਅਫ਼ਸਰ ਦੀ ਦੇਖ-ਰੇਖ ਵਿੱਚ ਕਰਵਾਈ ਗਈ। ਟ?ਰੇਨਿੰਗ ਦੌਰਾਨ ਬੂਥ ਲੈਵਲ ਅਫਸਰਾਂ ਅਤੇ ਸੈਕਟਰ ਅਫਸਰਾਂ ਨੂੰ ਘਰ ਘਰ ਜਾ ਕੇ ਨਵੇਂ ਵੋਟ ਬਣਾਉਣ, ਕੱਟਣ, ਘਰ ਦਾ ਪਤਾ ਬਦਲਣ ਸਬੰਧੀ ਅਤੇ ਮਰ ਚੁੱਕੇ ਵਿਅਕਤੀਆਂ ਦੇ ਨਾਂ ਵੋਟਰ ਸੂਚੀ ਵਿਚੋਂ ਕੱਟਣ ਸਬੰਧੀ ਜਾਣਕਾਰੀ ਮੁਹੱਈਆ ਕਰਵਾਈ ਗਈ। ਇਸ ਟਰੇਨਿੰਗ ਵਿੱਚ 54 ਬੂਥ ਲੈਵਲ ਅਫ਼ਸਰ ਅਤੇ 05 ਸੈਕਟਰ ਅਫ਼ਸਰ ਸ਼ਾਮਲ ਹੋਏ। ਅੱਜ ਦੇ ਬੈਚ ਵਿੱਚ ਸ਼ਾਮਲ ਬੀ.ਐਲ.ਓ. ਨੂੰ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਨਵੇਂ ਪਲਾਸਟਿਕ ਆਈਡੈਂਟੀ ਕਾਰਡ ਅਤੇ ਟਰੇਨਿੰਗ ਦਾ ਸਰਟੀਫਿਕੇਟ ਵੀ ਜਾਰੀ ਕੀਤਾ ਗਿਆ। ਸ੍ਰੀਮਤੀ ਨਰਿੰਦਰ ਕੌਰ, ਚੋਣ ਕਾਨੂੰਗੋ ਅਤੇ ਸ੍ਰੀ ਪੁਨੀਤ ਜੋਸ਼ੀ ਅਤੇ ਸ਼?ਰੀ ਗੁਰਦੇਵ ਸਿੰਘ (ਮਾਸਟਰ ਟਰੇਨਰ) ਪਾਸੋਂ ਟਰੇਨਿੰਗ ਮੁਕੰਮਲ ਕਰਾਉਣ ਉਪਰੰਤ ਸਮੂਹ ਟਰੇਨੀਜ਼ ਦੀ ਬਹੁ-ਚੋਣ ਪ੍ਰਸ਼ਨ-ਪੱਤਰ ਦੇ ਆਧਾਰ ਅਸੈਸਮੈਂਟ ਪ੍ਰੀਖਿਆ ਵੀ ਕਰਵਾਈ ਗਈ, ਜਿਸ ਦਾ ਰਿਜਲਟ 100% ਰਿਹਾ ਹੈ। ਸ੍ਰੀ ਨਵਕੀਰਤ ਸਿੰਘ ਚੋਣਕਾਰ ਰਜਿਸਟਰੇਸ਼ਨ ਅਫ਼ਸਰ 014-ਵਿਧਾਨ ਸਭਾ ਚੋਣ ਹਲਕਾ ਜੰਡਿਆਲਾ (ਅ.ਜ) ਨੇ ਟਰੇਨੀਜ਼ ਨਾਲ ਗੱਲ-ਬਾਤ ਕਰਦੇ ਹੋਏ ਉਨ੍ਹਾਂ ਦੇ ਸ਼ੰਕਿਆਂ ਦਾ ਨਿਵਾਰਣ ਕੀਤਾ ਅਤੇ ਫੀਲਡ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਸੁਣਦੇ ਹੋਏ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫਸਰ -1-ਕਮ-ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਅੰਮ੍ਰਿਤਸਰ ਸ਼?ਰੀ ਸੰਦੀਪ ਮਲਹੋਤਰਾ ਅਤੇ ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫਸਰ -2 -ਕਮ-ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.), ਅੰਮ੍ਰਿਤਸਰ ਸ਼?ਰੀ ਕੰਵਲਜੀਤ ਸਿੰਘ, ਉਪ ਜ਼ਿਲ੍ਹਾ ਸਿਖਿਆ ਅਫਸਰ(ਸੈ.ਸਿ) ਸ਼?ਰੀ ਰਜੇਸ਼ ਖੰਨਾ ਅਤੇ ਪ੍ਰਿਸੀਪਲ ਸ਼?ਰੀਮਤੀ ਪਰਮਜੀਤ ਕੌਰ ਹਾਜ਼ਰ ਸਨ ।

## ਐਕਸਾਈਜ਼ ਵਿਭਾਗ ਦੀ ਟੀਮ ਨੂੰ ਮਿਲੀ ਸਫਲਤਾ, ਸਸਤੀ ਸ਼ਰਾਬ ਮਹਿੰਗੇ ਬ੍ਰਾਂਡ ਦੀਆਂ ਬੋਤਲਾਂ 'ਚ ਭਰ ਕੇ ਵੇਚਣ ਵਾਲੇ ਕਾਬੂ

ਲੁਧਿਆਣਾ 14 ਜੁਲਾਈ। ਸਪੈਸ਼ਲ ਸੈੱਲ ਤੇ ਐਕਸਾਈਜ਼ ਵਿਭਾਗ ਦੀ ਟੀਮ ਨੇ ਸਾਂਝੀ ਕਾਰਵਾਈ ਕਰਦੇ ਹੋਏ 2 ਸ਼ਰਾਬ ਸਮੱਗਲਰਾਂ ਨੂੰ ਕਾਬੂ ਕੀਤਾ ਹੈ। ਸ਼ਰਾਬ ਸਮੱਗਲਰ ਸਸਤੀ ਸ਼ਰਾਬ ਨੂੰ ਮਹਿੰਗੇ ਬ੍ਰਾਂਡ ਦੀਆਂ ਬੋਤਲਾਂ 'ਚ ਭਰ ਕੇ ਸਪਲਾਈ ਕਰਦੇ ਸਨ। ਕਾਰਵਾਈ ਕਰਦੇ ਹੋਏ ਪੁਲਸ ਨੇ ਮੁਲਜ਼ਮਾਂ ਦੇ ਕਬਜ਼ੇ 'ਚੋਂ 7 ਪੇਟੀਆਂ ਨਾਜਾਇਜ਼ ਸ਼ਰਾਬ, ਮਹਿੰਗੇ ਬ੍ਰਾਂਡ ਦੀਆਂ ਖਾਲੀ ਬੋਤਲਾਂ, 500 ਵੱਖ-ਵੱਖ ਤਰ੍ਹਾਂ ਦੀਆਂ ਸੀਲਾਂ ਤੇ ਵੱਖ-ਵੱਖ ਬ੍ਰਾਂਡ ਦੇ ਮਹਿੰਗੇ




ਬ੍ਰਾਂਡ ਦੇ ਲੇਬਲ ਬਰਾਮਦ ਕੀਤੇ ਹਨ। ਪੁਲਸ ਨੇ ਮੁਲਜ਼ਮਾਂ ਦੀ ਪਛਾਣ ਪਿੰਡ ਦਾਦ ਦੇ ਰਹਿਣ ਵਾਲੇ ਜਸਪ੍ਰੀਤ ਸਿੰਘ ਤੇ ਪਿੰਡ ਗੁਜਰਵਾਲ ਦੇ ਰਹਿਣ ਵਾਲੇ ਅਮਨਪ੍ਰੀਤ ਸਿੰਘ ਵਜੋਂ ਕੀਤੀ ਗਈ ਹੈ। ਪੁਲਸ ਨੇ ਮੁਲਜ਼ਮਾਂ ਖਿਲਾਫ ਥਾਣਾ ਸਦਰ ਵਿਚ ਐਕਸਾਈਜ਼ ਐਕਟ ਤੇ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰ ਕੇ 1 ਦਿਨ ਦੇ ਰਿਮਾਂਡ 'ਤੇ ਲਿਆ ਗਿਆ ਹੈ। ਸਪੈਸ਼ਲ ਸੈੱਲ ਦੇ ਇੰਚਾਰਜ ਨਵਦੀਪ ਸਿੰਘ ਦੱਸਿਆ ਕਿ ਏ. ਐੱਸ. ਆਈ. ਅਮਰਜੀਤ ਸਿੰਘ ਤੇ ਅਮਨਿੰਦਰ ਸਿੰਘ ਸਰਕਲ ਪੱਛਮੀ 3, ਇੰਸਪੈਕਟਰ ਹਰਸ਼ਪਿੰਦਰ ਸਿੰਘ, ਇੰਸ. ਸੰਨੀ ਗਰੋਵਰ ਦੀ ਟੀਮ ਨੇ ਸੰਯੁਕਤ ਨਾਕਾਬੰਦੀ ਕੀਤੀ ਹੋਈ ਸੀ ਤਾਂ ਮੁਖਬਰ ਨੇ ਸੂਚਨਾ ਦਿੱਤੀ ਕਿ ਉਕਤ ਮੁਲਜ਼ਮ ਸਸਤੀ ਸ਼ਰਾਬ ਲਿਆ ਕੇ ਮਹਿੰਗੇ ਬ੍ਰਾਂਡ ਦੀਆਂ ਬੋਤਲਾਂ 'ਚ ਭਰ ਕੇ ਵੇਚਦੇ ਹਨ, ਜੋ ਕਿ ਲੋਕਾਂ ਲਈ ਜਾਨਲੇਵਾ ਵੀ ਹੋ ਸਕਦੇ ਹਨ। ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦੇ ਹੋਏ ਪੁਲਸ ਨੇ ਮੁਲਜ਼ਮਾਂ ਨੂੰ ਕਾਬੂ ਕਰ ਲਿਆ। ਜਾਂਚ ਦੌਰਾਨ ਪਤਾ ਲੱਗਿਆ ਕਿ ਮੁਲਜ਼ਮ ਮਹਿੰਗੇ ਬ੍ਰਾਂਡ ਦੀਆਂ ਬੋਤਲਾਂ 'ਚ ਸਸਤੀ ਸ਼ਰਾਬ ਭਰ ਕੇ ਉਸ 'ਤੇ ਵੱਖ-ਵੱਖ ਬ੍ਰਾਂਡ ਦੇ ਲੇਬਲ ਤੇ ਸੀਲ ਲਗਾ ਕੇ ਮਹਿੰਗੇ ਰੇਟ 'ਤੇ ਵੇਚਦੇ ਸੀ। ਪੁਲਸ ਨੇ ਦੱਸਿਆ ਕਿ ਮੁਲਜ਼ਮਾਂ ਤੋਂ ਗਹਿਰਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

## ਬਿਜਲੀ ਦੇ ਖੰਭੇ ਨਾਲ ਟਕਰਾਏ ਟੈਂਕਰ ਨੂੰ ਲੱਗੀ ਅੱਗ, ਜਿਉਂਦਾ ਸੜਿਆ ਕਲੀਨਰ

ਅਮਰੋਹਾ 14 ਜੁਲਾਈ। ਉੱਤਰ ਪ੍ਰਦੇਸ਼ ਦੇ ਅਮਰੋਹਾ ਜ਼ਿਲ੍ਹੇ ਦੇ ਗਜਰੌਲਾ ਖੇਤਰ ਵਿੱਚ ਮੁੰਬਈ ਤੋਂ ਚੰਦੌਸੀ ਜਾ ਰਹੇ ਰਸਾਇਣਾਂ ਨਾਲ ਭਰੇ ਇੱਕ ਟੈਂਕਰ ਨੂੰ ਬਿਜਲੀ ਦੇ ਖੰਭੇ ਨਾਲ ਟਕਰਾਉਣ ਤੋਂ ਬਾਅਦ ਅੱਗ ਲੱਗ ਗਈ। ਇਸ ਹਾਦਸੇ ਵਿਚ ਕਲੀਨਰ ਦੀ ਜਿਉਂਦੇ ਸੜ ਜਾਣ ਕਾਰਨ ਮੌਤ ਹੋ ਗਈ। ਪੁਲਸ ਸੂਤਰਾਂ ਨੇ ਦੱਸਿਆ ਕਿ ਇਹ ਹਾਦਸਾ ਸ਼ਨੀਵਾਰ ਸਵੇਰੇ 5 ਵਜੇ ਦੇ ਕਰੀਬ ਵਾਪਰਿਆ, ਜਦੋਂ ਰਸਾਇਣਾਂ ਨਾਲ ਭਰਿਆ ਟੈਂਕਰ ਮੁੰਬਈ ਤੋਂ ਚੰਦੌਸੀ ਜਾ ਰਿਹਾ ਸੀ। ਇਸ ਦੌਰਾਨ ਟੈਂਕਰ ਗਜਰੌਲਾ ਥਾਣਾ ਖੇਤਰ ਵਿੱਚ ਕੰਟਰੋਲ ਗੁਆ ਬੈਠਾ ਅਤੇ ਇੱਕ ਹਾਈ-ਟੈਂਸ਼ਨ ਬਿਜਲੀ ਦੇ ਖੰਭੇ ਨਾਲ ਟਕਰਾ ਗਿਆ। ਟੈਂਕਰ ਵਿੱਚ ਬਿਜਲੀ ਦਾ ਕਰੰਟ ਆਉਣ ਕਾਰਨ ਕੈਮੀਕਲ ਨੂੰ ਅੱਗ ਲੱਗ ਗਈ ਅਤੇ ਕਲੀਨਰ ਦੀ ਮੌਤ ਹੋ ਗਈ। ਪੁਲਸ ਸਰਕਲ ਅਫਸਰ ਅੰਜਲੀ ਕਟਾਰੀਆ ਨੇ ਦੱਸਿਆ ਕਿ ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚ ਗਈ ਅਤੇ ਇਸਦਾ ਮੁਆਇਨਾ ਕੀਤਾ।

## ਦਿੱਲੀ ਸਰਕਾਰ 'ਸਿਹਤਮੰਦ ਦਿੱਲੀ, ਸਸ਼ਕਤ ਦਿੱਲੀ' . . .

Contd..............Front page

ਦਿੱਲੀ ਦੇ ਲੋਕਾਂ ਨੂੰ ਡਾਕਟਰੀ ਖੇਤਰ ਵਿੱਚ ਵੱਡੇ ਬਦਲਾਅ ਵੇਖਣ ਨੂੰ ਮਿਲਣਗੇ। ਮੁੱਖ ਮੰਤਰੀ ਨੇ ਦੱਸਿਆ ਕਿ ਨਵ-ਨਿਰਮਿਤ ਹਸਪਤਾਲ ਅਤਿ-ਆਧੁਨਿਕ ਡਾਕਟਰੀ ਤਕਨੀਕਾਂ ਅਤੇ ਮਲਟੀ-ਸਪੈਸ਼ਲਿਟੀ ਸੇਵਾਵਾਂ ਨਾਲ ਸੁਸੱਜਿਤ ਹੈ, ਜੋ ਦਿੱਲੀ ਸਰਕਾਰ ਦੀ 'ਸਿਹਤਮੰਦ ਦਿੱਲੀ, ਸਸ਼ਕਤ ਦਿੱਲੀ' ਨੀਤੀ ਨੂੰ ਸਾਕਾਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗਾ। ਇਹ ਹਸਪਤਾਲ ਆਯੁਸ਼ਮਾਨ ਭਾਰਤ ਯੋਜਨਾ ਦੇ ਅਧੀਨ ਵੀ ਸੇਵਾਵਾਂ ਦੇਵੇਗਾ, ਜਿਸ ਨਾਲ ਸਮਾਜ ਦੇ ਸਭ ਤੋਂ ਹੇਠਲੇ ਪਾਏ 'ਤੇ ਖੜ੍ਹੇ ਵਿਅਕਤੀ ਨੂੰ ਵੀ ਅਧੁਨਿਕ ਸਿਹਤ ਸਹੂਲਤਾਂ ਮੁਫਤ ਮਿਲ ਸਕਣਗੀਆਂ।

# ਪੰਜਾਬ ਅੰਦਰ ਸਰਕਾਰੀ ਬੱਸਾਂ 'ਚ ਸਫਰ ਕਰਨ ਵਾਲਿਆਂ ਲਈ ਵੱਡੀ ਖ਼ਬਰ

ਰੂਪਨਗਰ 14 ਜੁਲਾਈ। ਪੰਜਾਬ ਰੋਡਵੇਜ਼, ਪਨਬਸ, ਪੀ.ਆਰ.ਟੀ.ਸੀ. ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਪੂਰੇ ਪੰਜਾਬ ਦੇ 27 ਡਿਪੂਆਂ 'ਚ ਗੇਟ ਰੈਲੀਆ ਕੀਤੀਆ ਗਈਆਂ ਰੂਪਨਗਰ ਡਿੱਪੂ ਦੇ ਗੇਟ 'ਤੇ ਵੀ ਭਰਵੀਂ ਗੇਟ ਰੈਲੀ ਕੀਤੀ ਗਈ। ਸੂਬਾ ਮੀਤ ਪ੍ਰਧਾਨ ਸੁਖਜੀਤ ਸਿੰਘ ਅਤੇ ਡੀਪੂ ਪ੍ਰਧਾਨ ਕੁਲਵੰਤ ਸਿੰਘ ਨੇ ਦੱਸਿਆ ਕਿ ਸਰਕਾਰ ਟਰਾਂਸਪੋਰਟ ਦੇ ਕੱਚੇ ਮੁਲਾਜ਼ਮਾਂ ਦੀਆਂ ਮੰਗਾ ਨੂੰ ਤਿੰਨ ਸਾਲਾਂ ਤੋਂ ਨਜ਼ਰ-ਅੰਦਾਜ਼ ਕਰਦੀ ਆ ਰਹੀ ਹੈ ਤਿੰਨ ਸਾਲ ਤੋਂ ਟਰਾਂਸਪੋਰਟ ਦੇ ਮੁਲਾਜ਼ਮਾਂ ਨੂੰ ਵੱਖਰੀ ਪਾਲਸੀ ਲਾਗੂ ਕਰਨ ਦਾ ਭਰੋਸਾ ਦਿੱਤਾ ਗਿਆ ਹੈ ਹਰ ਵਾਰ ਮੀਟਿੰਗ 'ਚ ਸਿਰਫ ਸਮਾਂ ਟਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਜੇਕਰ ਸਰਕਾਰ ਨੇ ਟਰਾਂਸਪੋਰਟ ਦੇ ਮੁਲਾਜ਼ਮਾਂ ਨੂੰ ਜਲਦੀ ਪੱਕਾ ਤੇ ਠੇਕੇਦਾਰੀ ਸਿਸਟਮ ਨੂੰ ਬੰਦ ਨਾ ਕੀਤਾ ਅਤੇ ਬਰਾਬਰ ਕੰਮ ਬਰਾਬਰ ਤਨਖਾਹ ਲਾਗੂ ਨਹੀਂ ਕੀਤੀ ਤਾਂ ਆਉਣ ਵਾਲੀ 9, 10, 114 ਜੁਲਾਈ ਨੂੰ ਪੂਰਨ ਤੌਰ 'ਤੇ ਚੱਕਾ ਜਾਮ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਠੇਕੇਦਾਰ ਵੱਲੋਂ ਮੁਲਾਜ਼ਮਾਂ ਦੇ ਕਰੋੜਾਂ ਰੁਪਏ ਦੀ ਲੁੱਟ ਕੀਤੀ ਗਈ ਹੈ, ਮੁਲਾਜ਼ਮਾਂ ਦੀਆਂ ਸਕਿਓਰਟੀਆਂ ਲੈ ਕੇ ਠੇਕੇਦਾਰ ਭੱਜ ਗਿਆ ਹੈ, ਹੁਣ ਤੱਕ ਕੱਚੇ ਮੁਲਾਜ਼ਮਾਂ ਦੀ ਪਾਲਿਸੀ ਨੂੰ ਲੰਮਕਾਉਣ 'ਚ ਸਟੇਟ ਟਰਾਂਸਪੋਰਟ ਮੁੱਖ ਦਫਤਰ ਦੇ ਅਧਿਕਾਰੀ ਦੀ ਸਭ ਤੋਂ ਵੱਡੀ ਦੇਣ ਹੈ ਕਿਉਂਕਿ ਜੇਕਰ ਠੇਕੇਦਾਰੀ ਸਿਸਟਮ ਖਤਮ ਹੁੰਦਾ ਤਾਂ ਸਿੱਧੇ ਤੌਰ 'ਤੇ ਕਹਿ ਸਕਦੇ ਹਾਂ ਕਿ ਜੋ ਠੇਕੇਦਾਰ ਰਾਹੀਂ ਚੋਰ ਮੋਰੀਆਂ ਹਨ ਉਹ ਬੰਦ ਹੋ ਜਾਣਗੀਆ, ਮੁਲਾਜ਼ਮਾਂ ਦਾ ਸ਼ੋਸ਼ਣ ਬੰਦ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਕੰਟਰੈਕਟ ਦੇ ਮੁਲਾਜ਼ਮਾਂ ਨੂੰ ਬਹਾਲ ਕਰਨ ਲਈ ਟਾਲਮਟੋਲ ਕੀਤਾ ਜਾ ਰਿਹਾ ਹੈ, ਜਿਸ ਦੇ ਰੋਸ ਵਜੋਂ 30 ਜੂਨ ਨੂੰ ਸਟੇਟ ਟਰਾਂਸਪੋਰਟ ਡਾਇਰੈਕਟਰ ਦਫਤਰ ਦਾ ਘਿਰਾਓ ਕੀਤਾ ਜਾਵੇਗਾ ਤੇ ਅਧਿਕਾਰੀ ਦੀ ਪੋਲ ਖੋਲ੍ਹੀ ਜਾਵੇਗੀ। ਉਨ੍ਹਾਂ ਕਿਹਾ ਠੇਕੇਦਾਰ ਵੱਲੋਂ ਤਨਖਾਹਾਂ 'ਚੋਂ ਨਾਜਾਇਜ਼ ਕਟੌਤੀਆਂ ਕਰਨ ਦੇ ਬਾਵਜੂਦ ਵੀ ਠੇਕੇਦਾਰ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਉਨ੍ਹਾਂ ਕਿਹਾ ਕਿ ਜੰਥੇਬੰਦੀ ਦੀਆਂ 100 ਤੋਂ ਵੀ ਵੱਧ ਮੀਟਿੰਗਾਂ ਹੋ ਗਈਆਂ ਹਨ ਪਰ ਸਰਕਾਰ ਅਤੇ ਮਨੇਜਮੈਂਟ ਵੱਲੋਂ ਹਰ ਵਾਰੀ ਮੁੱਦੇ ਤੋਂ ਭਟਕਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਜੇਕਰ ਸਰਕਾਰ ਨੇ ਟਰਾਂਸਪੋਰਟ ਦੇ ਮੁਲਾਜ਼ਮਾਂ ਨੂੰ ਜਲਦੀ ਪੱਕਾ ਤੇ ਠੇਕੇਦਾਰੀ ਸਿਸਟਮ ਨੂੰ ਬੰਦ ਨਾ ਕੀਤਾ ਅਤੇ ਬਰਾਬਰ ਕੰਮ ਬਰਾਬਰ ਤਨਖਾਹ ਲਾਗੂ ਨਹੀਂ ਕੀਤੀ ਤਾਂ ਆਉਣ ਵਾਲੀ 9, 10, 114 ਜੁਲਾਈ ਨੂੰ ਪੂਰਨ ਤੌਰ 'ਤੇ ਚੱਕਾ ਜਾਮ ਕੀਤਾ ਜਾਵੇਗਾ।


**ਉੱਤਰ ਰੇਲਵੇ**

**ਆਵੇਦਨ ਮੰਗ ਕਰਨ ਲਈ ਸੂਚਨਾ**

ਦਿੱਲੀ ਮੰਡਲ ਦੇ 39 ਹਾਲਟ ਸਟੇਸ਼ਨਾਂ ਉਤੇ ਹਾਲਟ ਠੇਕੇਦਾਰ ਦੀ ਨਿਯੁਕਤੀ ਦੇ ਲਈ ਆਵੇਦਨ ਮੰਗ ਕਰਨ ਦੀ ਸੂਚਨਾ।

| | |
|---|---|
| ਵੇਦਨ ਲੜੀ ਮੰਗ ਸੂਚਨਾ | 631-CP-Halt Tender-2023 |
| ਕੰਮ ਦਾ ਨਾਮ ਅਤੇ ਜਗ੍ਹਾਂ | ਦਿੱਲੀ ਮੰਡਲ ਵਿਚ ਪੰਜ ਸਾਲ (05) ਦੀ ਅਵੱਧੀ ਦੇ ਲਈ ਕਮੀਸ਼ਨ ਦੇ ਆਧਾਰ ਉਤੇ ਅਣਰਿਜ਼ਰਵ ਟਿਕਟਾਂ ਦੀ ਵਿਕਰੀ ਦੇ ਲਈ 39 ਹਾਲਟ ਸਟੇਸ਼ਨਾਂ ਉਤੇ "39" ਹਾਲਟ ਠੇਕੇਦਾਰਾਂ ਦੀ ਨਿਯੁਕਤੀ ਲਈ। |
| ਟੈਂਡਰ ਪ੍ਰਕਾਰ | ਖੁਲੀ ਆਵੇਦਨ |
| ਟੈਂਡਰ ਜਮਾਂ ਕਰਨਾ ਅਤੇ ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਆਵੇਦਨ, ਸ਼ੀਲਬੰਦ ਲਿਫਾਫੇ ਵਿਚ ਵਾਣਿਜਿਯਕ ਬਰਾਂਚ, ਡੀ ਆਰ ਐਮ ਦਫਤਰ, ਸਟੇਟ ਐਂਟਰੀ ਰੋਡ, ਨਵੀਂ ਦਿੱਲੀ-110055 ਵਿਚ ਮਿਤੀ 05.07.2025 ਤੋਂ 05.08.2025 (ਸਵੇਰੇ: 10:00 ਵਜੇ ਤੋਂ ਸ਼ਾਮ 17:00 ਵਜੇ ਤਕ) ਅਤੇ ਮਿਤੀ 06.08.2025 ਨੂੰ 14:00 ਵਜੇ ਤਕ ਸਵੀਕਾਰ ਕੀਤੇ ਜਾਣਗੇ ਅਤੇ ਮਿਤੀ 06.08.2025 ਨੂੰ ਹੀ 15:00 ਵਜੇ ਖੋਲੇ ਜਾਣਗੇ। |
| ਪੂਰੀ ਟੈਂਡਰ ਸੂਚਨਾ ਕਿਥੇ ਦੇਖੀ ਜਾਂ ਸਕਦੀ ਹੈ | ਟੈਂਡਰ ਮੰਗ ਦੀ ਸੂਚਨਾ ਅਤੇ ਟੈਂਡਰ ਪ੍ਰਪੱਤਰ ਉੱਤਰ ਰੇਲਵੇ ਦੀ ਵੈੱਬਸਾਈਟ www.nr.indianrailways.gov.in ਤੋਂ ਪ੍ਰਾਪਤ ਕੀਤੇ ਜਾਂ ਸਕਦੇ ਹਨ। |

No.631-CP-Halt Tender-2023 Date: 14.07.2025 2121/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਕਾਂਗਰਸ ਦੇ ਕਾਰਜਕਾਲ ਦੌਰਾਨ ਦਸੰਬਰ, 2021 ਨੂੰ ਕੇਂਦਰ ਨੂੰ ਸੀ.ਆਈ. ਐਸ.ਐਫ. ਲਾਉਣ ਦੀ ਸਹਿਮਤੀ ਦਿੱਤੀ ਗਈ: ਬਰਿੰਦਰ ਕੁਮਾਰ ਗੋਇਲ

## ਬੀ.ਬੀ.ਐਮ.ਬੀ ਦੀਆਂ ਸਥਾਪਨਾਵਾਂ ਨੂੰ 70 ਸਾਲਾਂ ਤੋਂ ਪੰਜਾਬ ਪੁਲਿਸ ਵੱਲੋਂ ਪੂਰੀ ਤਰ੍ਹਾਂ ਸੁਰੱਖਿਅਤ ਰੱਖਿਆ ਗਿਆ, ਫੇਰ ਸੀ.ਆਈ.ਐਸ.ਐਫ. ਦੀ ਲੋੜ ਕਿਉਂ ?: ਜਲ ਸਰੋਤ ਮੰਤਰੀ

**ਚੰਡੀਗੜ੍ਹ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਵਲੋਂ ਅੱਜ ਪੰਜਾਬ ਵਿਧਾਨ ਸਭਾ ਦੀ ਕਾਰਵਾਈ ਦੌਰਾਨ ਸੂਬੇ ਵਿੱਚ ਕੇਂਦਰ ਵੱਲੋਂ ਬੀ.ਬੀ.ਐਮ.ਬੀ. ਨੂੰ ਸੀ.ਆਈ.ਐਸ.ਐਫ. ਸੁਰੱਖਿਆ ਮੁਹੱਈਆ ਕਰਵਾਉਣ ਦੇ ਵਿਰੋਧ ਵਿਚ ਸਰਕਾਰੀ ਮਤਾ ਪੇਸ਼ ਕੀਤਾ ਗਿਆ।

ਮਤਾ ਪੇਸ਼ ਕਰਦਿਆਂ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਭਾਰਤ ਸਰਕਾਰ ਦੇ ਬਿਜਲੀ ਮੰਤਰਾਲੇ ਨੇ ਬੀ.ਬੀ.ਐਮ.ਬੀ. ਦੀਆਂ ਅਹਿਮ ਸਥਾਪਨਾਵਾਂ ਦੀ ਇੱਕ ਸੂਚੀ ਭੇਜੀ ਸੀ, ਜੋ ਅਜੇ ਤੱਕ ਸੀ.ਆਈ.ਐਸ.ਐਫ ਦੀ ਸੁਰੱਖਿਆ ਹੇਠ ਨਹੀਂ ਸਨ ਅਤੇ ਬੀ.ਬੀ.ਐਮ.ਬੀ ਨੂੰ ਸਮੂਹ ਸੀ.ਆਈ.ਐਸ.ਐਫ ਸੁਰੱਖਿਆ ਕਵਰ ਦੀ ਲੋੜ ਬਾਰੇ ਜ਼ੋਰ ਦੇ ਕੇ ਕਿਹਾ ਸੀ ਕਿ ਸਾਰੇ ਅਹਿਮ ਬੀ.ਬੀ.ਐਮ.ਬੀ. ਸਥਾਨਾਂ ਦੀ ਪੂਰੀ ਸੁਰੱਖਿਆ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਪੰਜਾਬ ਰਾਜ ਨੇ ਸੀ.ਆਈ.ਐਸ.ਐਫ ਦੀ ਤਾਇਨਾਤੀ ਦੇ ਮਸਲੇ ਨੂੰ ਮੁੜ ਵਿਚਾਰਿਆ ਅਤੇ ਮਿਤੀ 27 ਮਈ, 2025 ਅਤੇ 4 ਜੁਲਾਈ, 2025 ਨੂੰ ਬੀ.ਬੀ.ਐਮ.ਬੀ. ਨੂੰ ਭੇਜੇ ਪੱਤਰਾਂ ਰਾਹੀਂ ਸੀ.ਆਈ.ਐਸ.ਐਫ ਦੀ ਤਾਇਨਾਤੀ ਦੇ ਖਿਲਾਫ਼ ਆਪਣੀਆਂ ਸਖ਼ਤ ਅਪੱਤੀਆਂ ਦਰਜ ਕਰਵਾਈਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਰਾਜ ਦੇ ਸਖ਼ਤ ਇਤਰਾਜ਼ਾਂ ਦੇ ਬਾਵਜੂਦ ਕੇਂਦਰ ਸਰਕਾਰ ਸੀ.ਆਈ.ਐਸ.ਐਫ ਦੀ ਤਾਇਨਾਤੀ ਅੱਗੇ ਵਧਾਉਣ ਦੀ ਸੋਚ ਰਹੀ ਹੈ। ਬੀ.ਬੀ.ਐਮ.ਬੀ ਦੀ 4 ਜੁਲਾਈ, 2025 ਨੂੰ ਹੋਈ ਹਾਲੀਆ ਮੀਟਿੰਗ ਵਿੱਚ ਵੀ ਪੰਜਾਬ ਵੱਲੋਂ ਬਹੁਤ ਜ਼ੋਰਦਾਰ ਢੰਗ ਨਾਲ ਵਿਰੋਧ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਬੀ.ਬੀ.ਐਮ.ਬੀ ਦੀਆ ਸਥਾਪਨਾਵਾਂ ਨੂੰ ਪਿਛਲੇ ਲਗਭਗ 70 ਸਾਲਾਂ ਤੋਂ ਪੰਜਾਬ ਪੁਲਿਸ ਵੱਲੋਂ ਪੂਰੀ ਤਰ੍ਹਾਂ ਸੁਰੱਖਿਅਤ ਰੱਖਿਆ ਗਿਆ ਹੈ। ਬਹੁਤ ਹੀ ਨਾਜ਼ੁਕ ਸਮੇਂ ਦੌਰਾਨ ਵੀ ਅਜਿਹੀ ਕੋਈ ਅਣਸੁਖਾਵੀਂ ਘਟਨਾ ਕਦੇ ਸਾਹਮਣੇ ਨਹੀਂ ਆਈ।

ਜਲ ਸਰੋਤ ਮੰਤਰੀ ਨੇ ਕਿਹਾ ਕਿ ਬੀ.ਬੀ.ਐਮ.ਬੀ. 'ਤੇ ਤਾਇਨਾਤ ਰਾਜ ਦੀ ਪੁਲਿਸ ਸਥਾਨਕ ਸਥਿਤੀਆਂ ਤੋਂ ਚੰਗੀ ਤਰ੍ਹਾਂ ਜਾਣੂ ਹੈ ਅਤੇ ਪਿਛਲੇ ਕਈ ਸਾਲਾਂ ਤੋਂ ਪ੍ਰਾਜੈਕਟਾਂ ਦੀ ਸੇਵਾ ਕਰ ਰਹੀ ਹੈ। ਜਿੱਥੇ ਤਕ ਤਕਨੀਕ ਦਾ ਸਵਾਲ ਹੈ, ਪੰਜਾਬ ਪੁਲਿਸ ਨਵੀਂ ਤੋਂ ਨਵੀਂ ਤਕਨੀਕ ਦੀ ਵਰਤੋਂ ਕਰਨ ਵਿੱਚ ਨਿਪੁੰਨ ਹੈ। ਇਸ ਤੋਂ ਇਲਾਵਾ ਪੰਜਾਬ ਪੁਲਿਸ ਨੂੰ ਸਰਹੱਦੀ ਇਲਾਕਿਆਂ ਵਿੱਚ ਅਜਿਹੀਆਂ ਸਥਿਤੀਆਂ ਦਾ ਸਾਹਮਣਾ ਕਰਨ ਦਾ ਲੰਮਾ ਅਨੁਭਵ ਵੀ ਹੈ। ਇਹ ਫੋਰਸ ਦੇਸ਼ ਦੀ ਕਿਸੇ ਵੀ ਹੋਰ ਫੋਰਸ ਵਾਂਗ ਪੇਸ਼ੇਵਰ ਹੈ। ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਸੀ.ਆਈ.ਐਸ.ਐਫ ਦੀ ਤਾਇਨਾਤੀ ਪੰਜਾਬ ਰਾਜ ਅਤੇ ਹੋਰ ਭਾਈਵਾਲ ਰਾਜਾਂ 'ਤੇ ਬੇਲੋੜੇ ਵਿੱਤੀ ਬੋਝ ਨੂੰ ਵਧਾਏਗੀ। ਪੰਜਾਬ ਰਾਜ ਬੀ.ਬੀ.ਐਮ.ਬੀ ਦੇ ਖਰਚੇ ਵਿੱਚ ਮੁੱਖ ਯੋਗਦਾਨ ਪਾਉਣ ਵਾਲਾ ਰਾਜ ਹੈ ਅਤੇ ਇਸ ਲਈ ਪੰਜਾਬ ਰਾਜ ਨੂੰ ਇਹ ਵਾਧੂ ਖਰਚ ਵੀ ਸਹਿਣਾ ਪਵੇਗਾ। ਉਨ੍ਹਾਂ ਕਿਹਾ ਕਿ ਸਥਾਪਨਾਵਾਂ ਪੰਜਾਬ ਜਾਂ ਹਿਮਾਚਲ ਪ੍ਰਦੇਸ਼ ਦੇ ਖੇਤਰੀ ਅਧਿਕਾਰ ਦੇ ਅੰਦਰ ਹਨ। ਕਾਨੂੰਨ ਅਨੁਸਾਰ ਆਪਣੀ-ਆਪਣੀ ਹੱਦਬੰਦੀ ਵਿੱਚ ਕਾਨੂੰਨ-ਵਿਵਸਥਾ ਬਣਾਈ ਰੱਖਣ ਅਤੇ ਇਨ੍ਹਾਂ ਸਥਾਪਨਾਵਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਸਬੰਧਤ ਰਾਜ ਸਰਕਾਰਾਂ ਦੀ ਹੁੰਦੀ ਹੈ।



ਉਨ੍ਹਾਂ ਕਿਹਾ ਕਿ ਹਾਲੀਆ ਪ੍ਰਸਤਾਵਾਂ ਅਨੁਸਾਰ ਸੀ.ਆਈ.ਐਸ.ਐਫ ਦੀ ਤਾਇਨਾਤੀ ਕਾਰਨ ਵਾਧੂ ਵਿੱਤੀ ਪ੍ਰਭਾਵ 49.32 ਕਰੋੜ ਰੁਪਏ ਪ੍ਰਤੀ ਸਾਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਰਾਜ ਦੇ ਹੋਰ ਡੈਮਾਂ ਦੀ ਵੀ ਦੇਖਭਾਲ ਕਰ ਰਿਹਾ ਹੈ, ਜਿਨ੍ਹਾਂ ਵਿੱਚ ਰਣਜੀਤ ਸਾਗਰ ਡੈਮ ਅਤੇ ਸ਼ਾਹਪੁਰਕੰਡੀ ਡੈਮ ਸ਼ਾਮਲ ਹਨ। ਇਨ੍ਹਾਂ ਡੈਮਾਂ ਦੀ ਸੁਰੱਖਿਆ ਬੀ.ਬੀ.ਐਮ.ਬੀ. ਸਥਾਪਨਾਵਾਂ ਨਾਲੋਂ ਵਧੇਰੇ ਗੰਭੀਰ ਹੈ ਕਿਉਂਕਿ ਇਹ ਡੈਮ ਅੰਤਰਰਾਸ਼ਟਰੀ ਸਰਹੱਦ ਦੇ ਬਹੁਤ ਨੇੜੇ ਹਨ। ਇਨ੍ਹਾਂ ਡੈਮਾਂ ਦੀ ਸੁਰੱਖਿਆ ਪੰਜਾਬ ਪੁਲਿਸ ਅਤੇ ਰਾਜ ਸਰਕਾਰ ਦੁਆਰਾ ਕੀਤੀ ਜਾ ਰਹੀ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਸੀ.ਆਈ.ਐੱਸ.ਐਫ. ਦੀ ਹਾਈਬ੍ਰਿਡ ਮਾਡਲ ਤਾਇਨਾਤੀ ਨਾਲ ਲੱਗਣ ਵਾਲੀ ਲਾਗਤ ਮੌਜੂਦਾ ਰਾਜ ਪੁਲਿਸ ਦੀ ਤਾਇਨਾਤੀ ਨਾਲੋਂ 49.32 ਕਰੋੜ ਰੁਪਏ ਵੱਧ ਹੈ, ਜੋ ਪੰਜਾਬ ਰਾਜ ਲਈ ਸਵੀਕਾਰਯੋਗ ਨਹੀਂ ਹੈ। ਪੰਜਾਬ, ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.) ਵਿੱਚ ਇੱਕ ਵੱਡਾ ਹਿੱਸੇਦਾਰ ਹੈ ਅਤੇ ਇਸ ਦੀ ਫੰਡਿੰਗ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਇਸ ਲਈ ਭਾਖੜਾ ਨੰਗਲ ਅਤੇ ਹੋਰ ਹਾਈਡ ?ਰੋ ਪ੍ਰਾਜੈਕਟਾਂ 'ਤੇ ਸੀ.ਆਈ.ਐਸ.ਐਫ ਕਰਮਚਾਰੀਆਂ ਦੀ ਤਾਇਨਾਤੀ ਪੰਜਾਬ ਸਰਕਾਰ 'ਤੇ ਇੱਕ ਬੇਲੋੜਾ ਅਤੇ ਟਾਲ ਸਕਣ ਵਾਲਾ ਵਿੱਤੀ ਬੋਝ ਪਾਏਗੀ।

ਉਨ੍ਹਾਂ ਉਚੇਚੇ ਤੌਰ 'ਤੇ ਕਿਹਾ ਕਿ ਜੇਕਰ ਬੀ.ਬੀ.ਐਮ.ਬੀ. ਅਜੇ ਵੀ ਸੀ.ਆਈ.ਐਸ.ਐਫ ਕਰਮਚਾਰੀਆਂ ਦੀ ਤਾਇਨਾਤੀ ਕਰਨ ਦਾ ਇਰਾਦਾ ਰੱਖਦਾ ਹੈ ਤਾਂ ਪੰਜਾਬ ਅਜਿਹੀ ਤਾਇਨਾਤੀ ਅਤੇ ਇਸ ਤੋਂ ਪੈਦਾ ਹੋਣ ਵਾਲਾ ਕੋਈ ਵਿੱਤੀ ਬੋਝ ਨਹੀਂ ਝੱਲੇਗਾ।

ਮਤੇ 'ਤੇ ਬਹਿਸ ਵਿੱਚ ਬੋਲਦਿਆਂ ਸ੍ਰੀ ਗੋਇਲ ਨੇ ਦੱਸਿਆ ਕਿ ਪਿਛਲੀ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ 6 ਦਸੰਬਰ, 2021 ਨੂੰ ਕੇਂਦਰ ਨੂੰ ਚਿੱਠੀ ਲਿਖ ਕੇ ਸੀ.ਆਈ.ਐਸ.ਐਫ. ਦੀ ਤਾਇਨਾਤੀ ਸਬੰਧੀ ਸਹਿਮਤੀ ਦਿੱਤੀ ਗਈ ਸੀ।ਟ ਮੰਤਰੀ ਨੇ ਕਿਹਾ ਕਿ ਜਦੋਂ ਪੰਜਾਬ ਪੁਲਿਸ ਡੈਮਾਂ ਦੀ ਸੁਰੱਖਿਆ ਕਰਨ ਦੇ ਸਮਰੱਥ ਹੈ ਤਾਂ ਫੇਰ ਕੇਂਦਰ ਸਰਕਾਰ ਵੱਲੋਂ ਸੀ.ਆਈ.ਐਸ.ਐਫ. ਦੀ ਲੋੜ ਕਿਉਂ ਦਰਸਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਸਲ ਵਿੱਚ ਇਹ ਕਹਾਣੀ ਕੇਂਦਰ ਸਰਕਾਰ ਵੱਲੋਂ ਸੀ.ਆਈ.ਐਸ.ਐਫ. ਤੈਨਾਤ ਕਰਨ ਦੀ ਆੜ ਵਿੱਚ ਡੈਮਾਂ 'ਤੇ ਕਬਜ਼ਾ ਕਰਨ ਦੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਕੇਂਦਰ ਸਰਕਾਰ ਨੇ ਹਰਿਆਣਾ ਸਰਕਾਰ ਦੀ ਮਿਲੀਭੁਗਤ ਨਾਲ ਪੰਜਾਬ ਦੇ ਪਾਣੀ ਲੁੱਟਣ ਦੀ ਕੋਸ਼ਿਸ਼ ਕੀਤੀ ਜਿਸ ਦਾ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਡਟ ਕੇ ਵਿਰੋਧ ਕੀਤਾ। ਜਦੋਂ ਸੂਬੇ ਨਾਲ ਧੱਕਾ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਅਸੀਂ ਉੱਥੇ ਜਾ ਕੇ ਬੈਠੇ, ਉੱਥੇ ਧਰਨੇ ਲਾਏ ਅਤੇ ਆਪਣੇ ਪਾਣੀਆਂ ਦੀ ਰਾਖੀ ਕੀਤੀ। ਉਨ੍ਹਾਂ ਕਿਹਾ ਕਿ ਇਸੇ ਕਰਕੇ ਅੱਜ ਕੇਂਦਰ ਸਰਕਾਰ ਅਸਿੱਧੇ ਤੌਰ 'ਤੇ ਸੀ.ਆਈ.ਐਸ.ਐਫ ਦੀ ਤੈਨਾਤੀ ਕਰਕੇ ਸਾਡੇ ਡੈਮਾਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਆਪਣਾ ਸਭ ਕੁਝ ਦੇਸ਼ ਲਈ ਵਾਰਿਆ ਪਰ ਸੂਬੇ ਨਾਲ ਹਮੇਸ਼ਾ ਧੋਖਾ ਕੀਤਾ ਜਾਂਦਾ ਰਿਹਾ। 1981 ਵਿੱਚ ਰਾਵੀ-ਬਿਆਸ ਪਾਣੀ ਦੀ ਵੰਡ ਸਮੇਂ ਵੀ 17 ਐਮ.ਏ.ਐਫ ਪਾਣੀ ਵਿੱਚੋਂ ਪੰਜਾਬ ਨੂੰ ਸਿਰਫ 4 ਐਮ.ਏ.ਐਫ ਪਾਣੀ ਦਿੱਤਾ ਗਿਆ। ਉਸ ਤੋਂ ਬਾਅਦ 24 ਜੁਲਾਈ, 1985 ਨੂੰ ਰਜੀਵ ਲੌਂਗਵਾਲ ਸਮਝੌਤੇ ਦੇ 13 ਪੈਰਿਆਂ, ਜਿਨ੍ਹਾਂ ਵਿੱਚ ਇੱਕ ਪੈਰੇ 'ਚ ਕਿਹਾ ਗਿਆ ਸੀ ਕਿ 26 ਜਨਵਰੀ, 1986 ਨੂੰ ਚੰਡੀਗੜ੍ਹ ਨੂੰ ਪੰਜਾਬ ਨੂੰ ਦੇ ਦਿੱਤਾ ਜਾਵੇਗਾ, ਲਾਗੂ ਨਹੀਂ ਕੀਤਾ ਗਿਆ ਅਤੇ ਹੋਰ ਕਿਸੇ ਨੁਕਤੇ 'ਤੇ ਅਮਲ ਨਹੀਂ ਕੀਤਾ ਗਿਆ ਪਰ ਸੂਬੇ ਦਾ ਪਾਣੀ ਖੋਹਣ ਵਾਲੀ ਇਕੱਲੀ ਗੱਲ 'ਤੇ ਅਮਲ ਕਰ ਲਿਆ ਗਿਆ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸਾਨੂੰ 30 ਐਮਏਐਫ ਪਾਣੀ ਦੀ ਲੋੜ ਹੈ ਪਰ ਸਾਡੇ ਲਈ ਪਾਣੀ ਹੈ ਹੀ ਨਹੀਂ। ਉਨ੍ਹਾਂ ਕਿਹਾ ਕਿ ਬੀ.ਬੀ.ਐਮ.ਬੀ ਦੇ ਚੇਅਰਮੈਨ ਕੇਂਦਰ ਸਰਕਾਰ ਦੇ ਇਸ਼ਾਰਿਆਂ 'ਤੇ ਕੰਮ ਕਰ ਰਹੇ ਹਨ। ਕੇਂਦਰ ਸਰਕਾਰ ਦੇ ਮੰਤਰੀ ਅਤੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਦੇ ਇਸ਼ਾਰਿਆਂ 'ਤੇ ਸਾਰਾ ਕੰਮ ਹੋ ਰਿਹਾ ਹੈ ਜਦ ਕਿ ਉਨ੍ਹਾਂ ਲਈ ਪੂਰਾ ਦੇਸ਼ ਇੱਕ ਹੋਣਾ ਚਾਹੀਦਾ ਹੈ।

ਇਨ੍ਹਾਂ ਪੱਖਾਂ ਨੂੰ ਧਿਆਨ ਵਿੱਚ ਰੱਖਦਿਆਂ ਸਦਨ ਨੇ ਬੀ.ਬੀ.ਐਮ.ਬੀ. ਵੱਲੋਂ ਆਪਣੀਆਂ ਸਾਰੀਆਂ ਸਥਾਪਨਾਵਾਂ 'ਤੇ ਸੀ.ਆਈ.ਐਸ.ਐਫ ਕਰਮਚਾਰੀਆਂ ਦੀ ਤਾਇਨਾਤੀ ਕਰਨ ਦਾ ਪ੍ਰਸਤਾਵ ਖਾਰਜ ਕਰ ਦਿੱਤਾ। ਸਦਨ ਨੇ ਜ਼ੋਰਦਾਰ ਢੰਗ ਨਾਲ ਕਿਹਾ ਕਿ ਮੌਜੂਦਾ ਸਮੇਂ ਵਿੱਚ ਤਾਇਨਾਤ ਰਾਜ ਪੁਲਿਸ ਇਨ੍ਹਾਂ ਪ੍ਰਾਜੈਕਟਾਂ ਦੀ ਸਥਿਤੀ/ਖੇਤਰ ਅਤੇ ਸੁਰੱਖਿਆ ਤੋਂ ਚੰਗੀ ਤਰ੍ਹਾਂ ਜਾਣੂ ਹੈ, ਜੋ ਕਈ ਸਾਲਾਂ ਤੋਂ ਇਨ੍ਹਾਂ ਖੇਤਰਾਂ ਵਿੱਚ ਸੇਵਾ ਨਿਭਾਅ ਰਹੇ ਹਨ। ਮੌਜੂਦਾ ਪ੍ਰਬੰਧ ਕੁਸ਼ਲ ਅਤੇ ਲਾਗਤ-ਪ੍ਰਭਾਵਸ਼ਾਲੀ ਸਾਬਤ ਹੋਇਆ ਹੈ, ਸੁਰੱਖਿਆ ਵਿੱਚ ਕੋਈ ਮਹੱਤਵਪੂਰਨ ਕਮੀਆਂ ਦੀ ਰਿਪੋਰਟ ਨਹੀਂ ਕੀਤੀ ਗਈ। ਇਸ ਲਈ ਪੰਜਾਬ ਰਾਜ ਭਾਖੜਾ ਨੰਗਲ ਪ੍ਰਾਜੈਕਟ 'ਤੇ ਸੀ.ਆਈ.ਐਸ.ਐਫ ਦੀ ਤਾਇਨਾਤੀ ਨਾਲ ਸਹਿਮਤ ਨਹੀਂ ਹੈ।

ਸਦਨ ਨੇ ਸਰਬਸੰਮਤੀ ਨਾਲ ਪੰਜਾਬ ਸਰਕਾਰ ਨੂੰ ਸਿਫਾਰਸ਼ ਕੀਤੀ ਕਿ ਇਹ ਮਾਮਲਾ ਭਾਰਤ ਸਰਕਾਰ ਦੇ ਸਬੰਧਤ ਮੰਤਰਾਲਿਆਂ ਕੋਲ ਉਠਾਇਆ ਜਾਵੇ ਅਤੇ ਭਾਰਤ ਸਰਕਾਰ ਅਤੇ ਬੀ.ਬੀ.ਐਮ.ਬੀ. ਨੂੰ ਆਖਿਆ ਜਾਵੇ ਕਿ ਭਾਖੜਾ ਡੈਮ ਪ੍ਰਾਜੈਕਟਾਂ ਅਤੇ ਬੀ.ਬੀ.ਐਮ.ਬੀ. ਦੇ ਹੋਰ ਹਾਈਡ ?ਰੋ ਪ੍ਰਾਜੈਕਟਾਂ 'ਤੇ ਸੀ.ਆਈ.ਐੱਸ.ਐਫ. ਕਰਮਚਾਰੀ ਤਾਇਨਾਤ ਨਾ ਕੀਤੇ ਜਾਣ।

# ਮੁਫਤ ਰਾਸ਼ਨ ਲੈਣ ਵਾਲੇ ਲਾਭਪਾਤਰੀ ਜਲਦ ਤੋਂ ਜਲਦ ਈ-ਕੇ.ਵਾਈ.ਸੀ ਕਰਵਾਉਣਾ ਬਣਾਉਣ ਯਕੀਨੀ : ਡੇਜੀ ਮਹਿਤਾ

**ਮਲੇਰਕੋਟਲਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਜਿਲਾ ਖੁਰਾਕ ਤੇ ਸਪਲਾਈ ਕੰਟਰੋਲਰ ਡੇਜੀ ਮਹਿਤਾ ਵੱਲੋਂ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ-2013 ਅਧੀਨ ਮੁਫ਼ਤ ਰਾਸ਼ਨ ਦਾ ਲਾਭ ਲੈ ਰਹੇ ਸਮੂਹ ਲਾਭਪਾਤਰੀਆਂ ਨੂੰ ਜਲਦ ਤੋਂ ਜਲਦ ਆਪਣੀ ਅਤੇ ਆਪਣੇ ਪਰਿਵਾਰ ਦੀ ਈ-ਕੇ.ਵਾਈ.ਸੀ ਕਰਵਾਉਣ ਦੀ ਅਪੀਲ ਕੀਤੀ ਗਈ ਹੈ।

ਉਨ੍ਹਾ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਲਾਭਪਾਤਰੀ ਵੱਲੋਂ ਆਪਣੀ ਈ-ਕੇ.ਵਾਈ.ਸੀ ਕਰਵਾਉਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਇਸ ਲਈ ਉਹਨਾਂ ਸਮੂਹ ਲਾਭਪਾਤਰੀਆ ਨੂੰ ਅਪੀਲ ਕੀਤੀ ਕਿ ਉਹ ਆਪਣੇ ਨਜ਼ਦੀਕੀ ਰਾਸ਼ਨ ਡੀਲਰ ਜਾਂ ਆਨਲਾਈਨ ਸਾਧਨਾਂ ਰਾਹੀਂ ਜਲਦ ਤੋਂ ਜਲਦ ਈ-ਕੇ.ਵਾਈ.ਸੀ ਕਰਵਾਉਣ ਤਾਂ ਜੋ ਕੋਈ ਵੀ ਲਾਭਪਾਤਰੀ ਮੁਫਤ ਰਾਸ਼ਨ ਦੀ ਸਕੀਮ ਦਾ ਲਾਭ ਲੈਣ ਤੋਂ ਵਾਂਝਾ ਨਾ ਰਹੇ।

ਉਨ੍ਹਾਂ ਹੋਰ ਦਸਿੱਆ ਮੇਰਾ ਈ ਕੇ ਵਾਈ ਸੀ ਐਪ ਰਾਹੀਂ ਵੀ ਲਾਭਪਾਤਰੀ ਆਪਣੇ ਮੋਬਾਈਲ ਤੋਂ ਘਰ ਬੈਠੇ ਹੀ ਆਪਣੀ ਈ-ਕੇ.ਵਾਈ.ਸੀ ਕਰ ਸਕਦੇ ਹਨ ਤਾਂ ਕਿ ਉਹ ਆਪਣੇ ਰਾਸ਼ਨ ਦਾ ਲਾਭ ਨਿਰਵਿਘਨ ਲੈ ਸਕਣ।

# ਸਿਹਤ ਵਿਭਾਗ ਦੀਆਂ ਟੀਮਾਂ ਨੇ ਡੇਂਗੂ ਦਾ ਲਾਰਵਾ ਕੀਤਾ ਚੈਕ



**ਖਰੜ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਵਿਭਾਗ ਵਲੋਂ ਹਰ ਸ਼ੁੱਕਰਵਾਰ 'ਡੈਂਗੂ ਤੇ ਵਾਰ' ਮੁਹਿੰਮ ਤਹਿਤ ਐਸ.ਡੀ.ਐਮ.ਕੰਪਲੈਕਸ, ਤਹਿਸੀਲ ਕੰਪਲੈਕਸ, ਦਫਤਰ ਅਤੇ ਅਦਾਲਤੀ ਕੰਪਲੈਕਸ, ਪਟਵਾਰਖਾਨਾ ਵਿਚ ਸਿਹਤ ਵਿਭਾਗ ਦੀਆਂ ਟੀਮਾਂ ਵਲੋਂ ਵਿਸ਼ੇਸ ਮੁਹਿੰਮ ਚਲਾਈ ਗਈ। ਟੀਮਾਂ ਵਲੋਂ ਕੂਲਰਾਂ ਅਤੇ ਗਮਲਿਆਂ ਦੀ ਜਾਂਚ ਕੀਤੀ ਗਈ ਜੋ ਪਾਣੀ ਨਾਲ ਭਰੇ ਹੋਏ ਸਨ ਅਤੇ 2 ਥਾਵਾਂ ਤੇ ਡੈਂਗੂ ਦਾ ਲਾਰਵਾਂ ਪਾਇਆ ਗਿਆ। ਟੀਮਾਂ ਵਲੋਂ ਲਾਰਵੇ ਨੂੰ ਮੌਕੇ ਤੇ ਨਸ਼ਟ ਕੀਤਾ ਗਿਆ ਅਤੇ ਮੌਕੇ ਤੇ ਹਾਜ਼ਰ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਕੂਲਰਾਂ ਅਤੇ ਗਮਲਿਆਂ ਵਿਚ ਪਾਣੀ ਨਾਲ ਖੜ੍ਹਾ ਕਰਨ ਅਤੇ ਆਲਾ ਦੁਆਲਾ ਸਾਫ ਰੱਖਣ।

ਟੀਮ ਵਿਚ ਰੋਹਿਤ ਕੁਮਾਰ, ਹਰਵਿੰਦਰ ਸਿੰਘ, ਗੁਰਬਚਨ ਸਿੰਘ, ਜਗਦੀਸ਼ ਸਿੰਘ, ਬਲਜਿੰਦਰ ਸਿੰਘ, ਐਸ.ਆਈ.ਅਵਤਾਰ ਸਿੰਘ ਸਮੇਤ ਹੋਰ ਕਰਮਚਾਰੀ ਹਾਜ਼ਰ ਸਨ।

# 'ਆਪ' ਸਰਕਾਰ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਡਟ ਕੇ ਪਹਿਰਾ ਦੇਵੇਗੀ: ਅਮਨ ਅਰੋੜਾ

## 'ਆਪ' ਪ੍ਰਧਾਨ ਨੇ ਸੂਬੇ ਦੇ ਹਿੱਤਾਂ ਨੂੰ ਅਣਗੌਲਿਆ ਕਰਨ ਲਈ ਪਿਛਲੀਆਂ ਸਰਕਾਰਾਂ 'ਤੇ ਨਿਸ਼ਾਨਾ ਸਾਧਿਆ

**ਚੰਡੀਗੜ੍ਹ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੇ ਹਿੱਤਾਂ ਨੂੰ ਅਣਗੌਲਿਆਂ ਕਰਨ ਲਈ ਪਿਛਲੀਆਂ ਸਰਕਾਰਾਂ ਨੂੰ ਕਰੜੇ ਹੱਥੀਂ ਲੈਂਦਿਆਂ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਹਿੱਤਾਂ ਦੀ ਰਾਖੀ ਲਈ ਪੂਰਾ ਡਟ ਕੇ ਪਹਿਰਾ ਦੇਵੇਗੀ।

ਉਹ ਪੰਜਾਬ ਵਿਧਾਨ ਸਭਾ ਵਿੱਚ ਜਲ ਸਰੋਤ ਮੰਤਰੀ ਵੱਲੋਂ ਸੂਬੇ ਵਿੱਚ ਬੀ.ਬੀ.ਐਮ.ਬੀ. ਅਦਾਰਿਆਂ 'ਤੇ ਸੀ.ਆਈ.ਐਸ.ਐਫ. ਦੀ ਤਾਇਨਾਤੀ ਵਿਰੁੱਧ ਪੇਸ਼ ਕੀਤੇ ਗਏ ਅਧਿਕਾਰਤ ਮਤੇ ਬਾਰੇ ਸਦਨ ਨੂੰ ਸੰਬੋਧਨ ਕਰ ਰਹੇ ਸਨ।

ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੈ ਅਤੇ ਇਸ ਦਾ ਜੀਵਨ ਕਿਸਾਨਾਂ, ਉਨ੍ਹਾਂ ਦੇ ਖੇਤਾਂ ਅਤੇ ਪਾਣੀ ਦੁਆਲੇ ਘੁੰਮਦਾ ਹੈ। ਉਨ੍ਹਾਂ ਨੇ ਪਿਛਲੀਆਂ ਸਰਕਾਰਾਂ ਦੀ ਸੰਕੀਰਨ ਸੋਚ ਅਤੇ ਦੂਰਅੰਦੇਸ਼ ਸੋਚ ਰੱਖਣ ਨਾਲੋਂ ਚੋਣਾਂ ਸਬੰਧੀ ਲਾਭਾਂ ਨੂੰ ਜ਼ਿਆਦਾ ਤਰਜੀਹ ਦੇਣ ਦੀ ਕਰੜੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਰਥਿਕਤਾ ਵਿੱਚ ਖੇਤੀਬਾੜੀ ਦਾ ਮਹੱਤਵਪੂਰਨ ਯੋਗਦਾਨ ਹੈ ਅਤੇ ਸੂਬੇ ਦੀ ਲਗਭਗ 70 ਫ਼ੀਸਦ ਆਬਾਦੀ ਇਸ 'ਤੇ ਨਿਰਭਰ ਕਰਦੀ ਹੈ।

ਸ੍ਰੀ ਅਮਨ ਅਰੋੜਾ ਨੇ ਕਿਹਾ, ਪੰਜਾਬ ਦੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਅਧੀਨ ਕਾਂਗਰਸ ਦੀ ਸੱਤਾ ਦੌਰਾਨ ਜਦੋਂ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਕਾਂਗਰਸ ਦਾ ਸ਼ਾਸ਼ਨ ਸੀ ਤਾਂ ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦੀ ਉਸਾਰੀ ਕਪੂਰੀ ਤੋਂ ਸ਼ੁਰੂ ਹੋਈ ਸੀ। ਪੰਜਾਬ ਜਾਣਦਾ ਹੈ ਕਿ ਇਸਨੂੰ ਅਦਾਲਤ ਵਿੱਚ ਕਿਸਨੇ ਚੁਣੌਤੀ ਦਿੱਤੀ ਸੀ ਅਤੇ ਬਾਅਦ ਵਿੱਚ ਉਸੇ ਕਾਂਗਰਸ ਦੇ ਸ਼ਾਸਨ ਦੌਰਾਨ ਇਸ ਨੂੰ ਕਿਵੇਂ ਵਾਪਸ ਲੈ ਲਿਆ ਗਿਆ ਸੀ। ਉਨ੍ਹਾਂ ਕਿਹਾ ਕਿ ਪਾਣੀ ਦਾ ਮੁੱਦਾ ਹਰੇਕ ਪੰਜਾਬੀ ਲਈ ਬੇਹੱਦ ਭਾਵਨਾਤਮਕ ਹੈ। ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਬੀ.ਬੀ.ਐਮ.ਬੀ. ਸਿਲੈਕਸ਼ਨ ਕਮੇਟੀ ਵਿੱਚ ਵੀ ਇਕਪਾਸੜ ਬਦਲਾਅ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਵਿੱਚ ਪੰਜਾਬ (ਪਾਵਰ) ਅਤੇ ਹਰਿਆਣਾ (ਸਿੰਚਾਈ) ਵਜੋਂ ਮੈਂਬਰ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਹਾਲਾਂਕਿ ਪੰਜਾਬ ਵੱਲੋਂ ਬੀ.ਬੀ.ਐਮ.ਬੀ. ਪ੍ਰੋਜੈਕਟ ਦਾ 60 ਫ਼ੀਸਦ ਖ਼ਰਚਾ ਸਹਿਣ ਕੀਤਾ ਜਾਂਦਾ ਹੈ। ਕੇਂਦਰ ਨੇ ਸੂਬੇ ਦੇ ਹਿੱਤਾਂ ਅਤੇ ਅਧਿਕਾਰਾਂ ਨੂੰ ਬਿਲਕੁਲ ਅਣਗੌਲਿਆਂ ਕੀਤਾ ਹੈ।



ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਬੀ.ਐਸ.ਐਫ. ਦੇ ਅਧਿਕਾਰ ਖੇਤਰ ਦਾ ਵਿਸਥਾਰ ਵੀ ਕਾਂਗਰਸ ਸਰਕਾਰ ਦੌਰਾਨ ਹੀ ਹੋਇਆ ਸੀ। ਜੂਨ 2018 ਵਿੱਚ, ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਨੂੰ ਇੱਕ ਪੱਤਰ ਲਿਖਿਆ ਸੀ, ਜਿਸ ਵਿੱਚ ਸੁਝਾਅ ਦਿੱਤਾ ਗਿਆ ਸੀ ਕਿ ਪੰਜਾਬ ਦੀਆਂ ਜੇਲ੍ਹਾਂ ਦੀ ਸੁਰੱਖਿਆ ਸੀ.ਆਈ.ਐਸ.ਐਫ. ਨੂੰ ਸੌਂਪ ਦਿੱਤੀ ਜਾਣੀ ਚਾਹੀਦੀ ਹੈ, ਜਿਸ ਦਾ ਭਾਵ ਸੀ ਕਿ ਪੰਜਾਬ ਪੁਲਿਸ ਇਸ ਦੇ ਸਮਰੱਥ ਨਹੀਂ ਹੈ।

ਉਨ੍ਹਾਂ ਕਿਹਾ ਕਿ ਇਹ ਸੂਬੇ ਦੀ ਖ਼ੁਦਮੁਖਤਿਆਰੀ ਅਤੇ ਸੁਰੱਖਿਆ ਮਾਮਲਿਆਂ ਬਾਰੇ ਉਨ੍ਹਾਂ ਦੇ ਰੱਵਈਏ 'ਤੇ ਸਵਾਲ ਉਠਾਉਂਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਬੀ.ਬੀ.ਐਮ.ਬੀ. ਦੇ ਚਾਰ ਭਾਈਵਾਲ ਸੂਬਿਆਂ ਵਿੱਚੋਂ ਤਿੰਨ ਨੇ ਕਾਂਗਰਸ ਪਾਰਟੀ ਦੇ ਕਾਰਜਕਾਲ ਦੌਰਾਨ ਕੇਂਦਰੀ ਬਲਾਂ ਦੀ ਤਾਇਨਾਤੀ ਲਈ ਸਹਿਮਤੀ ਦਿੱਤੀ ਸੀ।

ਮਤੇ ਦਾ ਜ਼ੋਰਦਾਰ ਸਮਰਥਨ ਕਰਦਿਆਂ, ਸ੍ਰੀ ਅਮਨ ਅਰੋੜਾ ਨੇ ਸੂਬੇ ਦੇ ਹਿੱਤਾਂ ਅਤੇ ਅਧਿਕਾਰਾਂ ਦੀ ਰਾਖੀ ਲਈ 'ਆਪ' ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਸਖ਼ਤ ਰੁਖ਼ ਦੀ ਪੁਸ਼ਟੀ ਕੀਤੀ ਅਤੇ ਨਾਲ ਹੀ ਇਹ ਯਕੀਨੀ ਬਣਾਇਆ ਕਿ ਪੰਜਾਬ ਦੇ ਅਧਿਕਾਰਾਂ ਨਾਲ ਕੋਈ ਸਮਝੌਤਾ ਨਾ ਹੋਵੇ।

ਸ੍ਰੀ ਅਰੋੜਾ ਨੇ ਸੀ.ਆਈ.ਐਸ.ਐਫ. ਦੀ ਤਾਇਨਾਤੀ ਦੀ ਜ਼ਰੂਰਤ ਨੂੰ ਨਕਾਰਦਿਆਂ ਕਿਹਾ ਕਿ ਪੰਜਾਬ ਪੁਲਿਸ ਬੀ.ਬੀ.ਐਮ.ਬੀ. ਦੇ ਸਾਰੇ ਅਦਾਰਿਆਂ ਦੀ ਰੱਖਿਆ ਕਰਨ ਦੇ ਸਮਰੱਥ ਹੈ। ਉਨ੍ਹਾਂ ਨੇ ਆਪਣੇ ਸੁਰੱਖਿਆ ਮਾਮਲਿਆਂ ਦਾ ਪ੍ਰਬੰਧਨ ਕਰਨ ਲਈ ਸੂਬੇ ਦੀ ਸਮਰੱਥਾ 'ਤੇ ਜ਼ੋਰ ਦਿੱਤਾ।

# ਹਾਦਸੇ 'ਚ ਪਤੀ-ਪਤਨੀ ਦੀ ਮੌਤ

**ਪਾਤੜਾਂ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਾਮਝੇੜੀ ਬਾਈਪਾਸ 'ਤੇ ਮੋਟਰਸਾਈਕਲ ਤੇ ਸਰਕਾਰੀ ਬੱਸ ਦੀ ਟੱਕਰ ਵਿੱਚ ਪਤੀ ਤੇ ਪਤਨੀ ਦੀ ਮੌਕੇ 'ਤੇ ਮੌਤ ਹੋ ਗਈ ਜਦੋਂਕਿ ਬੱਚੀ ਤੇ ਔਰਤ ਜ਼ਖ਼ਮੀ ਹੋ ਗਈਆਂ।

ਜ਼ਖ਼ਮੀਆਂ ਨੂੰ ਪਾਤੜਾਂ ਦੇ ਚੈਰੀਟੇਬਲ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਜਾਣਕਾਰੀ ਮੁਤਾਬਕ ਪਿੰਡ ਗੁੱਜਰਾਂ ਤੋਂ ਚਾਰ ਜਣੇ ਮੋਟਰਸਾਈਕਲ 'ਤੇ ਫ਼ਤਿਆਬਾਦ ਨੇੜੇ ਪਿੰਡ ਜਾਲਕੀਆਂ ਜਾ ਰਹੇ ਸਨ। ਇਸੇ ਦੌਰਾਨ ਸਰਕਾਰੀ ਬੱਸ ਤੇ ਮੋਟਰਸਾਈਕਲ ਦੀ ਟੱਕਰ ਹੋ ਗਈ, ਜਿਸ ਵਿੱਚ ਮੋਟਰਸਾਈਕਲ ਸਵਾਰ ਪ੍ਰੀਤਮ ਸਿੰਘ ਤੇ ਉਸ ਦੀ ਪਤਨੀ ਅਮਰਪ੍ਰੀਤ ਕੌਰ ਦੀ ਮੌਤ ਹੋ ਗਈ। ਮ੍ਰਿਤਕ ਪ੍ਰੀਤਮ ਦੀ ਸਾਲੀ ਅਮਨਪ੍ਰੀਤ ਕੌਰ ਤੇ ਛੋਟੀ ਬੱਚੀ ਜ਼ਖ਼ਮੀ ਹੋ ਗਏ। ਤਫ਼ਤੀਸ਼ੀ ਅਫ਼ਸਰ ਕੰਵਲਨੈਣ ਸਿੰਘ ਨੇ ਦੱਸਿਆ ਕਿ ਲਾਸ਼ਾਂ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਭੇਜੀਆਂ ਗਈਆਂ ਹਨ।

# ਛੋਟੇ ਕਾਰੋਬਾਰਾਂ ਲਈ ਵੱਡੀ ਰਾਹਤ: ਤਰੁਨਪ੍ਰੀਤ ਸਿੰਘ ਸੌਂਦ; ਕਿਰਤ ਮੰਤਰੀ ਵੱਲੋਂ ਵਿਧਾਨ ਸਭਾ ਵਿੱਚ ਪੰਜਾਬ ਦੁਕਾਨਾਂ ਅਤੇ ਵਪਾਰਕ ਅਦਾਰੇ ਐਕਟ, 1958 ਅਤੇ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ, 1965 ਵਿੱਚ ਸੋਧਾਂ ਪੇਸ਼

**ਚੰਡੀਗੜ੍ਹ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਕਾਰੋਬਾਰ ਕਰਨ ਵਿੱਚ ਆਸਾਨੀ ਨੂੰ ਉਤਸ਼ਾਹਿਤ ਕਰਨ ਅਤੇ ਛੋਟੇ ਕਾਰੋਬਾਰਾਂ 'ਤੇ ਨਿਯਮਾਂ ਸਬੰਧੀ ਪਾਲਣਾ ਦੇ ਬੋਝ ਨੂੰ ਘਟਾਉਣ ਦੀ ਦਿਸ਼ਾ ਵਿੱਚ ਅਹਿਮ ਕਦਮ ਚੁੱਕਦਿਆਂ, ਪੰਜਾਬ ਦੇ ਕਿਰਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਪੰਜਾਬ ਵਿਧਾਨ ਸਭਾ ਵਿੱਚ ਪੰਜਾਬ ਦੁਕਾਨਾਂ ਅਤੇ ਵਪਾਰਕ ਅਦਾਰੇ ਐਕਟ, 1958 ਅਤੇ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ, 1965 ਵਿੱਚ ਕਈ ਪ੍ਰਗਤੀਸ਼ੀਲ ਸੋਧਾਂ ਦਾ ਐਲਾਨ ਕੀਤਾ ਹੈ। ਇਨ੍ਹਾਂ ਸੋਧਾਂ (ਪੰਜਾਬ ਲੇਬਰ ਵੈਲਫੇਅਰ ਫੰਡ ਬਿੱਲ, 2025 ਅਤੇ ਪੰਜਾਬ ਦੁਕਾਨਾਂ ਅਤੇ ਵਪਾਰਕ ਅਦਾਰੇ ਬਿੱਲ 2025) ਦਾ ਉਦੇਸ਼ ਕਾਰੋਬਾਰੀ ਸਹੂਲਤਾਂ ਅਤੇ ਕਰਮਚਾਰੀਆਂ ਦੀ ਭਲਾਈ ਦਰਮਿਆਨ ਸੰਤੁਲਨ ਬਣਾਉਣਾ ਹੈ।

**ਮੁੱਖ ਨੁਕਤੇ ਇਸ ਪ੍ਰਕਾਰ ਹਨ:**

1. ਛੋਟੇ ਕਾਰੋਬਾਰਾਂ 'ਤੇ ਨਿਯਮਾਂ ਦੀ ਪਾਲਣਾ ਦੇ ਬੋਝ ਨੂੰ ਘਟਾਉਣਾ ਅਤੇ ਕਾਰੋਬਾਰ ਕਰਨ ਵਿੱਚ ਆਸਾਨੀ ਪ੍ਰਦਾਨ ਕਰਨਾ। ਇਸ ਤਹਿਤ 20 ਕਰਮਚਾਰੀਆਂ ਤੱਕ ਰੁਜ਼ਗਾਰ ਦੇਣ ਵਾਲੇ ਸਾਰੇ ਅਦਾਰਿਆਂ ਨੂੰ ਐਕਟ ਦੇ ਸਾਰੇ ਉਪਬੰਧਾਂ ਤੋਂ ਛੋਟ ਦਿੱਤੀ ਜਾਵੇਗੀ। ਹਾਲਾਂਕਿ, ਅਜਿਹੇ ਸਾਰੇ ਅਦਾਰਿਆਂ ਨੂੰ ਐਕਟ ਦੇ ਲਾਗੂ ਹੋਣ ਜਾਂ ਕਾਰੋਬਾਰ ਸ਼ੁਰੂ ਹੋਣ ਦੇ ਛੇ ਮਹੀਨਿਆਂ ਦੇ ਅੰਦਰ ਸਬੰਧਤ ਇੰਸਪੈਕਟਰ ਨੂੰ ਜਾਣਕਾਰੀ ਦੇਣੀ ਹੋਵੇਗੀ।
2. ਕਰਮਚਾਰੀਆਂ ਦੀ ਕਮਾਈ ਵਿੱਚ ਸੁਧਾਰ ਕਰਨਾ। ਇੱਕ ਤਿਮਾਹੀ ਵਿੱਚ ਓਵਰਟਾਈਮ 50 ਘੰਟਿਆਂ ਤੋਂ ਵਧਾ ਕੇ 144 ਘੰਟੇ ਕੀਤਾ ਜਾ ਰਿਹਾ ਹੈ। ਇਸ ਮੁਤਾਬਕ ਇੱਕ ਦਿਨ ਵਿੱਚ ਕੰਮ ਦੀ ਮਿਆਦ 10 ਘੰਟਿਆਂ ਤੋਂ ਵਧਾ ਕੇ 12 ਘੰਟੇ ਕਰ ਦਿੱਤੀ ਗਈ ਹੈ ਜਿਸ ਵਿੱਚ ਆਰਾਮ ਕਰਨ ਲਈ ਅੰਤਰਾਲ ਵੀ ਸ਼ਾਮਲ ਹਨ। ਹਾਲਾਂਕਿ, ਦਿਨ ਵਿੱਚ 9 ਘੰਟੇ ਅਤੇ ਹਫ਼ਤੇ ਵਿੱਚ 48 ਘੰਟਿਆਂ ਤੋਂ ਵੱਧ ਕੰਮ ਦੇ ਘੰਟਿਆਂ ਲਈ ਦੁੱਗਣੀ ਦਰ ਨਾਲ ਓਵਰਟਾਈਮ ਦਾ ਭੁਗਤਾਨ ਕਰਨਾ ਪਵੇਗਾ।
3. 20 ਜਾਂ ਵੱਧ ਕਰਮਚਾਰੀਆਂ ਵਾਲੇ ਅਦਾਰਿਆਂ ਦੀ ਰਜਿਸਟ ?ੇਸ਼ਨ ਲਈ ਅਰਜ਼ੀ ਦੇਣ ਦੇ 24 ਘੰਟਿਆਂ ਅੰਦਰ ਡਿਮਡ ਪ੍ਰਵਾਨਗੀ ਦੀ ਵਿਵਸਥਾ ਕਰਕੇ ਰਜਿਸਟ ?ੇਸ਼ਨ ਪ੍ਰਕਿਰਿਆ ਨੂੰ ਸੁਚਾਰੂ ਬਣਾਇਆ ਗਿਆ ਹੈ।
4. ਸਿਰਫ਼ 20 ਕਰਮਚਾਰੀਆਂ ਤੱਕ ਦੇ ਅਦਾਰਿਆਂ ਵੱਲੋਂ ਜਾਣਕਾਰੀ ਦਿੱਤੀ ਜਾਣੀ ਹੈ।
5. ਧਾਰਾ 21 ਅਤੇ 26 ਵਿੱਚ ਪ੍ਰਸਤਾਵਿਤ ਜੁਰਮਾਨੇ ਨੂੰ ਘੱਟੋ-ਘੱਟ 25 ਰੁਪਏ ਤੋਂ 1000 ਰੁਪਏ ਅਤੇ ਵੱਧ ਤੋਂ ਵੱਧ 100 ਰੁਪਏ ਤੋਂ 30,000 ਰੁਪਏ ਤੱਕ ਨਿਰਧਾਰਤ ਕੀਤਾ ਗਿਆ ਹੈ।
6. ਕਿਸੇ ਵੀ ਪਰੇਸ਼ਾਨੀ ਤੋਂ ਬਚਣ ਅਤੇ ਨਿਯਮਾਂ ਦੀ ਪਾਲਣਾ ਵਿੱਚ ਸੁਧਾਰ ਕਰਨ ਵਾਸਤੇ ਸਮਾਂ ਦੇਣ ਲਈ, ਪਹਿਲੀ ਅਤੇ ਦੂਜੀ ਉਲੰਘਣਾ ਅਤੇ ਫਿਰ ਬਾਅਦ ਵਿੱਚ ਕੀਤੀਆਂ ਉਲੰਘਣਾਵਾਂ ਦਰਮਿਆਨ ਤਿੰਨ ਮਹੀਨਿਆਂ ਦਾ ਸਮਾਂ ਦਿੱਤਾ ਗਿਆ ਹੈ।
7. ਹੁਣ ਤੱਕ ਫੈਕਟਰੀਜ਼ ਐਕਟ ਅਧੀਨ ਰਜਿਸਟਰਡ ਸਾਰੀਆਂ ਫੈਕਟਰੀਆਂ ਦੇ ਸਾਰੇ ਕਰਮਚਾਰੀ ਭਲਾਈ ਸਕੀਮਾਂ ਲਈ ਯੋਗ ਹਨ। ਇਹ ਪ੍ਰਸਤਾਵਿਤ ਕੀਤਾ ਗਿਆ ਹੈ ਕਿ ਉਨ੍ਹਾਂ ਉੱਚ ਤਨਖਾਹ ਵਾਲੇ ਕਰਮਚਾਰੀਆਂ ਨੂੰ ਭਲਾਈ ਸਕੀਮਾਂ ਤੋਂ ਬਾਹਰ ਰੱਖਿਆ ਜਾਣਾ ਚਾਹੀਦਾ ਹੈ ਜਿਨ੍ਹਾਂ ਨੂੰ ਐਕਟ ਅਧੀਨ ਭਲਾਈ ਸਕੀਮਾਂ ਦੇ ਲਾਭਾਂ ਦੀ ਜ਼ਰੂਰਤ ਨਹੀਂ ਹੈ ਜਾਂ ਹੱਕਦਾਰ ਨਹੀਂ ਹਨ। ਇਸ ਲਈ ਕਰਮਚਾਰੀਆਂ ਦੀ ਸਿਰਫ ਉਸ ਸਾਰੀ ਸ਼੍ਰੇਣੀ ਨੂੰ ਇਸ ਐਕਟ ਅਧੀਨ ਭਲਾਈ ਸਕੀਮਾਂ ਲਈ ਕਵਰ ਕਰਨ ਦਾ ਪ੍ਰਸਤਾਵ ਹੈ, ਜਿਨ੍ਹਾਂ ਦੀਆਂ ਤਨਖਾਹਾਂ ਦਾ ਪ੍ਰਬੰਧ ਪੇਮੈਂਟ ਆਫ਼ ਵੇਜ ਐਕਟ 1936 ਅਧੀਨ ਕੀਤਾ ਜਾਂਦਾ ਹੈ।
8. ਅਦਾਇਗੀ ਨਾ ਕੀਤੀ ਗਈ ਜਮ੍ਹਾਂ ਰਾਸ਼ੀ ਸਬੰਧੀ ਕਰਮਚਾਰੀਆਂ ਦੇ ਦਾਅਵਿਆਂ ਦੇ ਨਿਪਟਾਰੇ ਲਈ ਪ੍ਰਕਿਰਿਆ ਨੂੰ ਸਰਲ ਬਣਾਉਣ ਦਾ ਪ੍ਰਸਤਾਵ ਦਿੱਤਾ ਗਿਆ ਹੈ। ਇਸ ਨਾਲ ਇਹਨਾਂ ਦਾਅਵਿਆਂ 'ਤੇ ਕਾਰਵਾਈ ਕਰਨ ਦੀ ਲਾਗਤ ਅਤੇ ਸਮਾਂ ਘੱਟ ਜਾਵੇਗਾ ਜੋ ਕਿ ਅਕਸਰ ਬਹੁਤ ਘੱਟ ਰਕਮ ਦੇ ਹੁੰਦੇ ਹਨ। ਇਸ ਤੋਂ ਇਲਾਵਾ, ਜੇਕਰ ਅਦਾਇਗੀ ਨਾ ਕੀਤੀ ਗਈ ਜਮ ?ਹਾਂ ਰਾਸ਼ੀ ਲਈ ਇੱਕ ਸਾਲ ਦੀ ਮਿਆਦ ਲਈ ਕੋਈ ਦਾਅਵਾ ਨਹੀਂ ਕੀਤਾ ਜਾਂਦਾ ਤਾਂ ਇਸ ਰਾਸ਼ੀ ਨੂੰ ਬੋਰਡ ਲਈ ਫੰਡਾਂ ਦੇ ਸਰੋਤ ਵਜੋਂ ਵਰਤਣ ਦਾ ਪ੍ਰਸਤਾਵ ਦਿੱਤਾ ਗਿਆ ਹੈ।
9. ਕਰਮਚਾਰੀਆਂ ਦੇ ਮਾਸਿਕ ਯੋਗਦਾਨ ਨੂੰ 5 ਰੁਪਏ ਤੋਂ ਵਧਾ ਕੇ 10 ਰੁਪਏ ਪ੍ਰਤੀ ਮਹੀਨਾ ਅਤੇ ਮਾਲਕਾਂ ਵੱਲੋਂ ਯੋਗਦਾਨ ਨੂੰ 20 ਰੁਪਏ ਤੋਂ ਵਧਾ ਕੇ 40 ਰੁਪਏ ਪ੍ਰਤੀ ਮਹੀਨਾ ਕਰਨ ਦਾ ਪ੍ਰਸਤਾਵ ਹੈ। ਇਸ ਤੋਂ ਇਲਾਵਾ ਮੌਜੂਦਾ ਪ੍ਰਬੰਧ ਅਨੁਸਾਰ ਇਸ ਫੰਡ ਨੂੰ ਦੋ-ਸਾਲਾ ਦੀ ਬਜਾਏ ਤਿਮਾਹੀ ਜਮ ?ਹਾ ਕਰਨ ਦਾ ਪ੍ਰਸਤਾਵ ਹੈ। ਇਸ ਨਾਲ ਬੋਰਡ ਦੀ ਵਿੱਤੀ ਸਥਿਤੀ ਵਿੱਚ ਸੁਧਾਰ ਹੋਵੇਗਾ ਅਤੇ ਬੋਰਡ ਨੂੰ ਯੋਜਨਾਵਾਂ ਨਾਲ ਸਬੰਧਤ ਹੋਰ ਲਾਭ ਦੇਣ ਦੇ ਯੋਗ ਬਣਾਇਆ ਜਾਵੇਗਾ ਅਤੇ ਅਦਾਰਿਆਂ ਲਈ ਰਿਟਰਨ ਫਾਈਲ ਕਰਨ ਦੇ ਕੰਮ ਨੂੰ ਘਟਾਇਆ ਜਾਵੇਗਾ।
10. ਐਕਟ ਦੇ ਉਪਬੰਧਾਂ ਦੀ ਕਿਸੇ ਵੀ ਉਲੰਘਣਾ ਜਾਂ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਜ਼ੁਰਮਾਨਾ ਲਗਾਉਣ ਦਾ ਪ੍ਰਸਤਾਵ ਦਿੱਤਾ ਗਿਆ ਹੈ ਕਿਉਂਕਿ ਮੌਜੂਦਾ ਐਕਟ ਵਿੱਚ ਜੁਰਮਾਨੇ ਲਗਾਉਣ ਸਬੰਧੀ ਅਜਿਹਾ ਕੋਈ ਉਪਬੰਧ ਨਹੀਂ ਹੈ। ਇਸ ਨਵੇਂ ਉਪਬੰਧ ਨਾਲ ਮਾਲਕਾਂ ਵੱਲੋਂ ਪਾਲਣਾ ਵਿੱਚ ਸੁਧਾਰ ਹੋਵੇਗਾ।



ਕਿਰਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਇਹ ਸੋਧਾਂ ਮਾਲਕਾਂ ਦੀ ਕਾਰਜਸ਼ੀਲਤਾ ਵਿੱਚ ਆਸਾਨੀ ਅਤੇ ਕਾਮਿਆਂ ਦੀ ਭਲਾਈ ਦੋਵਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ, ਮਾਨ ਸਰਕਾਰ ਦਾ ਟੀਚਾ ਕਰਮਚਾਰੀਆਂ ਲਈ ਨਿਆਂਪੂਰਨ ਅਤੇ ਨਿਰਪੱਖ ਵਿਵਹਾਰ ਨੂੰ ਯਕੀਨੀ ਬਣਾਉਂਦਿਆਂ ਕਾਰੋਬਾਰ ਪੱਖੀ ਮਾਹੌਲ ਸਿਰਜਣਾ ਹੈ ਅਤੇ ਇਹ ਸੁਧਾਰ ਇਸ ਦ੍ਰਿਸ਼ਟੀਕੋਣ ਵੱਲ ਇੱਕ ਅਹਿਮ ਕਦਮ ਹਨ।

# ਚੋਰੀ ਦੇ ਤਿੰਨ ਮੋਟਰਸਾਈਕਲ ਬਰਾਮਦ

**ਸਮਾਣਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਦਰ ਪੁਲੀਸ ਨੇ ਚੋਰੀ ਦੇ ਇੱਕ ਮਾਮਲੇ ਵਿੱਚ ਨਾਮਜ਼ਦ ਦੋ ਨੌਜਵਾਨਾਂ ਨੂੰ ਕਾਬੂ ਕਰ ਕੇ ਉਨ੍ਹਾਂ ਪਾਸੋਂ ਵੱਖ-ਵੱਖ ਥਾਵਾਂ ਤੋਂ ਚੋਰੀ ਕੀਤੇ ਗਏ ਤਿੰਨ ਮੋਟਰਸਾਈਕਲ ਤੇ ਹੋਰ ਸਾਮਾਨ ਬਰਾਮਦ ਕੀਤਾ ਹੈ।

ਮਵੀਕਲਾਂ ਪੁਲੀਸ ਚੌਕੀ ਇੰਚਾਰਜ ਏ.ਐਸ.ਆਈ. ਅੰਗਰੇਜ਼ ਸਿੰਘ ਨੇ ਦੱਸਿਆ ਕਿ ਹੈੱਡ ਕਾਂਸਟੇਬਲ ਗੁਰਵਿੰਦਰ ਸਿੰਘ ਵੱਲੋਂ ਪੁਲੀਸ ਪਾਰਟੀ ਸਮੇਤ ਗਸ਼ਤ ਦੌਰਾਨ ਮਿਲੀ ਸੂਚਨਾ ਦੇ ਆਧਾਰ 'ਤੇ ਪਿੰਡ ਕੁਲਾਰਾਂ ਦੇ ਬੱਸ ਅੱਡੇ ਨਜ਼ਦੀਕ ਰੇਡ ਦੌਰਾਨ ਚੋਰੀ ਦੇ ਦਰਜ ਮਾਮਲੇ ਵਿੱਚ ਨਾਮਜ਼ਦ ਪ੍ਰਭਜੋਤ ਸਿੰਘ ਤੇ ਗੁਰਪ੍ਰੀਤ ਸਿੰਘ ਦੋਵੇਂ ਵਾਸੀ ਪਿੰਡ ਕੁਲਾਰਾਂ ਨੂੰ ਕਾਬੂ ਕਰ ਲਿਆ ਗਿਆ। ਪੁਲੀਸ ਅਧਿਕਾਰੀ ਅਨੁਸਾਰ ਅਦਾਲਤ ਤੋਂ ਪ੍ਰਾਪਤ ਪੁਲੀਸ ਰਿਮਾਂਡ ਦੌਰਾਨ ਕਾਬੂ ਕੀਤੇ ਗਏ ਦੋਵਾਂ ਮੁਲਜ਼ਮਾਂ ਪਾਸੋਂ ਪਿੰਡ ਧਨੇਠਾ, ਗੜ੍ਹੀ ਸਾਹਿਬ ਸਮੇਤ ਵੱਖ-ਵੱਖ ਥਾਵਾਂ ਤੋਂ ਚੋਰੀ ਕਰ ਕੇ ਵੱਖ-ਵੱਖ ਥਾਵਾਂ 'ਤੇ ਲੁਕਾ ਕੇ ਰੱਖੇ ਤਿੰਨ ਮੋਟਰਸਾਈਕਲ, ਇੱਕ ਮੋਬਾਈਲ ਅਤੇ ਇੱਕ ਮਾਈਕ ਸਮੇਤ ਬੂਫ਼ਰ ਬਰਾਮਦ ਕਰਵਾਇਆ ਗਿਆ।

# ਦੁਨੀਆਂ ਨੂੰ ਨਹੀਂ ਚਾਹੀਦਾ ਸਮਰਾਟ, ਬ੍ਰਾਜ਼ੀਲ ਦੇ ਰਾਸ਼ਟਰਪਤੀ ਦੀਆਂ ਟਰੰਪ ਨੂੰ ਖਰੀਆਂ-ਖਰੀਆਂ

**ਰੀਓ ਡੀ ਜਨੇਰੀਓ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬ੍ਰਾਜ਼ੀਲ ਦੇ ਰਾਸ਼ਟਰਪਤੀ ਲੁਈਜ਼ ਇਨਾਸੀਓ ਲੂਲਾ ਡਾ. ਸਿਲਵਾ ਨੇ ਬ੍ਰਿਕਸ ਸੰਮੇਲਨ ਦੇ ਮੰਚ ਤੋਂ ਅਮਰੀਕਾ ਨੂੰ ਖਰੀਆਂ-ਖਰੀਆਂ ਸੁਣਾਈਆਂ। ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਵਲੋਂ ਬ੍ਰਿਕਸ ਦੇਸ਼ਾਂ 'ਤੇ ਵਾਧੂ ਟੈਰਿਫ਼ ਲਗਾਉਣ ਦੀ ਧਮਕੀ 'ਤੇ ਲੂਲਾ ਨੇ ਕਿਹਾ ਕਿ ਦੁਨੀਆਂ ਨੂੰ ਕਿਸੇ ਸਮਰਾਟ ਦੀ ਲੋੜ ਨਹੀਂ। ਲੂਲਾ ਨੇ ਟਰੰਪ ਨੂੰ ਸਿੱਧਾ ਸੰਦੇਸ਼ ਦਿੱਤਾ ਹੈ ਕਿ ਉਹ ਆਪਣੇ ਆਪ ਨੂੰ ਪੂਰੀ ਦੁਨੀਆਂ ਦਾ ਸਮਰਾਟ ਸਮਝਣਾ ਬੰਦ ਕਰ ਦੇਵੇ। ਉਨ੍ਹਾਂ ਨੇ ਵਿਸ਼ਵ ਵਪਾਰ 'ਚ ਅਮਰੀਕੀ ਡਾਲਰ ਦਾ ਵਿਕਲਪ ਲੱਭਣ 'ਤੇ ਵੀ ਜ਼ੋਰ ਦਿੱਤਾ। ਬ੍ਰਿਕਸ ਦੇਸ਼ਾਂ ਨੇ ਟਰੰਪ ਦੇ ਅਮਰੀਕੀ ਵਿਰੋਧੀ ਹੋਣ ਦੇ ਦੋਸ਼ ਨੂੰ ਵੀ ਰੱਦ ਕਰ ਦਿੱਤਾ। ਇਸ ਨਾਲ ਆਉਣ ਵਾਲੇ ਸਮੇਂ 'ਚ ਬ੍ਰਿਕਸ ਅਤੇ ਅਮਰੀਕਾ ਵਿਚਕਾਰ ਤਨਾਅ ਹੋਰ ਵੱਧ ਸਕਦਾ ਹੈ। ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਲਾ ਡਾ. ਸਿਲਵਾ ਨੇ ਬ੍ਰਿਕਸ ਸੰਮੇਲਨ ਦੀ ਸਮਾਪਤੀ 'ਤੇ ਕਿਹਾ, "ਦੁਨੀਆਂ ਨੂੰ ਅਜਿਹੇ ਤਰੀਕੇ ਲੱਭਣ ਦੀ ਜ਼ਰੂਰਤ ਹੈ ਜਿਸ ਨਾਲ ਸਾਡੇ ਵਪਾਰਕ ਸਬੰਧ ਡਾਲਰ ਰਾਹੀਂ ਨਾ ਜਾਣ। ਅੱਜ ਦੁਨੀਆਂ ਬਦਲ ਗਈ ਹੈ ਅਤੇ ਸਾਨੂੰ ਕਿਸੇ ਸਮਰਾਟ ਦੀ ਲੋੜ ਨਹੀਂ।" ਉਨ੍ਹਾਂ ਕਿਹਾ ਕਿ ਬ੍ਰਿਕਸ ਸਮੂਹ ਆਰਥਿਕ ਦ੍ਰਿਸ਼ਟੀਕੋਣ ਤੋਂ ਦੁਨੀਆਂ ਨੂੰ ਸੰਗਠਿਤ ਕਰਨ ਦਾ ਕੋਈ ਹੋਰ ਤਰੀਕਾ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹੀ ਕਾਰਨ ਹੈ ਕਿ ਬ੍ਰਿਕਸ ਲੋਕਾਂ ਨੂੰ ਬੇਚੈਨ ਕਰ ਰਿਹਾ ਹੈ। ਬ੍ਰਿਕਸ ਦੇਸ਼ਾਂ ਨੇ ਆਪਣੇ ਸਾਂਝੇ ਬਿਆਨ 'ਚ ਈਰਾਨ 'ਤੇ ਹਮਲੇ ਅਤੇ ਇਕਪਾਸੜ ਟੈਰਿਫ਼ ਨੀਤੀ ਦੀ ਆਲੋਚਨਾ ਕੀਤੀ ਹੈ। ਇਸ ਤੋਂ ਨਾਰਾਜ਼ ਹੋ ਕੇ ਟਰੰਪ ਨੇ ਬ੍ਰਿਕਸ ਦੇਸ਼ਾਂ ਨੂੰ ਅਮਰੀਕਾ ਵਿਰੋਧੀ ਦੱਸਦੇ ਹੋਏ ਨਵੇਂ ਟੈਰਿਫ਼ ਲਗਾਉਣ ਦੀ ਧਮਕੀ ਦਿੱਤੀ ਹੈ। ਇਸ ਸਾਲ ਦੇ ਸ਼ੁਰੂ 'ਚ ਵੀ ਟਰੰਪ ਨੇ ਕਿਹਾ ਸੀ ਕਿ ਜੇਕਰ ਬ੍ਰਿਕਸ ਦੇਸ਼ਾਂ ਨੇ ਡਾਲਰ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਤਾਂ 100% ਟੈਰਿਫ਼ ਲਗਾਇਆ ਜਾਵੇਗਾ। ਬ੍ਰਿਕਸ ਦੇ ਹੋਰ ਮਹੱਤਵਪੂਰਣ ਮੈਂਬਰਾਂ - ਰੂਸ, ਚੀਨ ਅਤੇ ਦੱਖਣੀ ਅਫ਼ਰੀਕਾ - ਨੇ ਵੀ ਡੌਨਲਡ ਟਰੰਪ ਨੂੰ ਜਵਾਬ ਦਿੱਤਾ ਹੈ, ਪਰ ਭਾਰਤ ਨੇ ਟਰੰਪ ਦੀ ਧਮਕੀ ਦਾ ਜਵਾਬ ਨਹੀਂ ਦਿੱਤਾ।

ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫ਼ੋਸਾ ਨੇ ਕਿਹਾ ਸੀ ਕਿ ਬ੍ਰਿਕਸ ਸਮੂਹ ਕਿਸੇ ਹੋਰ ਸ਼ਕਤੀ ਨਾਲ ਮੁਕਾਬਲਾ ਕਰਨ ਦੀ ਕੋਸ਼ਿਸ਼ ਨਹੀਂ ਕਰਦਾ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮਾਓ ਨਿੰਗ ਨੇ ਕਿਹਾ ਕਿ ਟੈਰਿਫ਼ ਦੀ ਵਰਤੋਂ ਕਿਸੇ 'ਤੇ ਦਬਾਅ ਪਾਉਣ ਲਈ ਨਹੀਂ ਕੀਤੀ ਜਾਣੀ ਚਾਹੀਦੀ।

# ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਬੀ.ਬੀ.ਐਮ.ਬੀ ਲਈ ਸੀ.ਆਈ.ਐਸ.ਐਫ ਤਾਇਨਾਤ ਕਰਨ ਦੇ ਪ੍ਰਸਤਾਵ ਦੀ ਕਰੜੀ ਨਿੰਦਾ

**ਚੰਡੀਗੜ੍ਹ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐਮ.ਬੀ) ਦੇ ਆਪਣੇ ਅਦਾਰਿਆਂ ਵਿੱਚ ਸੀ.ਆਈ.ਐਸ.ਐਫ ਕਰਮਚਾਰੀਆਂ ਦੀ ਤਾਇਨਾਤੀ ਦੇ ਪ੍ਰਸਤਾਵ ਨੂੰ ਰੱਦ ਕਰਨ ਦੇ ਮਤੇ ਦੀ ਅੱਜ ਪੰਜਾਬ ਵਿਧਾਨ ਸਭਾ ਵਿੱਚ ਜ਼ੋਰਦਾਰ ਢੰਗ ਨਾਲ ਵਕਾਲਤ ਕੀਤੀ। ਉਨ੍ਹਾਂ ਇਤਿਹਾਸਕ ਬਿਰਤਾਂਤ ਬਾਰੇ ਡੂੰਘਾਈ ਨਾਲ ਗੱਲ ਕਰਦਿਆਂ ਪਹਿਲੀਆਂ ਸਰਕਾਰਾਂ ਵੱਲੋਂ ਪੰਜਾਬ ਦੇ ਪਾਣੀਆਂ ਦੇ ਮਹੱਤਵਪੂਰਨ ਅਧਿਕਾਰਾਂ ਨੂੰ ਖਤਰੇ ਵਿੱਚ ਪਾਉਣ ਅਤੇ ਰਾਜ ਦੇ ਖੇਤੀਬਾੜੀ ਖੇਤਰ ਨੂੰ ਤਬਾਹ ਕਰਨ ਦਾ ਦੋਸ਼ ਲਗਾਇਆ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ 1954 ਵਿੱਚ ਉੱਤਰ ਪ੍ਰਦੇਸ਼ ਅਤੇ ਪੰਜਾਬ ਵਿਚਕਾਰ ਹੋਏ ਉਸ ਸਮਝੌਤੇ ਨੂੰ ਯਾਦ ਕਰਦਿਆਂ ਆਪਣੇ ਭਾਸ਼ਣ ਦੀ ਸ਼ੁਰੂਆਤ ਕੀਤੀ, ਜਿਸ ਵਿੱਚ ਕਿਹਾ ਗਿਆ ਸੀ ਕਿ ਯਮੁਨਾ ਦੇ ਪਾਣੀ ਦਾ ਦੋ ਤਿਹਾਈ ਹਿੱਸਾ ਪੰਜਾਬ ਨੂੰ ਅਤੇ ਇੱਕ ਤਿਹਾਈ ਹਿੱਸਾ ਉੱਤਰ ਪ੍ਰਦੇਸ਼ ਨੂੰ ਦਿੱਤਾ ਜਾਵੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਇਹ ਸਮਜੌਤਾ ਪੰਜਾਬ, ਉੱਤਰ ਪ੍ਰਦੇਸ਼ ਅਤੇ ਕੇਂਦਰ ਸਰਕਾਰ ਦੇ ਰਿਕਾਰਡ ਵਿੱਚ ਬਾਰੀਕੀ ਨਾਲ ਦਰਜ ਹੈ। ਉਨ੍ਹਾਂ ਅਫਸੋਸ ਪ੍ਰਗਟ ਕੀਤਾ ਕਿ 1966 ਵਿੱਚ ਪੰਜਾਬੀ ਸੂਬੇ ਦੇ ਗਠਨ ਦੌਰਾਨ ਸੱਤਾਧਾਰੀ ਪਾਰਟੀ ਅਤੇ ਪੰਜਾਬੀ ਸੂਬੇ ਦੀ ਵਕਾਲਤ ਕਰਨ ਵਾਲਿਆਂ ਨੇ ਇਸ ਮਹੱਤਵਪੂਰਨ ਸਮਝੌਤੇ ਦੀ ਅਣਦੇਖੀ ਕੀਤੀ। ਉਨ੍ਹਾਂ ਖਾਸ ਤੌਰ 'ਤੇ ਉਸ ਸਮੇਂ ਦੇ ਕਾਂਗਰਸ, ਅਕਾਲੀ ਦਲ ਅਤੇ ਜਨ ਸੰਘ ਦੇ ਆਗੂਆਂ ਨੂੰ ਨਿਸ਼ਾਨੇ 'ਤੇ ਲਿਆ ਜਿਨ੍ਹਾਂ ਨੇ ਯਮੁਨਾ ਦੇ ਪਾਣੀਆਂ 'ਤੇ ਪੰਜਾਬ ਦੇ ਜਾਇਜ਼ ਦਾਅਵੇ ਨੂੰ ਤਿਆਗ ਦਿੱਤਾ।

ਇਸ ਤੋਂ ਬਾਅਦ, ਉਨ੍ਹਾਂ ਸਤਲੁਜ ਯਮੁਨਾ ਲਿੰਕ ਨਹਿਰ 'ਤੇ ਲੰਬੇ ਸੰਘਰਸ਼ਾਂ ਦਾ ਵੇਰਵਾ ਦਿੰਦਿਆਂ ਜਿਕਰ ਕੀਤਾ ਕਿ ਕਿਵੇਂ ਇਹਨਾਂ ਵਿਵਾਦਾਂ ਨੇ ਸਰਕਾਰਾਂ ਦੇ ਗਠਨ ਅਤੇ ਪਤਨ, ਨੌਜਵਾਨਾਂ ਦੀਆਂ ਜਾਨਾਂ ਦੇ ਦੁਖਦਾਈ ਨੁਕਸਾਨ ਅਤੇ ਬਾਅਦ ਵਿੱਚ ਇਹਨਾਂ ਦੁਖਾਂਤਾਂ ਨੂੰ ਰਾਜਨੀਤਿਕ ਅਧਾਰ ਬਣਾ ਕੇ ਸਰਕਾਰਾਂ ਬਣੀਆਂ।

ਇਤਿਹਾਸਕ ਬੇਇਨਸਾਫ਼ੀਆਂ ਬਾਰੇ ਹੋਰ ਵਿਸਥਾਰ ਵਿੱਚ ਦੱਸਦੀਆਂ ਵਿੱਤ ਮੰਤਰੀ ਚੀਮਾ ਨੇ 1966 ਦੇ ਪੁਨਰਗਠਨ ਕਾਨੂੰਨ ਦਾ ਜਿਕਰ ਕੀਤਾ, ਜਿਸ ਨੇ ਸਤਲੁਜ ਦੇ ਪਾਣੀਆਂ ਨੂੰ ਪੰਜਾਬ ਅਤੇ ਹਰਿਆਣਾ ਵਿਚਕਾਰ 60:40 ਦੇ ਅਨੁਪਾਤ ਵਿੱਚ ਮਨਮਾਨੇ ਢੰਗ ਨਾਲ ਵੰਡਿਆ ਸੀ, ਜਿਸ ਵਿੱਚ ਰਾਵੀ ਅਤੇ ਬਿਆਸ ਦਰਿਆਵਾਂ ਲਈ ਕੋਈ ਪ੍ਰਬੰਧ ਨਹੀਂ ਸੀ। ਫਿਰ ਉਨ੍ਹਾਂ 1972 ਦੇ ਸਿੰਚਾਈ ਕਮਿਸ਼ਨ ਵੱਲ ਇਸ਼ਾਰਾ ਕੀਤਾ, ਜਿਸ ਨੇ ਪਹਿਲੀ ਵਾਰ ਯਮੁਨਾ ਦੇ ਪਾਣੀ ਦਾ ਜ਼ਿਕਰ ਪੰਜਾਬ ਦੇ ਸੰਬੰਧ ਵਿੱਚ ਕੀਤਾ, ਖਾਸ ਤੌਰ 'ਤੇ ਸੰਗਰੂਰ ਅਤੇ ਪਟਿਆਲਾ ਜ਼ਿਲ੍ਹਿਆਂ (ਹੁਣ ਪੰਜ ਜ਼ਿਲ੍ਹੇ ਸ਼ਾਮਲ ਹਨ) ਦੇ ਯਮੁਨਾ ਦੇ ਪਾਣੀਆਂ ਦੇ ਅਧਿਕਾਰ ਨੂੰ ਸਵੀਕਾਰ ਕੀਤਾ। ਉਨ੍ਹਾਂ ਕਿਹਾ ਕਿ ਫਿਰ ਵੀ ਪੰਜਾਬ ਦੀ ਕਿਸੇ ਵੀ ਰਾਜਨੀਤਿਕ ਪਾਰਟੀ ਨੇ ਇਸ ਦਾਅਵੇ ਦੀ ਪੈਰਵੀ ਨਹੀਂ ਕੀਤੀ, ਹਰਿਆਣਾ ਨੂੰ ਪਾਣੀ ਦਾ ਦੋ ਤਿਹਾਈ ਹਿੱਸਾ ਲੈਣ ਦੀ ਇਜਾਜ਼ਤ ਦੇ ਦਿੱਤੀ।

ਵਿੱਤ ਮੰਤਰੀ ਨੇ 1981 ਵਿੱਚ ਕੇਂਦਰ ਅਤੇ ਸੂਬੇ ਵਿੱਚ ਕਾਂਗਰਸ ਸਰਕਾਰ ਦੇ ਰਾਜ ਦੌਰਾਨ ਹੋਏ ਸਮਝੌਤੇ ਦੀ ਵੀ ਨਿੰਦਾ ਕੀਤੀ, ਜਿਸ ਵਿੱਚ ਪੰਜਾਬ ਨੂੰ ਰਾਵੀ ਦਰਿਆ ਦੇ ਕੁੱਲ 17 ਐਮ.ਏ.ਐਫ ਪਾਣੀ ਵਿੱਚੋਂ ਸਿਰਫ 4 ਐਮ.ਏ.ਐਫ ਦਿੱਤਾ ਗਿਆ ਸੀ, ਜਦੋਂ ਕਿ ਹਰਿਆਣਾ ਨੂੰ 3.5 ਐਮ.ਏ.ਐਫ ਅਤੇ ਰਾਜਸਥਾਨ ਨੂੰ 8.6 ਐਮ.ਏ.ਐਫ ਦਿੱਤਾ ਗਿਆ ਸੀ। ਉਨ੍ਹਾਂ ਇਸਨੂੰ ਇੱਕ ਵੱਡਾ ਧੋਖਾ ਐਲਾਨਦਿਆਂ ਸਵਾਲ ਕੀਤਾ ਕਿ ਜਦੋਂ ਹਰਿਆਣਾ ਅਤੇ ਰਾਜਸਥਾਨ ਦਾ ਰਾਵੀ ਦੇ ਪਾਣੀਆਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਤਾਂ ਇਹ ਪਾਣੀ ਉਨ੍ਹਾਂ ਨੂੰ ਕਿਵੇਂ ਦਿੱਤਾ ਗਿਆ ? ਉਨ੍ਹਾਂ ਖਾਸ ਤੌਰ 'ਤੇ ਉਸ ਸਮੇਂ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਦੀ ਭੂਮਿਕਾ 'ਤੇ ਸਵਾਲ ਉਠਾਏ।

ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਹੁਣ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਨੂੰ ਇੱਕ ਪ੍ਰਸਤਾਵ ਭੇਜਿਆ ਹੈ ਕਿ ਪੰਜਾਬ ਨੂੰ ਯਮੁਨਾ ਦੇ ਪਾਣੀ ਦਾ 60 ਪ੍ਰਤੀਸ਼ਤ ਮਿਲਣਾ ਚਾਹੀਦਾ ਹੈ ਅਤੇ ਇਸ ਲਈ ਯਮੁਨਾ-ਸਤਲੁਜ ਲਿੰਕ ਨਹਿਰ ਬਣਾਈ ਜਾਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪਿਛਲੇ 70 ਸਾਲਾਂ ਵਿੱਚ, ਬੀ.ਬੀ.ਐਮ.ਬੀ ਦਾ ਕਦੇ ਵੀ ਆਡਿਟ ਨਹੀਂ ਕੀਤਾ ਗਿਆ ਇਸ ਲਈ ਪਿਛਲੇ 9 ਮਹੀਨਿਆਂ ਤੋਂ ਬੀ.ਬੀ.ਐਮ.ਬੀ ਦੇ 104 ਕਰੋੜ ਰੁਪਏ ਦੇ ਫੰਡ ਰੋਕੇ ਗਏ ਹਨ, ਜਿਸਦਾ ਉਨ੍ਹਾਂ ਨੇ ਹੁਣ ਆਡਿਟ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਪਿਛਲੀਆਂ ਸਰਕਾਰਾਂ 'ਤੇ ਦੋਸ਼ ਲਗਾਇਆ ਕਿ ਉਨ੍ਹਾਂ ਨੇ ਲਗਾਤਾਰ ਬੀ.ਬੀ.ਐਮ.ਬੀ ਨੂੰ ਫੰਡ ਦਿੱਤੇ ਪਰ ਕਦੇ ਵੀ ਪੰਜਾਬ ਦੇ ਹਿੱਤਾਂ ਦੀ ਰੱਖਿਆ ਨਹੀਂ ਕੀਤੀ। ਮਤੇ ਬਾਰੇ ਬੋਲਦਿਆਂ, ਵਿੱਤ ਮੰਤਰੀ ਨੇ ਦੱਸਿਆ ਕਿ 2021 ਵਿੱਚ ਕਾਂਗਰਸ ਸਰਕਾਰ ਦੌਰਾਨ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਬੀ.ਬੀ.ਐਮ.ਬੀ ਦੀ ਸੁਰੱਖਿਆ ਸੀ.ਆਈ.ਐਸ.ਐਫ ਨੂੰ ਸੌਂਪਣ ਲਈ ਸਹਿਮਤੀ ਦਿੱਤੀ ਸੀ, ਜਦੋਂ ਕਿ ਪਿਛਲੇ 70 ਸਾਲਾਂ ਤੋਂ ਪੰਜਾਬ ਪੁਲਿਸ ਨੇ ਇਹ ਸੁਰੱਖਿਆ ਜ਼ਿੰਮੇਵਾਰੀ ਬਹੁਤ ਵਧੀਆ ਢੰਗ ਨਾਲ ਨਿਭਾਈ ਹੈ। ਉਨ੍ਹਾਂ ਕਿਹਾ ਕਿ ਸੀ.ਆਈ.ਐਸ.ਐਫ ਦੀ ਤਾਇਨਾਤੀ ਨਾਲ ਪੰਜਾਬ 'ਤੇ ਹਰ ਸਾਲ ਲਗਭਗ 50 ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ, ਜਿਸ ਦੀ ਕੋਈ ਲੋੜ ਨਹੀਂ ਹੈ।

# ਸਰਕਾਰੀ ਆਈ ਟੀ ਆਈ ਲੜਕਿਆਂ ਵਿਖੇ ਰਾਸ਼ਟਰੀ ਪੁਰਾਣੀ ਪੈਨਸ਼ਨ ਬਹਾਲੀ ਸੰਯੁਕਤ ਮੋਰਚਾ ਵਲੋਂ ਲਗਾਏ ਬੂਟੇ



**ਪਟਿਆਲਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀ ਪੁਰਾਣੀ ਪੈਨਸ਼ਨ ਬਹਾਲੀ ਸੰਯੁਕਤ ਮੋਰਚਾ ਦੇ ਪ੍ਰੈਜ਼ੀਡੈਂਟ ਬੀ.ਪੀ ਸਿੰਘ ਰਾਵਤ ਜੀ ਵੱਲੋਂ ਉਲੀਕੇ ਪ੍ਰੋਗਰਾਮ ਤਹਿਤ ਵਾਤਾਵਰਨ ਦੀ ਸ਼ੁੱਧਤਾ ਲਈ ਹਰ ਸਾਲ ਦੀ ਤਰ੍ਹਾਂ 12 ਜੁਲਾਈ ਨੂੰ ਸਮਰਪਿਤ, ਜਿਸ ਤਰ੍ਹਾਂ ਜੀਵਨ ਦੇ ਲਈ ਰੁੱਖ ਜਰੂਰੀ ਹਨ, ਉਸੇ ਤਰ੍ਹਾਂ ਐੱਨ.ਪੀ.ਐੱਸ ਕਰਮਚਾਰੀਆਂ ਦੇ ਬੁਢਾਪੇ ਦਾ ਸਹਾਰਾ ਪੁਰਾਣੀ ਪੈਨਸ਼ਨ ਅਤਿ ਜਰੂਰੀ ਹੈ, ਇੱਕ ਪੌਦਾ ਪੁਰਾਣੀ ਪੈਨਸ਼ਨ ਦੇ ਨਾਂ ਤਹਿਤ ਅੱਜ ਸਰਕਾਰੀ ਆਈ.ਟੀ.ਆਈ ਮਾਡਲ ਟਾਊਨ ਪਟਿਆਲਾ ਵਿਖੇ ਜੁਝਾਰੂ ਸੰਘਰਸ਼ ਸ਼ੀਲ ਆਪਣੇ ਹੱਕੀ ਮੰਗਾਂ ਪ੍ਰਤੀ ਜਾਗਰੂਕ 2004 ਤੋਂ ਬਾਅਦ ਭਰਤੀ ਨਵੀਂ ਪੈਨਸ਼ਨ ਸਕੀਮ ਐਨ.ਪੀ.ਐਸ ਅਧੀਨ ਆਉਂਦੇ ਮੁਲਾਜ਼ਮ ਸਾਥੀਆਂ ਨੇ ਇਕ ਪੌਦਾ ਪੁਰਾਣੀ ਪੈਨਸ਼ਨ ਦੇ ਨਾਮ ਤਹਿਤ ਬੂਟੇ ਲਗਾਏ।

ਇਸ ਮੌਕੇ ਤੇ ਆਈ.ਟੀ.ਆਈਜ਼ ਇੰਪਲਾਈਜ਼ ਯੂਨੀਅਨ ਪੰਜਾਬ ਰਜਿਸਟਰਡ ਸੂਬਾ ਜਨਰਲ ਸਕੱਤਰ ਗੁਰਮੁਖ ਸਿੰਘ, ਸੂਬਾ ਪ੍ਰੈੱਸ ਸਕੱਤਰ ਬਲਜੀਤ ਸਿੰਘ ਵਿਰਦੀ, ਕਮੇਟੀ ਮੈਂਬਰਜ਼ ਹਰਪਾਲ ਸਿੰਘ, ਨਿਰਮਲ ਸਿੰਘ ਭੰਗੂ ਜੀ ਸਮੇਤ ਵੱਖ-ਵੱਖ ਕਰਮਚਾਰੀਆਂ ਨੇ ਭਾਰਤ ਦੇਸ਼ ਦੇ 85 ਲੱਖ ਕਰਮਚਾਰੀਆਂ ਦੀ ਮੰਗ ਐਨ.ਪੀ.ਐਸ ਨਵੀਂ ਪੈਨਸ਼ਨ ਸਕੀਮ ਨੂੰ ਰੱਦ ਕਰ ਕੇ ਓ.ਪੀ.ਐਸ / ਪੁਰਾਣੀ ਪੈਨਸ਼ਨ ਸਕੀਮ ਜਲਦੀ ਤੋਂ ਜਲਦੀ ਬਹਾਲ ਕਰਨ ਦੀ ਪੁਰਜ਼ੋਰ ਮੰਗ ਕੀਤੀ ਤਾਂ ਜੋ ਸੇਵਾ ਮੁਕਤੀ ਤੋਂ ਬਾਅਦ ਭਾਰਤ ਦੇਸ਼ ਦੇ ਲੱਖਾਂ ਮੁਲਾਜ਼ਮਾਂ ਨੂੰ ਬੁਢਾਪੇ ਵਿੱਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਮੌਕੇ ਤੇ ਟ ?ਰੇਨਿੰਗ ਅਫ਼ਸਰ ਸੁਖਵੰਤ ਸਿੰਘ ਖਰੌੜ, ਮੰਗਤ ਸਿੰਘ ਧੀਮਾਨ, ਮੇਜਰ ਸਿੰਘ, ਐੱਨ.ਸੀ.ਸੀ. ਅਫਸਰ ਜਗਦੀਪ ਸਿੰਘ ਜੋਸ਼ੀ, ਸੀਨੀਅਰ ਸਹਾਇਕ ਅਮਨਦੀਪ ਸਿੰਘ, ਇੰਸਟਰੱਕਟਰਜ਼ ਮਨੀਸ਼ ਕੁਮਾਰ , ਜਗਜੀਤ ਸਿੰਘ, ਪਰਮਿੰਦਰ ਸਿੰਘ, ਹਰਵਿੰਦਰ ਸਿੰਘ ਤੇ ਸੰਦੀਪ ਕੁਮਾਰ ਆਦਿ ਮੌਜੂਦ ਸਨ।

# ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਹਥਿਆਰਾਂ ਦੇ ਪ੍ਰਦਰਸ਼ਨ ’ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ

**ਪਟਿਆਲਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਪਟਿਆਲਾ ਨਵਰੀਤ ਕੌਰ ਸੇਖੋਂ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਅੰਦਰ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਮੁੱਖ ਰੱਖਦੇ ਹੋਏ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ ’ਤੇ ਪੂਰਨ ਪਾਬੰਦੀ ਲਗਾਈ ਹੈ ਅਤੇ ਇਹ ਪਾਬੰਦੀ ਸੋਸ਼ਲ ਮੀਡੀਆ ’ਤੇ ਵੀ ਲਾਗੂ ਰਹੇਗੀ। ਇਸ ਤੋਂ ਇਲਾਵਾ ਵਿਆਹ ਸ਼ਾਦੀਆਂ/ ਸਮਾਗਮਾਂ ਹੋਰ ਸਮਾਰੋਹਾਂ ਵਿੱਚ ਹਥਿਆਰਾਂ ਜਾਂ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ ’ਤੇ ਪੂਰਨ ਪਾਬੰਦੀ ਲਗਾਈ ਗਈ ਹੈ। ਜਨਤਕ ਇਕੱਠਾਂ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ ਵਿੱਚ ਵੀ ਹਥਿਆਰ ਲਿਜਾਣ ਅਤੇ ਪ੍ਰਦਰਸ਼ਨ ਕਰਨ ’ਤੇ ਪੂਰਨ ਪਾਬੰਦੀ ਰਹੇਗੀ ਅਤੇ ਕਿਸੇ ਵੀ ਭਾਈਚਾਰੇ ਵਿਰੁੱਧ ਨਫ਼ਰਤ ਭਰਿਆ ਭਾਸ਼ਣ ਦੇਣ ਉਤੇ ਵੀ ਪਾਬੰਦੀ ਲਾਗੂ ਹੋਵੇਗੀ। ਹੁਕਮ 8 ਸਤੰਬਰ 2025 ਤੱਕ ਲਾਗੂ ਰਹਿਣਗੇ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਜੇਕਰ ਜ਼ਿਲ੍ਹੇ ਅੰਦਰ ਕੋਈ ਵੀ ਆਮ ਅਤੇ ਖਾਸ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸਦੇ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਤੁਰੰਤ ਅਮਲ ਵਿੱਚ ਲਿਆਂਦੀ ਜਾਵੇਗੀ।

# ਪਟਿਆਲਾ ਜ਼ਿਲ੍ਹੇ ’ਚ ਅਮਰੂਦ ਦੀ ਪੈਦਾਵਾਰ ਤੇ ਮੰਡੀਕਰਨ ’ਤੇ ਵਿਚਾਰ ਚਰਚਾ

**ਪਟਿਆਲਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ’ਚ ਇੱਕ ਜ਼ਿਲ੍ਹਾ ਇਕ ਉਤਪਾਦ ਸਕੀਮ ਤਹਿਤ ਵਿਕਸਤ ਕੀਤੀ ਗਈ ਅਮਰੂਦ ਅਸਟੇਟ ਵਜੀਦਪੁਰ ਵਿਖੇ ਅਮਰੂਦ ਦੀ ਪੈਦਾਵਾਰ ਤੋਂ ਲੈ ਕੇ ਮੰਡੀਕਰਨ ਤੱਕ ਵਿਚਾਰ ਚਰਚਾ ਕਰਨ ਲਈ ਬਾਗ਼ਬਾਨੀ ਕਲੱਸਟਰ ਲਈ ਸਾਂਝੇਦਾਰੀ ਮੁਲਾਂਕਣ ਪ੍ਰਕਿਰਿਆ (ਐਚ.ਸੀ.ਪੀ.ਏ.) ਤਹਿਤ ਕਿਸਾਨਾਂ ਤੇ ਮਾਹਰਾਂ ਵੱਲੋਂ ਵਿਚਾਰ ਚਰਚਾ ਕੀਤੀ ਗਈ।

ਮੀਟਿੰਗ ਵਿੱਚ ਟੀਮ ਲੀਡਰ ਰਵਦੀਪ ਕੌਰ ਤੇ ਜਾਪਾਨ ਅੰਤਰਰਾਸ਼ਟਰੀ ਸਹਿਯੋਗ ਏਜੰਸੀ ਦੇ ਮੈਂਬਰ ਤੇ ਪ੍ਰੋਜੈਕਟ ਕੋਆਰਡੀਨੇਟਰ ਸੋਹਣ ਸਿੰਘ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ। ਇਸ ਮੌਕੇ ਪਟਿਆਲਾ ਜ਼ਿਲ੍ਹੇ ਵਿੱਚ ਅਮਰੂਦ ਦੀ ਪੈਦਾਵਾਰ ਤੋਂ ਲੈ ਕੇ ਮੰਡੀਕਰਨ ਤੱਕ ਕਿਸਾਨਾਂ ਨਾਲ ਖੁੱਲ ਕੇ ਵਿਚਾਰ ਵਟਾਂਦਰਾ ਕਰਦਿਆਂ ਕਿਸਾਨਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਲਾਂ ਬਾਰੇ ਵੀ ਜਾਣਕਾਰੀ ਲਈ ਗਈ ਤੇ ਮੌਕੇ ’ਤੇ ਹੀ ਮਾਹਰਾਂ ਵੱਲੋਂ ਮੁਸ਼ਕਲਾਂ ਦੇ ਹੱਲ ਲਈ ਸੁਝਾਅ ਦਿੱਤੇ ਗਏ।ਟੀਮ ਨੇ ਅਮਰੂਦ ਦੇ ਕਾਸ਼ਤਕਾਰ ਕਿਸਾਨਾਂ ਨੂੰ ਕਲੱਸਟਰ ਬਣਾਉਣ ਸਬੰਧੀ ਸੁਝਾਅ ਦਿੰਦਿਆਂ ਕਿਹਾ ਕਿ ਕਲੱਸਟਰ ਬਣਾਉਣ ਨਾਲ ਆਉਣ ਵਾਲੇ ਸਮੇਂ ਵਿੱਚ ਕਿਸਾਨਾਂ ਨੂੰ ਨਵੀਆਂ ਯੋਜਨਾਵਾਂ ਦੇਣ ਲਈ ਇੱਕੋ ਪਲੇਟਫ਼ਾਰਮ ਤੇ ਜਾਣਕਾਰੀ ਪ੍ਰਾਪਤ ਹੋ ਸਕੇਗੀ ਅਤੇ ਕਿਸਾਨ ਆਪਣਾ ਪ੍ਰੋਜੈਕਟ ਤਿਆਰ ਕਰਕੇ ਲਾਭ ਲੈ ਸਕਣ।

ਇਸ ਮੀਟਿੰਗ ਵਿੱਚ ਉਪ ਡਾਇਰੈਕਟਰ ਬਾਗ਼ਬਾਨੀ ਸੰਦੀਪ ਸਿੰਘ ਗਰੇਵਾਲ, ਇੰਚਾਰਜ ਅਮਰੂਦ ਅਸਟੇਟ ਵਜੀਦਪੁਰ ਹਰਿੰਦਰਪਾਲ ਸਿੰਘ, ਬਾਗ਼ਬਾਨੀ ਵਿਕਾਸ ਅਫ਼ਸਰ, ਨਾਭਾ ਗਗਨ ਕੁਮਾਰ, ਬਾਗ਼ਬਾਨੀ ਵਿਕਾਸ ਅਫ਼ਸਰ, ਸਮਾਣਾ ਦਿਲਪ੍ਰੀਤ ਸਿੰਘ ਦੁਲੇਅ,ਬਾਗ਼ਬਾਨੀ ਵਿਕਾਸ ਅਫ਼ਸਰ, ਰਾਜਪੁਰਾ ਪਵਨ ਕੁਮਾਰ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ ਤੋਂ ਰਚਨਾ ਸਿੰਗਲਾ ਹਾਜ਼ਰ ਸਨ।

# ਪਟਿਆਲਾ ਜ਼ਿਲ੍ਹੇ ਅੰਦਰ ਇੱਕ ਦਿਨ ’ਚ ਲਗਾਏ ਇੱਕ ਲੱਖ ਬੂਟੇ

**ਪਟਿਆਲਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਜ਼ਿਲ੍ਹੇ ਅੰਦਰ ਅੱਜ ਵੱਡੀ ਪੱਧਰ ’ਤੇ ਬੂਟੇ ਲਗਾਉਣ ਦੀ ਮੁਹਿੰਮ ਚਲਾਉਂਦਿਆਂ ਇੱਕ ਲੱਖ ਬੂਟੇ ਲਗਾਏ ਗਏ। ਇਸ ਦੌਰਾਨ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮਹੂਆ ਦਾ ਬੂਟਾ ਲਗਾਇਆ, ਇਸ ਮੌਕੇ ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ ਇਸ ਬਰਸਾਤੀ ਮੌਸਮ ’ਚ 6 ਲੱਖ ਬੂਟੇ ਲਗਾਏ ਜਾਣ ਦਾ ਟੀਚਾ ਮਿੱਥਿਆ ਹੈ, ਜਿਸ ’ਚੋਂ ਇਕੱਲੇ 3.5 ਲੱਖ ਬੂਟੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਕਰਕੇ ਹੀ ਲਗਾਏ ਜਾਣਗੇ। ਇਸ ਮੌਕੇ ਉਨ੍ਹਾਂ ਦੇ ਨਾਲ ਏ.ਡੀ.ਸੀਜ ਨਵਰੀਤ ਕੌਰ ਸੇਖੋਂ ਤੇ ਅਮਰਿੰਦਰ ਸਿੰਘ ਟਿਵਾਣਾ ਅਤੇ ਵਣ ਰੇਂਜ ਅਫ਼ਸਰ ਸਵਰਨ ਸਿੰਘ ਵੀ ਮੌਜੂਦ ਸਨ।

ਜ਼ਿਲ੍ਹਾ ਨਿਵਾਸੀਆਂ ਨੂੰ ਇੱਕ-ਇੱਕ ਬੂਟਾ ਲਾਉਣ ਅਤੇ ਇਨ੍ਹਾਂ ਨੂੰ ਸੰਭਾਲਣ ਦਾ ਸੱਦਾ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵਾਤਾਵਰਣ ਨੂੰ ਹਰਿਆ-ਭਰਿਆ ਤੇ ਸ਼ੁੱਧ ਬਣਾਉਣ ਲਈ ਮੇਰੀ ਲਾਈਫ ਅਤੇ ਇੱਕ ਬੂਟਾ ਮਾਂ ਦੇ ਨਾਮ ਸਕੀਮਾਂ ਤਹਿਤ ਨਿਮ, ਸੀਸ਼ਮ, ਅਰਜਨ, ਅੰਬ, ਜਾਮਣ, ਬਹੇੜਾ, ਫਲਦਾਰ ਤੇ ਰਵਾਇਤੀ ਦੇਸੀ ਬੂਟੇ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੀ ਸਾਰੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਵੀ ਬੂਟੇ ਵੰਡੇ ਜਾਣਗੇ ਤਾਂ ਕਿ ਉਹ ਵੀ ਇਸ ਮੁਹਿੰਮ ਵਿੱਚ ਆਪਣਾ ਹਿੱਸਾ ਪਾ ਸਕਣ ਅਤੇ ਵਾਤਾਵਰਨ ਨੂੰ ਸੰਤੁਲਿਤ ਕਰਨ ’ਚ ਆਪਣਾ ਯੋਗਦਾਨ ਦੇਣ।

ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਹੁਣ ਜਦੋਂ ਪੂਰੀ ਦੁਨੀਆ ਵਾਤਾਵਰਨ ਪ੍ਰਤੀ ਚਿੰਤਤ ਹੈ ਅਤੇ ਵਾਤਾਵਰਨ ਦੀਆਂ ਤਬਦੀਲੀਆਂ ਸਬੰਧੀ ਚਰਚਾ ਹੋ ਰਹੀ ਹੈ ਤਾਂ ਹਰੇਕ ਮਨੁੱਖ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਵਾਤਾਵਰਨ ਪ੍ਰਤੀ ਸੁਚੇਤ ਹੋਵੇ ਅਤੇ ਵਾਤਾਵਰਨ ਦੀ ਸੰਭਾਲ ਲਈ ਇੱਕ-ਇੱਕ ਰੁੱਖ ਜਰੂਰ ਲਗਾਵੇ। ਉਨ੍ਹਾਂ ਕਿਹਾ ਕਿ ਪਹਿਲਾਂ ਲੱਗੇ ਬੂਟਿਆਂ ਨੂੰ ਵੀ ਗੋਦ ਲੈਣ ਦੀ ਲੋੜ ਹੈ ਤਾਂ ਕਿ ਸਾਡੀ ਸੇਵਾ ਕਰਦੇ ਇਨ੍ਹਾਂ ਬੂਟਿਆਂ ਬਚਾਅ ਵੀ ਸਕੀਏ।

ਏ.ਡੀ.ਸੀ. ਦਿਹਾਤੀ ਵਿਕਾਸ ਅਮਰਿੰਦਰ ਸਿੰਘ ਟਿਵਾਣਾ ਨੇ ਦੱਸਿਆ ਕਿਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਹੇਠ ਅੱਜ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਪਿੰਡਾਂ ਵਿੱਚ 32500 ਬੂਟੇ, ਸਿੱਖਿਆ ਵਿਭਾਗ ਵੱਲੋਂ 37500 ਬੂਟੇ, ਮੰਡੀ ਬੋਰਡ ਅਤੇ ਲੋਕ ਨਿਰਮਾਣ ਵਿਭਾਗ ਵੱਲੋਂ 15-15 ਹਜ਼ਾਰ ਬੂਟੇ ਸੜਕਾਂ ਤੇ ਹੋਰ ਥਾਵਾਂ ’ਤੇ ਲਗਾਏ ਗਏ ਹਨ।

ਉਨ੍ਹਾਂ ਹੋਰ ਦੱਸਿਆ ਕਿ ਇਸ ਮੁਹਿੰਮ ਦੌਰਾਨ ਬਿਜਲੀ ਨਿਗਮ ਵੱਲੋਂ ਵੱਖਰੇ ਤੌਰ ’ਤੇ 10 ਹਜ਼ਾਰ ਬੂਟੇ, ਖੇਤੀਬਾੜੀ ਵਿਭਾਗ ਤੇ ਸਹਿਕਾਰੀ ਸਭਾਵਾਂ 50-50 ਹਜ਼ਾਰ ਬੂਟੇ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ 50 ਹਜ਼ਾਰ ਬੂਟੇ, ਭੂਮੀ ਰੱਖਿਆ ਵਿਭਾਗ ਵੱਲੋਂ 1 ਲੱਖ ਬੂਟੇ, ਸਿੱਖਿਆ ਵਿਭਾਗ ਸਕੂਲਾਂ ’ਚ 50 ਹਜ਼ਾਰ ਬੂਟਿਆਂਸਮੇਤ ਸਮੂਹ ਕਾਰਜ ਸਾਧਕ ਅਫ਼ਸਰ ਵੀ ਆਪਣੇ ਅਧਿਕਾਰ ਖੇਤਰ ’ਚ 10-10 ਹਜ਼ਾਰ ਬੂਟੇ ਲਗਾਉਣਗੇ ਜਦਕਿ ਜੁਡੀਸ਼ੀਲ ਵਿਭਾਗ ਵੱਲੋਂ ਵੱਖਰੇ ਤੌਰ ’ਤੇ ਇੱਕ ਜੱਜ ਇੱਕ ਬੂਟੇ ਦੀ ਮੁਹਿੰਮ ਵੀ ਚਲਾਈ ਜਾ ਰਹੀ ਹੈ ਅਤੇ ਨਾਲ ਹੀ ਸਮਾਜ ਸੇਵੀ ਸੰਸਥਾਵਾਂ ਵੱਲੋਂ ਵੀ ਵੱਡੀ ਗਿਣਤੀ ’ਚ ਬੂਟੇ ਲਗਾਏ ਜਾ ਰਹੇ ਹਨ।

# ਕੌਂਸਲ ਪ੍ਰਧਾਨ ਵਲੋਂ ਵਾਰਡ ਨੰ:16 ਵਿਚ ਟਿਊਬਵੈਲ ਦੇ ਕੰਮ ਦੀ ਕਰਵਾਈ ਸ਼ੁਰੂਆਤ



**ਖਰੜ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਖਰੜ ਦੀ ਪ੍ਰਧਾਨ ਅੰਜੂ ਚੰਦਰ ਵਲੋਂ ਖਰੜ ਦੇ ਵਾਰਡ ਨੰ:16 ਵਿਚ ਨਵਾਂ ਟਿਊਬਵੈਲ ਲਗਾਉਣ ਲਈ ਕੰਮ ਦੀ ਸ਼ੁਰੂਆਤ ਕੀਤੀ ਅਤੇ ਕਿਹਾ ਕਿ ਇਸ ਟਿਊਬਵੈਲ ਤੇ 47 ਲੱਖ ਰੁਪਏ ਦਾ ਖਰਚਾ ਆਵੇਗਾ ਅਤੇ ਇਸ ਟਿਊਬਵੈਲ ਦਾ ਕੰਮ ਪੂਰਾ ਹੋਣ ਤੇ ਵਾਰਡ ਨੰ:16 ਦੀਆਂ ਕਲੋਨੀਆਂ ਸਮੇਤ ਹੋਰ ਇਲਾਕਿਆਂ ਵਿਚ ਪੀਣ ਵਾਲੇ ਪਾਣੀ ਦੀ ਕਿੱਲਤ ਦੂਰ ਹੋ ਜਾਵੇਗੀ। ਇਸ ਮੌਕੇ ਨਗਰ ਕੌਂਸਲ ਖਰੜ ਦੇ ਜੇ.ਈ.ਜੰਗ ਬਹਾਦਰ, ਜੇ.ਈ.ਕੁਲਵੰਤ ਸਿੰਘ, ਕੌਂਸਲਰ ਰਾਮ ਸਰੂਪ, ਸੁਰਮੁੱਖ ਸਿੰਘ, ਕੌਂਸਲਰ ਵਨੀਤ ਜੈਨ, ਕੌਂਸਲਰ ਰਾਜਿੰਦਰ ਸਿੰਘ, ਰਾਜਬੀਰ ਸਿੰਘ, ਜਸਬੀਰ ਸਿੰਘ ਕੌਂਸਲਰ ਸਮੇਤ ਹੋਰ ਇਲਾਕਾ ਨਿਵਾਸੀ ਹਾਜ਼ਰ ਸਨ।

# ਸ੍ਰੀ ਨੈਣਾ ਦੇਵੀ ਲੰਗਰ ਟੱਰਸਟ ਰਜਿ ਬਰਨਾਲਾ ਵਲੋ ਲੰਗਰ ਲਗਾਉਣ ਲਈ ਟਰੱਕ ਰਵਾਨਾ ਕੀਤੇ ਗਏ

**ਬਰਨਾਲਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**




ਸ੍ਰੀ ਨੈਣਾ ਦੇਵੀ ਲੰਗਰ ਟੱਰਸਟ ਰਜਿ: 493/4♣1/0239/2008 ਬਰਨਾਲਾ ਵਲੋ ਮਾਤਾ ਨੈਣਾ ਦੇਵੀ ਜੀ ਦੇ ਸਾਵਨ ਦੇ ਚਾਲੇ ਵਿੱਚ ਲੰਗਰ ਲਗਾਉਣ ਲਈ ਟਰੱਕ ਰਵਾਨਾ ਕੀਤੇ ਗਏ

ਇਸ ਦੀ ਜਾਣਕਾਰੀ ਦਿੰਦਿਆਂ ਵਾਈਸ ਪ੍ਰਧਾਨ ਸ੍ਰੀ ਹਰੀ ਚੰਦ ਨੇ ਦਸਿਆ ਕਿ ਸ੍ਰੀ ਨੈਣਾ ਦੇਵੀ ਲੰਗਰ ਟੱਰਸਟ ਰਜਿ ਬਰਨਾਲਾ ਦੇ ਵਲੋ ਹਰ ਸਾਲ ਸਾਵਨ ਦੇ ਚਾਲੇ ਵਿੱਚ ਲੰਗਰ ਲਗਾਇਆ ਜਾਦਾ ਹੈ ਜਿਸ ਵਿੱਚ ਮਾਤਾ ਜੀ ਦੇ ਦਰਸ਼ਨ ਕਰਨ ਲਈ ਆਏ ਭਗਤਾ ਲਈ ਭੰਡਾਰੇ ਵਿੱਚ ਚਾਹ ਕਾਫੀ ਬਰੈਡ ਰੋਟੀ ਠੰਡੇ ਪਾਣੀ ਦੀ ਵਿਵਸਥਾ,ਦਵਾਈਆਂ ਅਤੇ ਰਹਿਣ ਲਈ ਕਮਰਿਆ ਦੀ ਵਿਵਸਥਾ ਕੀਤੀ ਜਾਦੀ ਹੈ

ਉਹਨਾਂ ਦੱਸਿਆ ਕਿ ਇਹ ਭੰਡਾਰਾ 12/07/25 ਤੋ 20/07/2025 ਤੱਕ ਬਰਨਾਲਾ ਧਰਮਸ਼ਾਲਾ, ਕੋਲਾ ਵਾਲਾ ਟੋਬਾ ਵਿਖੇ ਲਗਾਇਆ ਜਾਵੇਗਾ ਮਾਤਾ ਜੀ ਦਾ ਲੰਗਰ 24 ਘੰਟੇ ਚਲੇਗਾ ਅੱਜ 11/07/2025 ਨੂੰ ਮਾਤਾ ਜੀ ਦੀ ਚੋਕੀ ਅਲਾਲ ਸਿਟੀ ਮਾਰਟ ਕਾਨਪੁਰ ਵਾਚ ਕੰਪਨੀ ਬਰਨਾਲਾ ਵਿਖੇ ਹੋਣ ਉਪੰਰਤ ਰਾਤ ਨੂੰ ਭੰਡਾਰੇ ਲਈ ਟਰੱਕ ਰਵਾਨਾ ਕੀਤੇ ਜਾਣਗੇ ਇਸ ਮੌਕੇ ਸਾਰੇ ਮੈਂਬਰਾਂ ਵੱਲੋਂ ਮਾਤਾ ਨੈਣਾ ਦੇਵੀ ਜੀ ਦੇ ਸਾਵਨ ਦੇ ਚਾਲੇ ਵਿੱਚ ਲੱਗਣ ਵਾਲੇ ਲੰਗਰ ਲਈ ਵਧ ਚੜ ਕੇ ਸਾਥ ਦੇਣ ਦਾ ਭਰੋਸਾ ਦਿੱਤਾ ਗਿਆ

ਨਰਿੰਦਰ ਚੋਪੜਾ ਨੇ ਦਸਿਆ ਕਿ ਲੰਗਰ ਕਮੇਟੀ ਦੇ ਪ੍ਰਧਾਨ ਸੁਸੀਲ ਕੁਮਾਰ ਵਲੋ ਸਾਰੇ ਮੈਂਬਰਾਂ ਦੀਆ ਡਿਊਟੀਆ ਲਗਾਈਆਂ ਗਈਆ ਹਨ ਅਤੇ ਮਾਤਾ ਜੀ ਦੀ ਚੋਕੀ ਅਲਾਲ ਸਿਟੀ ਮਾਰਟ ਕਾਨਪੁਰ ਵਾਚ ਕੰਪਨੀ ਬਰਨਾਲਾ ਵਿਖੇ ਹੋਣ ਉਪੰਰਤ ਰਾਤ ਨੂੰ ਭੰਡਾਰੇ ਲਈ ਟਰੱਕ ਰਵਾਨਾ ਕੀਤੇ ਜਾਣਗੇ

ਇਸ ਮੋਕੇ ਲੰਗਰ ਟੱਰਸਟ ਦੇ ਨਰਿੰਦਰ ਚੋਪੜਾ,ਸੱਤਪਾਲ ਸਤਾ,ਜੋਨੀ,ਕਿ ?ਸਨ ਕੁਮਾਰ,ਚੇਤਨ ਕੁਮਾਰ, ਅਨਿਲ ਕੁਮਾਰ, ਪਰੇਮ ਕੁਮਾਰ ਨੀਰਜ ਕੁਮਾਰ ਮੈਬਰ ਸਹਿਬਾਨ ਅਤੇ ਹੋਰ ਵੀ ਭਗਤਜਨ ਹਾਜਰ ਸਨ

# 115 ਪਟਿਆਲਾ ਹਲਕੇ ਦੇ ਬੀ.ਐਲ.ਓਜ਼ ਲਈ ਨੈਸ਼ਨਲ ਟਰੇਨਿੰਗ ਪ੍ਰੋਗਰਾਮ ਸ.ਫਲਤਾਪੂਰਵਕ ਆਯੋਜਿਤ




**ਪਟਿਆਲਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਚੋਣ ਕਮਿਸ਼ਨ ਆਫ਼ ਇੰਡੀਆ, ਨਵੀਂ ਦਿੱਲੀ ਵੱਲੋਂ ਜਾਰੀ ਟ ?ਰੇਨਿੰਗ ਸ਼ੈਡਿਊਲ ਦੇ ਅਧੀਨ ਵਿਧਾਨ ਸਭਾ ਹਲਕਾ 115 ਪਟਿਆਲਾ ਦੇ 182 ਬੂਥ ਲੈਵਲ ਅਫ਼ਸਰਾਂ ਬੀ.ਐਲ.ਓਜ਼ ਅਤੇ 18 ਸੁਪਰਵਾਈਜ਼ਰਾਂ ਨੂੰ ਨੈਸ਼ਨਲ ਟ ?ਰੇਨਿੰਗ ਪ੍ਰੋਗਰਾਮ ਤਹਿਤ ਚੋਣਕਾਰ ਰਜਿਸਟ ?ਰੇਸ਼ਨ ਅਫਸਰ-ਕਮ-ਉਪ ਮੰਡਲ ਮੈਜਿਸਟ ?ਰੇਟ ਪਟਿਆਲਾ ਦੀ ਅਗਵਾਈ ਹੇਠ ਇਕ ਰੋਜਾ ਟ ?ਰੇਨਿੰਗ ਪ੍ਰਦਾਨ ਕੀਤੀ ਗਈ । ਇਹ ਟ ?ਰੇਨਿੰਗ ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ ਵਿਖੇ 50-50 ਦੇ ਗਰੁੱਪਾਂ ਵਿੱਚ ਕਰਵਾਈ ਗਈ । ਇਸ ਟ ?ਰੇਨਿੰਗ ਦੌਰਾਨ ਬੂਥ ਲੈਵਲ ਅਫ਼ਸਰਾਂ ਵੱਲੋਂ ਵਰਤਣ ਵਾਲੀਆਂ ਐਪਸ ਦੀ ਜਾਣਕਾਰੀ ਦਿੱਤੀ ਗਈ ਜਿਸ ਵਿੱਚ ਵੋਟਰ ਦੀ ਨਵੀਂ ਵੋਟ ਬਨਾਵੁਣ, ਵੋਟਰ ਦੀ ਵੋਟ ਕੱਟਣ, ਵੋਟਰ ਦੀ ਵੋਟ ਸ਼ਿਫਟ ਕਰਨ ਅਤੇ ਵੋਟਰ ਕਾਰਡ ਵਿੱਚ ਵੋਟਰ ਦੇ ਵੇਰਵਿਆਂ ਦੀ ਸੋਧ ਸਬੰਧੀ ਜਾਣਕਾਰੀ ਵੀ ਦਿੱਤੀ ਗਈ ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ-ਉਪ ਮੰਡਲ ਮੈਜਿਸਟ ?ਰੇਟ ਵੱਲੋਂ ਸੁਪਰਵਾਈਜ਼ਰ ਅਫ਼ਸਰਾਂ ਅਤੇ ਬੂਥ ਲੈਵਲ ਅਫ਼ਸਰਾਂ ਦੀ ਸ਼ਲਾਘਾ ਕੀਤੀ ਗਈ । ਉਹਨਾਂ ਬੂਥ ਲੈਵਲ ਅਫ਼ਸਰਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਨੌਜਵਾਨ ਵੋਟਰਾਂ ਦੀ ਵੋਟ ਜਰੂਰ ਬਨਾਉਣ ਤਾਂ ਜੋ ਕੋਈ ਵੀ ਵੋਟਰ ਵੋਟ ਬਣਾਉਣ ਤੋਂ ਵਾਂਝਾ ਨਾ ਰਹਿ ਜਾਵੇ । ਇਸ ਮੌਕੇ ਟ ?ਰੇਨਿੰਗ ਦੇ ਸੈਸ਼ਨ ‘ ਚ ਬੂਥ ਲੈਵਲ ਅਫਸਰਾਂ ਨੇ ਦੱਸਿਆ ਕਿ ਇਸ ਟ ?ਰੇਨਿੰਗ ਤੋਂ ਉਹਨਾਂ ਨੂੰ ਬਹੁਤ ਲਾਭ ਪ੍ਰਾਪਤ ਹੋਇਆ ਹੈ ਅਤੇ ਉਹਨਾਂ ਫੀਲਡ ਵਿੱਚ ਹੋਰ ਵਧੀਆ ਅਤੇ ਪ੍ਰਭਾਵਸ਼ਾਲੀ ਕੰਮ ਕਰਨ ਦਾ ਭਰੋਸਾ ਦਵਾਇਆ ।

ਇਹ ਟਰੇਨਿੰਗ ਸਹਾਇਕ ਚੋਣਕਾਰ ਰਜਿਸਟ ?ਰੇਸ਼ਨ ਅਫਸਰ-1 ਕਮ ਤਹਿਸੀਲਦਾਰ ਕਰਨਦੀਪ ਸਿੰਘ ਭੁੱਲਰ, ਮਾਸਟਰ ਟ ?ਰੇਨਰ ਵਿਕਰਮਜੀਤ ਸਿੰਘ, ਮਾਸਟਰ ਟ ?ਰੇਨਰ ਧਰਮਿੰਦਰ ਸਿੰਘ, ਮਾਸਟਰ ਟ ?ਰੇਨਰ ਪਾਰੁਲ ਗਰਗ, ਮੁਕੁਲ ਮਿੱਤਲ, ਚੋਣ ਕਲਰਕ ਰਮਨੀਕ ਸ਼ਰਮਾ , ਜੂਨੀਅਰ ਸਹਾਇਕ ਸਤਵੰਤ ਸਿੰਘ, ਅਮਨਦੀਪ ਸਿੰਘ, ਬੀਰਬਲ ਕੁਮਾਰ ਅਤੇ ਈ.ਆਰ.ਓ. ਸਟਾਫ ਦੀ ਟੀਮ ਵੱਲੋਂ ਦਿੱਤੀ ਗਈ ।

# ਪਾਣੀ ਦੇ ਸੋਮਿਆਂ, ਬਰਤਨਾਂ ਨੂੰ ਹਫਤੇ ਵਿੱਚ ਇੱਕ ਵਾਰ ਸੁਕਾਉਣ ਦੀ ਅਪੀਲ



**ਬਰਨਾਲਾ, 14 ਜੁਲਾਈ**
**-ਰਾਕੇਸ਼ ਗੋਇਲ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਵਿਭਾਗ ਬਰਨਾਲਾ ਵੱਲੋਂ ਆਮ ਲੋਕਾਂ ਨੂੰ ਮਲੇਰੀਆ ਅਤੇ ਡੇਂਗੂ ਤੋਂ ਬਚਾਅ ਅਤੇ ਇਲਾਜ ਲਈ “ਹਰ ਸ਼ੁੱਕਰਵਾਰ ਡੇਂਗੂ ’ਤੇ ਵਾਰ”ਤਹਿਤ ਵੱਖ-ਵੱਖ ਵਿਭਾਗਾਂ ਅਤੇ ਲੋਕਾਂ ਦੇ ਸਹਿਯੋਗ ਨਾਲ ਮੁਹਿੰਮ ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਅਤੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਹੁਕਮਾਂ ਅਨੁਸਾਰ ਚਲਾਈ ਗਈ ਹੈ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਬਰਨਾਲਾ ਡਾ. ਬਲਜੀਤ ਸਿੰਘ ਵੱਲੋਂ ਕੀਤਾ ਗਿਆ ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਬਰਨਾਲਾ ਦੇ ਪਿੰਡਾਂ, ਸ਼ਹਿਰਾਂ ਅਤੇ ਸਿਹਤ ਕੇਂਦਰਾਂ ਤੇ ਫੀਲਡ ਸਟਾਫ , ਨਰਸਿੰਗ ਵਿਦਿਆਰਥੀਆਂ ਅਤੇ ਆਸ਼ਾ ਵਲੋਂ ਲੋਕਾਂ ਨੂੰ ਡੇਂਗੂ ਬਾਰੇ ਜਾਗਰੂਕ ਕੀਤਾ ਜਾਂਦਾ ਹੈ ਅਤੇ ਹਰ ਸ਼ੁਕਰਵਾਰ ਨੂੰ ਖੁਸ਼ਕ ਦਿਨ (ਪਾਣੀ ਦੇ ਸੋਮਿਆਂ ਨੂੰ ਸਾਫ ਕਰਕੇ ਸੁਕਾਉਣ ਵਜੋਂ) ਮਨਾਇਆ ਜਾਂਦਾ ਹੈ । ਡਾ. ਮੁਨੀਸ਼ ਕੁਮਾਰ ਜ਼ਿਲ੍ਹਾ ਐਪੀਡਿਮਾਲੋਜਿਸਟ ਨੇ ਦੱਸਿਆ ਮਲੇਰੀਆ ਦੀ ਜਾਂਚ ਅਤੇ ਇਸ ਦਾ ਇਲਾਜ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਵਿਚ ਮੁਫ਼ਤ ਕੀਤਾ ਜਾਂਦਾ ਹੈ। ਇਸ ਲਈ ਬੁਖਾਰ ਹੋਣ ’ਤੇ ਨੇੜੇ ਦੀ ਸਿਹਤ ਸੰਸਥਾ ਨਾਲ ਤੁਰੰਤ ਸੰਪਰਕ ਕੀਤਾ ਜਾਵੇ।

ਇਸ ਸਮੇਂ ਗੁਰਮੇਲ ਸਿੰਘ ਢਿੱਲੋਂ ਅਤੇ ਸੁਰਿੰਦਰ ਸਿੰਘ ਸਿਹਤ ਸੁਪਰਵਾਇਜ਼ਰ ਨੇ ਡੇਂਗੂ ਦੇ ਲੱਛਣ, ਬਚਾਅ ਅਤੇ ਇਸ ਦੇ ਇਲਾਜ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਮਲੇਰੀਆ ਮਾਦਾ ਮੱਛਰ ਐਨਾਫ਼ਲੀਜ਼ ਦੇ ਕੱਟਣ ਨਾਲ ਫੈਲਦਾ ਹੈ ਜੋ ਕਿ ਖੜੇ ਪਾਣੀ ਵਿਚ ਪੈਦਾ ਹੁੰਦੇ ਹਨ ਇਹ ਰਾਤ ਤੇ ਸਵੇਰ ਵੇਲੇ ਕੱਟਦੇ ਹਨ , ਕਾਂਬੇ ਨਾਲ ਤੇਜ਼ ਬੁਖਾਰ ,ਸਿਰ ਦਰਦ ,ਬੁਖਾਰ ਉਤਰ ਜਾਣ ਤੇ ਪਸੀਨਾ ਆਉਣਾ , ਸਰੀਰਕ ਥਕਾਵਟ , ਕਮਜ਼ੋਰੀ ਆਦਿ ਇਸ ਦੇ ਮੁੱਖ ਲੱਛਣ ਹੁੰਦੇ ਹਨ ।

ਉਨ੍ਹਾਂ ਦੱਸਿਆ ਕਿ ਸਾਨੂੰ ਆਪਣੇ ਘਰਾਂ ਦੇ ਆਲੇ ਦੁਆਲੇ ਪਾਣੀ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ। ਮੱਛਰਾਂ ਦੇ ਕੱਟਣ ਤੋਂ ਬਚਣ ਲਈ ਮੱਛਰਦਾਨੀ, ਮੱਛਰ ਭਜਾਓ ਕਰੀਮਾਂ, ਜਾਲੀਦਾਰ ਦਰਵਾਜੇ ਅਤੇ ਪੂਰਾ ਸਰੀਰ ਢਕਣ ਵਾਲੇ ਕੱਪੜਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ ਕੁਲਦੀਪ ਸਿੰਘ ਮਾਨ ਜ਼ਿਲ੍ਹਾ ਮਾਸ ਮੀਡੀਆ ਅਫਸਰ ਅਤੇ ਹਰਜੀਤ ਸਿੰਘ ਜ਼ਿਲ੍ਹਾ ਬੀ ਸੀ ਸੀ ਕੋਆਰਡੀਨੇਟਰ ਨੇ ਦੱਸਿਆ ਕਿ ਲੋਕਾਂ ਨੂੰ ਮਲੇਰੀਆ ਡੇਂਗੂ ਤੋਂ ਬਚਾਅ ਲਈ ਪੋਸਟਰ, ਪੈਂਫਲੈਟਸ,ਸਕੂਲਾਂ ਚ ਬੱਚਿਆਂ ਨੂੰ ਜਾਗਰੂਕ ਕਰਕੇ ਅਤੇ ਪ੍ਰੈਸ ਕਵਰੇਜ ਰਾਹੀਂ ਜਾਗਰੂਕ ਕੀਤਾ ਜਾ ਰਿਹਾ ਹੈ ।

# ਓਪਨ ਯੂਨੀਵਰਸਿਟੀ ਵਿਖੇ ਵਾਈਸ-ਚਾਂਸਲਰਜ਼ ਦੇ ਪੈਨਲ ਦਾ ਦੌਰਾ

**ਪਟਿਆਲਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮਾਣਯੋਗ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਦੇ ਨਿਰਦੇਸ਼ਾਂ ਅਨੁਸਾਰ, ਜਗਤ ਗੁਰੂ ਨਾਨਕ ਦੇਵ ਪੰਜਾਬ ਰਾਜ ਓਪਨ ਯੂਨੀਵਰਸਿਟੀ, ਪਟਿਆਲਾ ਨੇ 11 ਜੁਲਾਈ 2025 ਨੂੰ ਵਾਈਸ-ਚਾਂਸਲਰਜ਼ ਦੀ ਮੀਟ ਹੋਈ । ਪ੍ਰੋ. (ਡਾ.) ਰਤਨ ਸਿੰਘ, ਵਾਈਸ-ਚਾਂਸਲਰ, ਓਪਨ ਯੂਨੀਵਰਸਿਟੀ, ਪਟਿਆਲਾ ਨੇ ਇਸ ਮੀਟ ਦੀ ਪ੍ਰਧਾਨਗੀ ਕੀਤੀ। ਇਸ ਮੀਟ ਦਾ ਉਦੇਸ਼ ਅਕਾਦਮਿਕ ਉੱਤਮਤਾ ਲਈ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨਾ ਸੀ। ਵਾਈਸ-ਚਾਂਸਲਰਾਂ ਦੇ ਪੈਨਲ ਦੀ ਅਗਵਾਈ ਪ੍ਰੋਫੈਸਰ (ਡਾ.) ਰਾਜੀਵ ਸੂਦ, ਵਾਈਸ-ਚਾਂਸਲਰ, ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼, ਫਰੀਦਕੋਟ ਨੇ ਕੀਤੀ। ਪੈਨਲ ਵਿੱਚ ਚਾਰ ਯੂਨੀਵਰਸਿਟੀਆਂ ਦੇ ਪ੍ਰਤੀਨਿਧੀ ਸ਼ਾਮਲ ਸਨ, ਜਿਨ੍ਹਾਂ ਵਿੱਚ ਡਾ. ਦਿਲਬਾਗ ਸਿੰਘ, ਡੀਨ ਰਿਸਰਚ ਐਂਡ ਡਿਵੈਲਪਮੈਂਟ, ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ, ਗੁਰਦਾਸਪੁਰ; ਡਾ. ਅਮਿਤ ਭਾਟੀਆ, ਐਸੋਸੀਏਟ ਡੀਨ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਅਤੇ ਪ੍ਰੋਫੈਸਰ ਨੀਲਕੰਠ ਗਰੋਵਰ, ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ, ਕਪੂਰਥਲਾ ਸ਼ਾਮਲ ਸਨ।

ਪ੍ਰੋ. ਰਤਨ ਸਿੰਘ, ਵਾਈਸ-ਚਾਂਸਲਰ ਨੇ ਸਾਰਿਆਂ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਆਪਣੇ ਸੰਬੋਧਨ ਵਿੱਚ ਕਿਹਾ, ਯੂਨੀਵਰਸਿਟੀ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਦਾ ਪ੍ਰਚਾਰ ਕਰ ਰਹੀ ਹੈ ਅਤੇ ਸਿੱਖਿਆ ਨੂੰ ਵਧੇਰੇ ਪਹੁੰਚਯੋਗ ਬਣਾ ਰਹੀ ਹੈ। ਉਨ੍ਹਾਂ ਨੇ ਭਾਰਤ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਵਿਦਿਅਕ ਸੰਸਥਾਵਾਂ ਦੀ ਭੂਮਿਕਾ ਬਾਰੇ ਗੱਲ ਕੀਤੀ। ਉਨ੍ਹਾਂ ਨੇ ਨਵੀਨਤਾਕਾਰੀ, ਸਮਾਵੇਸ਼ੀ ਅਤੇ ਪ੍ਰਭਾਵ-ਅਧਾਰਤ ਸਿਖਲਾਈ ਮਾਡਲਾਂ ਰਾਹੀਂ ਭਾਰਤ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਵਿਦਿਅਕ ਸੰਸਥਾਵਾਂ ਦੀ ਭੂਮਿਕਾ ਬਾਰੇ ਗੱਲ ਕੀਤੀ । ਯੂਨੀਵਰਸਿਟੀ ਦੇ ਸਭ ਤੋਂ ਵਧੀਆ ਅਭਿਆਸਾਂ ਅਤੇ ਸਹੂਲਤਾਂ ਨੂੰ ਦਰਸਾਉਂਦੀ ਪੇਸ਼ਕਾਰੀ ਤੋਂ ਬਾਅਦ ਯੂਨੀਵਰਸਿਟੀ ਦੀ ਫੈਕਲਟੀ ਵੱਲੋਂ ਪ੍ਰਬੰਧਕੀ ਬਲਾਕ, ਪ੍ਰੀਖਿਆ ਸ਼ਾਖਾ ਅਤੇ ਅਕਾਦਮਿਕ ਬਲਾਕ ਦਾ ਦੌਰਾ ਕਰਵਾਇਆ ਗਿਆ ।

# ਸਿੱਖਿਆ ਸੰਸਥਾਵਾਂ ਵਿਖੇ ਜਾ ਕੇ ਸਾਂਝ ਕੇਂਦਰਾਂ ਵਲੋਂ ਇੱਕ ਪਲੇਟਫਾਰਮ ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਬਾਰੇ ਦਿੱਤੀ ਜਾ ਰਹੀ ਹੈ ਜਾਣਕਾਰੀ: ਸੁਖਜਿੰਦਰ ਬਾਜਵਾ, ਪਰਮਿੰਦਰ ਭਲਵਾਨ

**ਪਟਿਆਲਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਅਤੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ,ਸਪੈਸ਼ਲ ਡੀ ਜੀ ਪੀ ਕਮਾਊਨਟੀ ਅਫੇਅਰ ਗੁਰਪ੍ਰੀਤ ਕੌਰ ਦਿਉ, ਡੀ ਆਈ ਜੀ ਪਟਿਆਲਾ ਰੇਂਜ ਡਾਕਟਰ ਨਾਨਕ ਸਿੰਘ, ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ,ਐਸ ਪੀ ਹੈਡਕੁਆਰਟਰ-ਕਮ ਜ਼ਿਲ੍ਹਾ ਕਮਾਊ ?ਨਟੀ ਅਫੇਅਰ ਅਫ਼ਸਰ ਵੈਭਵ ਚੋਧਰੀ ਦੀ ਅਗਵਾਈ ਹੇਠ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਬਾਰੇ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਸਰਕਾਰੀ ਆਈਂ ਟੀ ਆਈਂ ਲੜਕੀਆਂ ਵਿਖੇ ਪ੍ਰਿੰਸੀਪਲ ਮਨਮੋਹਨ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਸੁਖਜਿੰਦਰ ਸਿੰਘ ਬਾਜਵਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੋਸਲਿੰਗ ਸੈਲ, ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਸ਼ਿਰਕਤ ਕੀਤੀ,ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਸਾਰੇ ਆਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ ਗਿਆ,ਵਿਸ਼ੇਸ਼ ਤੌਰ ਤੇ ਐਸ ਆਈ ਜਸਪਾਲ ਸਿੰਘ ਰਾਸ਼ਟਰਪਤੀ ਪੁਲਿਸ ਮੈਡਲ ਵਿਜੇਤਾ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ, ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1, ਐਸ ਆਈ ਜਸਵੰਤ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 2, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਵਰਿੰਦਰ ਸਿੰਘ ਖਰੋੜ, ਰਮਨਦੀਪ ਸਿੰਘ, ਭਿੰਦਰ ਜਲਵੇੜਾ ਤੋਂ ਇਲਾਵਾ ਸਰਕਾਰੀ ਆਈਂ ਟੀ ਆਈ ਲੜਕੀਆਂ ਦੇ ਵਾਇਸ ਪ੍ਰਿੰਸੀਪਲ ਆਸ਼ਿਮਾ ਗੋਇਲ, ਸਟਾਫ ਮਨਦੀਪ ਕੌਰ,ਏਕਮਜੀਤ ਕੋਰ, ਮਨੀਸ਼ਾ ਰਾਣੀ, ਡਿੰਪਲ, ਰਿਤਿਕਾ ਸ਼ਰਮਾ, ਸੁਖਬੀਰ ਕੌਰ, ਰਾਜਵੀਰ ਕੌਰ, ਮੀਨਾਕਸ਼ੀ ਭੱਲਾ ਨੇ ਵੀ ਪ੍ਰੋਗਰਾਮ ਦੋਰਾਨ ਭਰਪੂਰ ਸਹਿਯੋਗ ਦਿੱਤਾ,ਇਸ ਮੌਕੇ ਸੰਬੋਧਨ ਕਰਦਿਆ ਸੁਖਜਿੰਦਰ ਸਿੰਘ ਬਾਜਵਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਵੱਖ ਵੱਖ ਸਕੂਲਾਂ ਕਾਲਜਾਂ ਯੂਨੀਵਰਸਿਟੀਆਂ ਵਿੱਚ ਜਾਂ ਕੇ ਵਿਦਿਆਰਥੀਆਂ ਨੂੰ ਸਾਂਝ ਕੇਂਦਰਾਂ ਵਲੋਂ ਇੱਕ ਪਲੇਟਫਾਰਮ ਤੇ ਇੱਕਠੀਆਂ 44 ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।

# ਡਵੀਜ਼ਨਲ ਕਮਿਸ਼ਨਰ ਵੱਲੋਂ ਐਸ.ਡੀ.ਐਮ. ਤੇ ਤਹਿਸੀਲਦਾਰ ਦ.ਫਤਰਾਂ ਦਾ ਨਿਰੀਖਣ



**ਪਟਿਆਲਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਮੰਡਲ ਦੇ ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਵੱਲੋਂ ਅੱਜ ਪਟਿਆਲਾ ਦੇ ਐਸ.ਡੀ.ਐਮ. ਤੇ ਤਹਿਸੀਲਦਾਰ ਦਫ਼ਤਰਾਂ ਦੇ ਰਿਕਾਰਡ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਉਨ੍ਹਾਂ ਮਾਲ ਅਦਾਲਤਾਂ ’ਚ ਸਾਲਾਂ ਤੋਂ ਲੰਬਿਤ ਚੱਲੇ ਆ ਰਹੇ ਕੇਸਾਂ ’ਤੇ ਗੰਭੀਰ ਨੋਟਿਸ ਲੈਂਦਿਆਂ ਅਧਿਕਾਰੀਆਂ ਨੂੰ ਕੇਸਾਂ ਦੇ ਸਮਾਂਬੱਧ ਨਿਪਟਾਰੇ ਦੇ ਸਖ਼ਤ ਆਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਜ਼ਮੀਨੀ ਤਕਸੀਮ, ਨਿਸ਼ਾਨਦੇਹੀ, ਪੈਮਾਇਸ਼, ਖ਼ਸਰਾ-ਗਿਰਦਾਵਰੀ, ਨੰਬਰਦਾਰੀ ਤੇ ਚੌਕੀਦਾਰੀ ਦੇ ਕੇਸਾਂ ਨੂੰ ਬਿਨਾਂ ਕਿਸੇ ਦੇਰੀ ਦੇ ਸਮਾਂਬੱਧ ਕਰਦੇ ਹੋਏ ਇਨ੍ਹਾਂ ਦਾ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਐਸ.ਡੀ.ਐਮ. ਤੇ ਤਹਿਸੀਲਦਾਰ, ਨਾਇਬ ਤਹਿਸੀਲਦਾਰ ਦੀਆਂ ਅਦਾਲਤਾਂ ਦੇ ਕੇਸਾਂ ਦੇ ਨਿਪਟਾਰੇ ਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਬੇਲੋੜੀ ਦੇਰੀ ਲਈ ਸਬੰਧਤ ਅਧਿਕਾਰੀ ਖ਼ਿਲਾਫ਼ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਡਵੀਜ਼ਨਲ ਕਮਿਸ਼ਨਰ ਨੇ ਐਸ.ਡੀ.ਐਮ. ਵੱਲੋਂ ਤਹਿਸੀਲਦਾਰ, ਨਾਇਬ ਤਹਿਸੀਲਦਾਰ ਤੇ ਕਾਨੂੰਗੋ ਦਫ਼ਤਰਾਂ ਦਾ ਲੰਮੇ ਸਮੇਂ ਤੋਂ ਨਿਰੀਖਣ ਨਾ ਕੀਤੇ ਜਾਣ ’ਤੇ ਸਖ਼ਤ ਰੁਖ਼ ਅਪਣਾਉਂਦਿਆਂ ਹਦਾਇਤ ਕੀਤੀ ਕਿ ਸਾਰੇ ਦਫ਼ਤਰਾਂ ਦੀ ਜਾਇਜ਼ਾ ਰਿਪੋਰਟ ਨਿਰੀਖਣ ਕਰਕੇ ਡਵੀਜ਼ਨਲ ਕਮਿਸ਼ਨਰ ਦਫ਼ਤਰ ਵਿਖੇ ਜਮ੍ਹਾਂ ਕਰਵਾਉਣੀ ਯਕੀਨੀ ਬਣਾਈ ਜਾਵੇ। ਉਨ੍ਹਾਂ ਤਹਿਸੀਲਦਾਰ ਦਫ਼ਤਰ ਵਿਖੇ ਲੰਬਿਤ ਚੱਲੀਆਂ ਆ ਰਹੀਆਂ 133 ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਕਰਨ ਦੇ ਨਿਰਦੇਸ਼ ਦੇਣ ਸਮੇਤ ਸਟਾਕ ਰਜਿਸਟਰ ’ਤੇ ਇੰਦਰਾਜ ਕਰਨ ਦੀ ਵੀ ਹਦਾਇਤ ਕੀਤੀ।

ਵਿਨੈ ਬੁਬਲਾਨੀ ਨੇ ਐਨ.ਓ.ਸੀ. ਜਾਰੀ ਕਰਨ ਵਿੱਚ ਹੁੰਦੀ ਦੇਰੀ ਦਾ ਨੋਟਿਸ ਲੈਂਦਿਆਂ ਸਬੰਧਤ ਮੁਲਾਜ਼ਮਾਂ ਨੂੰ ਤੈਅ ਸਮੇਂ ਵਿੱਚ ਐਨ.ਓ.ਸੀ. ਜਾਰੀ ਕਰਨ ਦੀ ਹਦਾਇਤੀ ਕੀਤੀ ਅਤੇ ਕਿਹਾ ਕਿ ਜੇਕਰ ਕਿਸੇ ਕੇਸ ਵਿੱਚ ਐਨ.ਓ.ਸੀ. ਜਾਰੀ ਕਰਨ ਵਿੱਚ ਮੁਸ਼ਕਲ ਹੈ ਤਾਂ ਉਸ ਨੂੰ ਰਿਕਾਰਡ ’ਤੇ ਲਿਆਂਦਾ ਜਾਵੇ।

# ਭਾਰਤ ਬੰਦ ਸੱਦੇ ਨੂੰ ਸਮਾਣਾ ’ਚ ਮਿਲਿਆ ਭਰਵਾਂ ਹੁੰਗਾਰਾ

**ਸਮਾਣਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤ ਬੰਦ ਦੇ ਸੱਦੇ ਨੂੰ ਲੈ ਕੇ ਟਰੇਡ ਯੂਨੀਅਨ ਕੌਂਸਲਾਂ ਵੱਲੋਂ ਦਿੱਤੇ ਸੱਦੇ ਅਨੁਸਾਰ ਸਮਾਣਾ ਵਿਖੇ ਵੀ ਬੈਂਕਾਂ,ਬਿਜਲੀ ਬੋਰਡ ਦਫਤਰ, ਪੋਸਟ ਆਫਿਸ,ਬੀਮਾ ਦਫਤਰ ਤੇ ਪੀਆਰਟੀਸੀ ਦੇ ਮੁਲਾਜ਼ਮਾਂ ਨੇ ਮੁਕੰਮਲ ਹੜਤਾਲ ਕੀਤੀ। ਇਸ ਮੌਕੇ ਬੁਲਾਰਿਆਂ ਨੇ ਕੇਂਦਰ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਬਿਜਲੀ ਅਦਾਰੇ ਦੇ ਨਾਲ- ਨਾਲ ਹੋਰ ਸਰਕਾਰੀ ਅਦਾਰੇ ਅਤੇ ਸੇਵਾਵਾਂ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੀ ਯੋਜਨਾ ਬਣਾ ਚੁੱਕੀ ਹੈ।

ਉਹਨਾਂ ਦੱਸਿਆ ਕਿ 29 ਲੇਬਰ ਕਾਨੂੰਨਾਂ ਨੂੰ ਤੋੜ ਕੇ 4 ਲੇਬਰ ਕੋਡ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਲੈਬਰ ਕੋਡਾ ਰਾਹੀਂ ਸਰਕਾਰ ਮਜ਼ਦੂਰਾਂ ਅਤੇ ਕਰਮਚਾਰੀਆਂ ਦੇ ਜਾਇਜ ਹੱਕ ਅੱਠ ਘੰਟਿਆਂ ਤੋਂ ਵਧਾ ਕੇ 12 ਘੰਟੇ ਕੰਮ ਕਰਨ,ਪੱਕੇ ਰੁਜ਼ਗਾਰ ਦੀ ਬਜਾਏ ਕੱਚਾ ਰੁਜ਼ਗਾਰ ਅਤੇ ਹੜਤਾਲ ਕਰਨ ਦਾ ਅਧਿਕਾਰ ਆਦਿ ਖੋਹਣ ਦੇ ਕਾਨੂੰਨ ਬਣਾ ਰਹੀ ਹੈ । ਕੇਂਦਰ ਸਰਕਾਰ ਦੀਆਂ ਇਹਨਾਂ ਨਿੱਜੀਕਰਨ ਅਤੇ ਕਾਰਪੋਰੇਟ ਪੱਖੀ ਨੀਤੀਆਂ ਦੇ ਖਿਲਾਫ ਦੇਸ਼ ਵਿਆਪੀ ਹੜਤਾਲ ਵਿੱਚ ਸ਼ਾਮਿਲ ਹੋਏ ਹਨ । ਉਹਨਾਂ ਮੰਗ ਕੀਤੀ ਕਿ ਚਾਰ ਲੇਬਰ ਕੋਡ ਰੱਦ ਕੀਤਾ ਜਾਵੇ,ਸਰਕਾਰੀ ਖੇਤਰ ਅਤੇ ਸੇਵਾਵਾਂ ਦੀਆਂ ਨਿਜੀਕਰਨ ਵਿਰੁੱਧ ਘੱਟੋ ਘੱਟ ਉਜਰਤਾਂ 26000 ਪ੍ਰਤੀ ਮਹੀਨਾ ਕਰਨ, ਈਪੀਐਫ ਤਹਿਤ 9000 ਪ੍ਰਤੀ ਮਹੀਨਾ ਪੈਨਸ਼ਨ ਦੇਣ, ਕੱਚੇ ਕਾਮੇ ਪੱਕੇ ਕਰਨ,ਠੇਕੇਦਾਰੀ ਪ੍ਰਥਾ ਬੰਦ ਕਰਨ, ਬਿਜਲੀ ਸੋਧ ਬਿਲ ਰੱਦ ਕਰਨ,ਪੁਰਾਣੀ ਪੈਨਸ਼ਨ ਦੀ ਬਹਾਲੀ ਅਤੇ ਐਮਐਸਪੀ ਦੀ ਕਾਨੂੰਨੀ ਗਰੰਟੀ ਸ਼ ਆਦਿ ਮੰਗਾਂ ਮੰਨੀਆਂ ਜਾਣ। ਇਸ ਮੌਕੇ ਜੀਵਨ ਸਿੰਘ, ਗੁਰਮੇਲ ਸਿੰਘ, ਕਾਰਤਿਕ ਬਾਂਸਲ ਸੁਖਵਿੰਦਰ ਸਿੰਘ ਤੁੱਲੇਵਾਲ, ਦਲਜੀਤ ਸਿੰਘ ਚੱਕ ਹ ਅੰਮ੍ਰਿਤਸਰੀਓਂ ਇਲਾਵਾ ਸੈਂਕੜੇ ਮੁਲਾਜ਼ਮ ਤੇ ਕਿਸਾਨ ਹਾਜ਼ਰ ਸਨ।

## ਸੰਪਾਦਕੀ

# ਯਮਨ ਵਿਚ ਫਸੀ ਭਾਰਤੀ ਨਰਸ ਨਿਮਿਸ਼ਾ ਰਾਓ ਨੂੰ ਬਚਾਓ

ਯਮਨ ਵਿੱਚ ਭਾਰਤੀ ਨਰਸ ਨਿਮਿਸ਼ਾ ਪ੍ਰਿਆ ਦੀ ਫ਼ਾਂਸੀ ਵਿੱਚ ਕੁਝ ਹੀ ਦਿਨ ਬਚੇ ਹਨ ਜਿਸ ਕਰ ਕੇ ਭਾਰਤ ਨੂੰ ਫ਼ੈਸਲਾਕੁਨ ਕਦਮ ਉਠਾਉਣ ਲਈ ਸਮਾਂ ਘਟ ਰਿਹਾ ਹੈ। 37 ਸਾਲਾ ਨਿਮਿਸ਼ਾ ਨੂੰ ਆਪਣੇ ਯਮਨੀ ਕਾਰੋਬਾਰੀ ਭਿਆਲ ਤਲਾਲ ਅਬਦੋ ਮੇਹਦੀ ਦੀ ਹੱਤਿਆ ਦੀ ਦੋਸ਼ੀ ਕਰਾਰ ਦਿੱਤਾ ਗਿਆ ਸੀ। ਸਜ਼ਾ ਤੋਂ ਬਚਣ ਲਈ ਉਸ ਨੇ ਸਾਰੀਆਂ ਕਾਨੂੰਨੀ ਚਾਰਾਜੋਈਆਂ ਕਰ ਕੇ ਦੇਖ ਲਈਆਂ ਪਰ ਕੋਈ ਰਾਹਤ ਨਾ ਮਿਲ ਸਕੀ ਅਤੇ ਹੁਣ ਉਸ ਨੂੰ ਫਾਂਸੀ ਦੇਣ ਲਈ 16 ਜੁਲਾਈ ਦੀ ਤਾਰੀਕ ਮੁਕੱਰਰ ਕੀਤੀ ਗਈ ਹੈ। ਉਸ ਦੀ ਹੋਣੀ ਆਖ਼ਿਰੀ ਪਲਾਂ ’ਤੇ ਕੀਤੀ ਜਾਣ ਵਾਲੀ ਕੂਟਨੀਤਕ ਅਤੇ ਮਨੁੱਖੀ ਦਖ਼ਲਅੰਦਾਜ਼ੀ, ਖ਼ਾਸਕਰ ਪੀੜਤ ਦੇ ਪਰਿਵਾਰ ਨੂੰ ਅਦਾ ਕੀਤੀ ਜਾਂਦੀ ਬਲੱਡ ਮਨੀ (ਦੀਆ) ਉੱਪਰ ਟਿਕੀ ਹੋਈ ਹੈ। ਭਾਰਤ ਸਰਕਾਰ ਦੀ ਮਜਬੂਰੀ ਇਹ ਹੈ ਕਿ ਇਸ ਦੇ ਹੂਤੀ ਬਾਗੀਆਂ ਨਾਲ ਕੋਈ ਕੂਟਨੀਤਕ ਸਬੰਧ ਨਹੀਂ ਹਨ ਜਿਨ੍ਹਾਂ ਦਾ ਇਸ ਸਮੇਂ ਯਮਨ ਦੀ ਰਾਜਧਾਨੀ ਸਨਾ ਉੱਪਰ ਕੰਟਰੋਲ ਹੈ ਪਰ ਦੱਸਿਆ ਜਾਂਦਾ ਹੈ ਕਿ ਸਰਕਾਰ ਹਰ ਸੰਭਵ ਮਦਦ ਪਹੁੰਚਾ ਰਹੀ ਹੈ। ਯਮਨ ਦੀ ਕੌਮਾਂਤਰੀ ਮਾਨਤਾ ਪ੍ਰਾਪਤ ਸਰਕਾਰ ਨਾਲ ਅਜੇ ਵੀ ਕੂਟਨੀਤਕ ਸਬੰਧ ਚੱਲ ਰਹੇ ਹਨ ਪਰ ਨਿਮੀਸ਼ਾ ਜਿੱਥੇ ਇਸ ਸਮੇਂ ਕੈਦ ਹੈ, ਉਹ ਇਲਾਕਾ ਹੂਤੀ ਬਾਗ਼ੀਆਂ ਦੇ ਪ੍ਰਭਾਵ ਹੇਠ ਆਉਂਦਾ ਹੈ। ਅੰਦਰਖਾਤੇ ਕੂਟਨੀਤਕ ਚਾਰਾਜੋਈ ਵਾਸਤੇ ਬਹੁਤਾ ਸਮਾਂ ਨਹੀਂ ਬਚਿਆ। ਨਿਮਿਸ਼ਾ ਦੀ ਕਹਾਣੀ ਮਹਿਜ਼ ਕਾਨੂੰਨੀ ਅਪਰਾਧ ਨਾਲ ਨਹੀਂ ਜੁੜੀ ਹੋਈ ਸਗੋਂ ਸ਼ੋਸ਼ਣ ਅਤੇ ਦਮਨ ਦੇ ਜਟਿਲ ਹਾਲਾਤ ਨਾਲ ਵੀ ਜੁੜੀ ਹੋਈ ਹੈ। ਮੇਹਦੀ ਹੱਥੋਂ ਧੋਖਾਧੜੀ ਅਤੇ ਦੁਰਵਿਹਾਰ ਦੇ ਦੋਸ਼ ਜਿਸ ਵਿੱਚ ਨਿਮਿਸ਼ਾ ਦਾ ਪਾਸਪੋਰਟ ਜ਼ਬਤ ਕਰਨਾ, ਨਸ਼ੀਲੇ ਪਦਾਰਥਾਂ ਦੀ ਵਰਤੋਂ ਅਤੇ ਸਰੀਰਕ ਸ਼ੋਸ਼ਣ ਸ਼ਾਮਿਲ ਹਨ, ਉਸ ਨੂੰ ਗੜਬੜ ਵਾਲੇ ਖੇਤਰਾਂ ਵਿੱਚ ਪਰਵਾਸੀ ਭਾਰਤੀ ਕਾਮਿਆਂ, ਖ਼ਾਸ ਕਰ ਕੇ ਔਰਤਾਂ ਨਾਲ ਹੁੰਦੀਆਂ ਵਧੀਕੀਆਂ ਦਾ ਖ਼ੁਲਾਸਾ ਕਰਦੇ ਹਨ। ਸਾਬਕਾ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਆਪਣੀ ਮਾਨਵੀ ਕੂਟਨੀਤੀ ਦੇ ਯਤਨਾਂ ਸਦਕਾ ਵਿਸ਼ਵ ਪੱਧਰ ’ਤੇ ਪ੍ਰਸ਼ੰਸਾ ਹਾਸਿਲ ਕੀਤੀ ਸੀ। ਦਾਨੀ ਕਾਰੋਬਾਰੀ ਐੱਸਪੀਐੱਸ ਓਬਰਾਏ ਨੇ ਖਾੜੀ ਮੁਲਕ ’ਚ 140 ਤੋਂ ਵੱਧ ਭਾਰਤੀਆਂ ਨੂੰ ਮੌਤ ਦੀ ਸਜ਼ਾ ਤੋਂ ਬਚਾਉਣ ਲਈ ਨਿੱਜੀ ਤੌਰ ਉੱਤੇ ‘ਦੀਆ’ ਅਦਾ ਕੀਤੀ ਸੀ। ਹੋਰ ਕਈ ਮੌਕਿਆਂ ਉੱਤੇ ਵੀ ਪਰਵਾਸੀ ਭਾਰਤੀ ਦੇਸ਼ ਵਾਸੀਆਂ ਦੀ ਮਦਦ ਲਈ ਅੱਗੇ ਆਉਂਦੇ ਰਹੇ ਹਨ। ਇਹ ਅਜਿਹੀ ਵਿਰਾਸਤ ਹੈ, ਜਿਸ ਨੂੰ ਅੱਜ ਦੇ ਆਗੂਆਂ ਨੂੰ ਤੇਜ਼ੀ ਨਾਲ ਪੈਸੇ ਇਕੱਠੇ ਕਰਨ ਤੇ ਕੂਟਨੀਤਕ ਪਹੁੰਚ ਲਈ ਅਪਨਾਉਣਾ ਚਾਹੀਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਪਣੇ ਕੂਟਨੀਤਕ ਤੰਤਰ ਨੂੰ ਵੀ ਪੂਰੀ ਤਰ੍ਹਾਂ ਸਰਗਰਮ ਕਰੇ ਕਿਉਂਕਿ ਵਿਦੇਸ਼ਾਂ ’ਚ ਬੈਠੇ ਭਾਰਤੀ ਨਾਗਰਿਕ ਦੇਸ਼ ਤੋਂ ਹਮੇਸ਼ਾ ਮਦਦ ਦੀ ਉਮੀਦ ਰੱਖਦੇ ਹਨ। ਇਸ ਉਮੀਦ ਨੂੰ ਟੁੱਟਣ ਨਹੀਂ ਦੇਣਾ ਚਾਹੀਦਾ।

ਪ੍ਰਿਆ ਦੇ ਪਰਿਵਾਰ ਤੇ ਸਿਵਲ ਸੁਸਾਇਟੀ ਦੀਆਂ ਕੋਸ਼ਿਸ਼ਾਂ ਨਾਲ ਇਕੱਠੇ ਕੀਤੇ ‘ਦੀਆ’ ਦੇ 8.5 ਕਰੋੜ ਰੁਪਏ ਨਾਲ ਕੋਈ ਬਹੁਤਾ ਫ਼ਰਕ ਨਹੀਂ ਪਿਆ ਹੈ। ਅਜੇ ਹੋਰ ਕੋਸ਼ਿਸ਼ਾਂ ਦੀ ਵੀ ਲੋੜ ਹੈ। ਨਿਮਿਸ਼ਾ ਪ੍ਰਿਆ ਨੂੰ ਬਚਾਉਣਾ ਉਸ ਦੀ ਗ਼ਲਤੀ ਤੋਂ ਉਸ ਨੂੰ ਬਰੀ ਕਰਨ ਬਾਰੇ ਨਹੀਂ ਹੈ, ਬਲਕਿ ਇਹ ਭਾਰਤ ਵੱਲੋਂ ਵਿਦੇਸ਼ਾਂ ਵਿੱਚ ਆਪਣੇ ਨਾਗਰਿਕਾਂ ਦੀ ਰਾਖੀ ਦੀ ਵਚਨਬੱਧਤਾ ਨਾਲ ਵੀ ਜੁੜਿ ?ਆ ਹੋਇਆ ਹੈ, ਖ਼ਾਸ ਕਰ ਕੇ ਉਨ੍ਹਾਂ ਲਈ ਜੋ ਅਤਿ ਨਿਰਾਸ਼ਾਵਾਦੀ ਸਥਿਤੀਆਂ ’ਚ ਫਸ ਚੁੱਕੇ ਹਨ ਤੇ ਮਦਦ ਦਾ ਕੋਈ ਹੀਲਾ ਨਹੀਂ ਬਚਿਆ। ਜੇ ਹੁਣ ਕਾਰਵਾਈ ਨਾ ਕੀਤੀ ਗਈ ਤਾਂ ਬਹੁਤ ਵੱਡੀ ਕੀਮਤ ਤਾਰਨੀ ਪਏਗੀ।

# ਬੁਨਿਆਦੀ ਢਾਂਚੇ ਦਾ ਵਿਕਾਸ ਅਤੇ ਮੋਦੀ ਸਰਕਾਰ

ਬੁਨਿਆਦੀ ਢਾਂਚੇ ਦਾ ਵਿਕਾਸ ਮੋਦੀ ਸਰਕਾਰ ਦੇ ‘ਵਿਕਸਿਤ ਭਾਰਤ 2047’ ਦੇ ਸਿਖਰਲੇ ਟੀਚੇ ਨੂੰ ਪ੍ਰਾਪਤ ਕਰਨ ਦੇ ਖ਼ਾਕੇ ਦਾ ਕੇਂਦਰ ਬਿੰਦੂ ਹੈ। ਦੁਨੀਆ ਦਾ ਚੌਥਾ ਸਭ ਤੋਂ ਵੱਡਾ ਅਰਥਚਾਰਾ ਅਜਿਹੀ ਬੁਨਿਆਦੀ ਢਾਂਚਾ ਪ੍ਰਣਾਲੀ ਬਣਾਉਣ ’ਤੇ ਜ਼ੋਰ ਦੇ ਰਿਹਾ ਹੈ ਜੋ ਟਿਕਾਊ, ਲਚਕਦਾਰ ਅਤੇ ਭਵਿੱਖ ਲਈ ਤਿਆਰ ਹੋਵੇ। ਸੜਕਾਂ, ਪੁਲਾਂ, ਰੇਲਵੇ, ਹਵਾਈ ਅੱਡਿਆਂ ਅਤੇ ਜਲ ਮਾਰਗਾਂ ਨਾਲ ਸਬੰਧਿਤ ਵੱਡੇ ਪ੍ਰਾਜੈਕਟਾਂ ਦਾ ਉਦੇਸ਼ ਸੰਪਰਕ ਦੇ ਨਾਲ-ਨਾਲ ਵਪਾਰ ਨੂੰ ਵਧਾਉਣਾ ਹੈ; ਹਾਲਾਂਕਿ ਇੱਕ ਮਹੀਨੇ ਤੋਂ ਵੀ ਘੱਟ ਸਮੇਂ ਵਿੱਚ ਤਿੰਨ ਪੁਲ ਢਹਿਣ ਦੀਆਂ ਘਟਨਾਵਾਂ ਇਹ ਦਰਸਾਉਂਦੀਆਂ ਹਨ ਕਿ ਇਸ ਮੋਰਚੇ ’ਤੇ ਸਭ ਕੁਝ ਠੀਕ ਨਹੀਂ ਹੈ। ਬੁੱਧਵਾਰ ਨੂੰ ਗੁਜਰਾਤ ਦੇ ਵਡੋਦਰਾ ਜ਼ਿਲ੍ਹੇ ਵਿੱਚ ਚਾਰ ਦਹਾਕੇ ਪੁਰਾਣੇ ਪੁਲ ਦਾ ਇੱਕ ਹਿੱਸਾ ਢਹਿਣ ਕਾਰਨ ਨੌਂ ਜਣਿਆਂ ਦੀ ਮੌਤ ਹੋ ਗਈ। ਜ਼ਾਹਿਰਾ ਤੌਰ ’ਤੇ ਸਾਂਭ-ਸੰਭਾਲ ਵਿੱਚ ਕਮੀਆਂ ਸਨ- ਢਾਂਚਾਗਤ ਨਿਘਾਰ ਦੇ ਸਪੱਸ਼ਟ ਸੰਕੇਤਾਂ ਦੇ ਬਾਵਜੂਦ ਪੁਲ ਨਾ ਤਾਂ ਬੰਦ ਕੀਤਾ ਗਿਆ ਅਤੇ ਨਾ ਹੀ ਤਰਜੀਹੀ ਤੌਰ ’ਤੇ ਮੁਰੰਮਤ ਕੀਤੀ ਗਈ। ਪਿਛਲੇ ਮਹੀਨੇ ਪੁਣੇ (ਮਹਾਰਾਸ਼ਟਰ) ਵਿੱਚ ਲੋਹੇ ਦਾ ਪੁਲ, ਜਿਸ ਨੂੰ ਅਸੁਰੱਖਿਅਤ ਐਲਾਨਿਆ ਗਿਆ ਸੀ, ਢਹਿਣ ਕਾਰਨ ਚਾਰ ਜਣਿਆਂ ਦੀ ਮੌਤ ਹੋ ਗਈ ਸੀ; ਅਸਾਮ ਦੇ ਕਛਾਰ ਜ਼ਿਲ੍ਹੇ ਵਿੱਚ ਨਵਾਂ ਮੁਰੰਮਤ ਕੀਤਾ ਪੁਲ ਡਿੱਗ ਪਿਆ। ਇਹ ਕੋਈ ਚਮਤਕਾਰ ਹੀ ਸੀ ਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

ਗੁਜਰਾਤ ਵਿੱਚ ਨਿਸ਼ਚਿਤ ਤੌਰ ’ਤੇ ਕੁਝ ਗੜਬੜ ਹੈ, ਜਿੱਥੇ ਪਿਛਲੇ ਪੰਜ ਸਾਲਾਂ ਜਾਂ ਇਸ ਤੋਂ ਵੱਧ ਸਮੇਂ ਵਿੱਚ ਅਜਿਹੇ ਕਈ ਹਾਦਸੇ ਵਾਪਰੇ ਹਨ। ਪੁਲ ਅਤੇ ਫਲਾਈਓਵਰ ਪੁਰਾਣੇ, ਨਵੇਂ ਬਣੇ ਜਾਂ ਨਿਰਮਾਣ ਅਧੀਨ, ਢਹਿ ਗਏ ਹਨ। ਅਕਤੂਬਰ 2022 ਵਿੱਚ ਮੋਰਬੀ ਸਸਪੈਂਸ਼ਨ ਬਰਿੱਜ, ਜੋ ਬਸਤੀਵਾਦੀ ਯੁੱ

ਗ ਦਾ ਬਣਿਆ ਹੋਇਆ ਸੀ, ਢਹਿਣ ਕਾਰਨ 140 ਤੋਂ ਵੱਧ ਲੋਕ ਮਾਰੇ ਗਏ ਸਨ। ਇਸ ਨੂੰ ਮੁਰੰਮਤ ਤੋਂ ਬਾਅਦ ਦੁਬਾਰਾ ਖੋਲ੍ਹਿਆਂ ਅਜੇ ਚਾਰ ਦਿਨ ਹੀ ਹੋਏ ਸਨ। ਉਸ ਵੱਡੀ ਤ੍ਰਾਸਦੀ ਤੋਂ ਕੋਈ ਸਬਕ ਨਹੀਂ ਸਿੱਖਿਆ ਗਿਆ। ਲੋਕਾਂ ਦੀ ਸੁਰੱਖਿਆ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।

ਪ੍ਰਸ਼ਾਸਨ ਵੱਲੋਂ ਨੁਕਸਾਨ ਜਾਂ ਟੁੱਟ-ਭੱਜ ਲਈ ਮੌਸਮੀ ਘਟਨਾਵਾਂ ਨੂੰ ਜ਼ਿੰਮੇਵਾਰ ਠਹਿਰਾਉਣਾ ਸੌਖਾ ਹੈ, ਪਰ ਅਧਿਕਾਰੀਆਂ ਅਤੇ ਠੇਕੇਦਾਰਾਂ ਦੀ ਜਵਾਬਦੇਹੀ ਬਾਰੇ ਕੀ ਕਿਹਾ ਜਾਵੇਗਾ? ਨਿਰਮਾਣ, ਨਿਰੀਖਣ ਜਾਂ ਮੁਰੰਮਤ ’ਤੇ ਕੀਤਾ ਗਿਆ ਕੋਈ ਵੀ ਸਮਝੌਤਾ ਤਬਾਹੀ ਦਾ ਕਾਰਨ ਬਣਦਾ ਹੈ। ਗੁਜਰਾਤ ਨੂੰ ਹੋਰ ਜਾਨਾਂ ਜਾਣ ਤੋਂ ਪਹਿਲਾਂ ਆਪਣੀ ਕਾਰਗੁਜ਼ਾਰੀ ਸੁਧਾਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਕੇਂਦਰ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਭਵਿੱਖੀ ਟੀਚੇ ਬੇਸ਼ੱਕ ਮਹੱਤਵਪੂਰਨ ਹਨ, ਪਰ ਫੌਰੀ ਸੁਧਾਰ ਵੀ ਘੱਟ ਅਹਿਮ ਨਹੀਂ ਹਨ। ਇਸ ਪਾਸੇ ਤੁਰੰਤ ਧਿਆਨ ਦੇਣ ਦੀ ਲੋੜ ਹੈ।

# ਪੰਜਾਬ ਨੰਬਰਦਾਰ ਯੂਨੀਅਨ ਤਹਿਸੀਲ ਖਰੜ ਦੀ ਹੋਈ ਮੀਟਿੰਗ




**ਖਰੜ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਤਹਿਸੀਲ ਕੰਪਲੈਕਸ ਖਰੜ ਵਿਖੇ ਨੰਬਰਦਾਰ ਯੂਨੀਅਨ ਦੇ ਦਫਤਰ ਵਿਚ ਪੰਜਾਬ ਨੰਬਰਦਾਰ ਯੂਨੀਅਨ ਤਹਿਸੀਲ ਖਰੜ ਦੀ ਮੀਟਿੰਗ ਤਹਿਸੀਲ ਪ੍ਰਧਾਨ ਗੁਰਦੇਵ ਸਿੰਘ ਲੇਘਾ ਦੀ ਪ੍ਰਧਾਨਗੀ ਹੇਠ ਹੋਈ। ਉਨ੍ਹਾਂ ਕਿਹਾ ਕਿ ਮੀਟਿੰਗ ਵਿਚ ਨਸ਼ਾ ਛੁਡਾਓ ਪੰਜਾਬ ਦੀ ਜਵਾਨੀ ਬਚਾਉਣ ਸਬੰਧੀ ਵਿਚਾਰਾਂ ਕੀਤੀਆਂ ਗਈਆਂ ਅਤੇ ਨੰਬਰਦਾਰਾਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਆਪਣੇ ਪਿੰਡ ਵਿਚ ਨਸ਼ਾ ਮੁਕਤੀ ਲਈ ਵਿਸੇਸ ਤੌਰ ਤੇ ਮੀਟਿੰਗ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਰੋਕਣ ਲਈ ਪ੍ਰੇਰਿਤ ਕਰਨ।

ਇਸ ਮੌਕੇ ਮੀਤ ਪ੍ਰਧਾਨ ਗੁਰਸ਼ਰਨ ਸਿੰਘ ਅੱਲਾਂਪੁਰ, ਜ ਨਰਲ ਸਕੱਤਰ ਜਸਵਿੰਦਰ ਸਿੰਘ ਰੁੜਕੀ, ਖਜਾਨਚੀ ਅਵਤਾਰ ਸਿੰਘ ਜੰਡਪੁਰ, ਪ੍ਰੀਤਮ ਸਿੰਘ ਜਕੜ ਮਾਜਰਾ, ਹਰਦਿਆਲ ਸਿੰਘ ਮਜਾਤੜੀ, ਸਰਨਜੀਤ ਸਿੰਘ ਰੁੜਕੀ, ਜਗੀਰ ਸਿੰਘ ਦਾਊਮਾਜਰਾ, ਹਰਦਿਆਲ ਸਿੰਘ ਮਜਾਤ, ਹਰਬੰਸ ਸਿੰਘ ਪੰਨੂੰਆਂ, ਬੀਰਦਵਿੰਦਰ ਸਿੰਘ ਪਨੂੰਆਂ, ਸਮੇਤ ਹੋਰ ਪਿੰਡਾਂ ਦੇ ਨੰਬਰਦਾਰ ਹਾਜ਼ਰ ਸਨ।

# ਸ਼ਿਵ ਮੰਦਰ ਮਿੱਠਾ ਕੂਆ ਖਰੜ ‘ ਗੁਰੂ ਪੂਰਨਿਮਾ ਦਾ ਤਿਉਹਾਰ ਬੜੀ ਸ਼ਰਧਾ ਨਾਲ ਮਨਾਇਆ



**ਖਰੜ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਾਚੀਨ ਸ਼ਿਵ ਮੰਦਰ ਮਿੱਠਾ ਕੂਆ ਮੁੱਹਲਾ ਘੁਮਿਆਰਾਂ ਖਰੜ ਵਿਖੇ ‘ਗੁਰੂ ਪੂਰਨਿਮਾ’ ਦੇ ਤਿਉਹਾਰ ਨੂੰ ਲੈ ਕੇ ਮੰਦਰ ਵਿਚ ਸਮਾਗਮ ਕਰਵਾਇਆ ਗਿਆ ਅਤੇ ਅੱਜ ਸਵੇਰ ਤੋਂ ਹੀ ਮੰਦਰ ਵਿਚ ਸ਼ਰਧਾਲੂਆਂ ਅਤੇ ਸੰਗਤਾਂ ਨੇ ਮੰਦਰ ਵਿਚ ਨਤਸਮਤਕ ਹੋ ਕੇ ਮੱਥਾ ਟੇਕਿਆ ਅਤੇ ਆਸ਼ੀਰਵਾਦ ਲਿਆ। ਮੰਦਰ ਦੇ ਮੁੱਖ ਸੇਵਾਦਾਰ ਸ੍ਰੀ ਮਹੰਤ ਸਮੁੰਦਰ ਗਿਰੀ ਜੀ ਮਹਾਰਾਜ਼ ਨੇ ਦਸਿਆ ਕਿ ਇਸ ਸਮਾਗਮ ਵਿਚ ਸ਼ਹਿਰ ਨਿਵਾਸੀਆਂ ਤੋਂ ਇਲਾਵਾ ਦੂਰ ਦਰਾਂਡੇ ਤੋਂ ਸ਼ਰਧਾਲੂਆਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਪਹਿਲਾਂ ਸਵੇਰੇ ਸ੍ਰੀ ਰਮਾਇਣ ਪਾਠ ਦੇ ਭੋਗ ਪਾਏ ਉਸ ਉਪਰੰਤ ਪੰਡਿਤ ਵਿਨੋਦ ਸ਼ਾਸ਼ਤਰੀ ਵਲੋਂ ਹਵਨ ਪੂਜਾ ਕੀਤੀ ਗਈ ਜਿਸ ਵਿਚ ਸੰਗਤਾ, ਸ਼ਰਧਾਲੂਆਂ ਅਤੇ ਸ਼ਹਿਰ ਨਿਵਾਸੀਆਂ ਨੇ ਹਾਜ਼ਰੀ ਲਗਵਾਈ। ਸੰਗਤਾਂ ਅਤੇ ਸ਼ਰਧਾਲੂਆਂ ਲਈ ਅਤੁੱਟ ਭੰਡਾਰਾ ਵਰਤਾਇਆ ਗਿਆ। ਇਸ ਮੌਕੇ ਪਵਨ ਗਿਰੀ ਜੀ, ਰਿਤੰਬਰਾਂ ਗਿਰੀ ਜੀ, ਮਹੰਤ ਦੀਪ ਗਿਰੀ ਜੀ ਖੜੇ ਸ੍ਰੀ, ਪ੍ਰਸ਼ਾਂਤ ਗਿਰੀ ਜੀ, ਰਾਜਾ ਰਾਮ ਗਿਰੀ ਜੀ, ਦਿਆਲ ਗਿਰੀ ਸੀ, ਕੌਂਸਲ ਦੇ ਸਾਬਕਾ ਮੀਤ ਪ੍ਰਧਾਨ ਜੈ ਭਗਵਾਨ ਸਿੰਗਲਾ, ਰਾਜੀਵ ਵਰਮਾ ਸਮੇਤ ਪ੍ਰੀਵਾਰ, ਲਾਇਨਜ਼ ਕਲੱਬ ਖਰੜ ਸਿਟੀ ਦੇ ਗੁਰਮੁੱਖ ਸਿੰਘ ਮਾਨ, ਜਗਤਾਰ ਸਿੰਘ, ਸੁਭਾਸ਼ ਸੋਹਲ, ਨਿਰਮਲ ਕੁਮਾਰ ਚੋਹਾਨ ਸਮੇਤ ਵੱਡੀ ਗਿਣਤੀ ਵਿਚ ਸਰਧਾਲੂ ਹਾਜ਼ਰ ਸਨ।

# ਰੋਸ ਰੈਲੀਆਂ ਅਤੇ ਧਰਨੇ-ਵਿਖਾਵਿਆਂ ਆਦਿ ’ਤੇ ਮੁਕੰਮਲ ਪਾਬੰਦੀ

**ਅੰਮ੍ਰਿਤਸਰ 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਅੰਮ੍ਰਿਤਸਰ ਸ੍ਰੀਮਤੀ ਅਮਨਦੀਪ ਕੌਰ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸਹਿੰਤਾ, 2023 ਦੀ ਧਾਰਾ 163 ਬੀ.ਐਨ.ਐਸ.ਐਸ. ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਜਿਲ੍ਹਾ ਅੰਮ੍ਰਿਤਸਰ ਵਿੱਚ ਜਿਲ੍ਹਾ ਪੁਲਿਸ ਮੁੱਖੀ, ਅੰਮ੍ਰਿਤਸਰ (ਦਿਹਾਤੀ) ਦੇ ਅਧਿਕਾਰ ਖੇਤਰ ਵਿੱਚ ਪੈਂਦੇ ਥਾਣਿਆਂ ਅਧੀਨ ਪਿੰਡਾਂ ਕਸਬਿਆਂ ਵਿੱਚ ਪੰਜ ਜਾਂ ਇਸ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ, ਰੋਸ ਰੈਲੀਆਂ, ਧਰਨਾ ਦੇਣ, ਮੀਟਿੰਗਾਂ ਕਰਨ, ਨਾਹਰੇ ਮਾਰਨ ਜਾਂ ਲਗਾਉਣ ਅਤੇ ਵਿਖਾਵਾ ਕਰਨ ਤੇ ਮੁਕੰਮਲ ਪਾਬੰਦੀ ਲਗਾਉਣ ਦਾ ਹੁਕਮ ਜਾਰੀ ਕੀਤਾ ਹੈ।



ਜਾਰੀ ਹੁਕਮ ਵਿਚ ਕਿਹਾ ਹੈ ਕਿ ਉਨਾਂ ਦੇ ਧਿਆਨ ਵਿਚ ਆਇਆ ਹੈ ਕਿ ਜਿਲ੍ਹਾ ਅੰਮ੍ਰਿਤਸਰ ਵਿਚ ਕੁੱਝ ਰਾਜਨੀਤਿਕ ਜਥੇਬੰਦੀਆਂ ਜ਼ਿਲਾ ਪੱਧਰ ’ਤੇ ਰੋਸ, ਧਰਨੇ ਰੈਲੀਆਂ ਅਤੇ ਮੁਜ਼ਾਹਰੇ ਕਰਨ ਦੀਆਂ ਯੋਜਨਾਵਾਂ ਬਣਾ ਰਹੀਆਂ ਹਨ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਉਤੇਜਿਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ, ਜਿਸ ਨਾਲ ਸਰਕਾਰੀ ਅਤੇ ਗੈਰ-ਸਰਕਾਰੀ ਸੰਪਤੀ/ਜਾਇਦਾਦ ਦਾ ਨੁਕਸਾਨ ਹੋਣ ਅਤੇ ਅਮਨ ਅਤੇ ਕਾਨੂੰਨ ਦੀ ਸਥਿਤੀ ਵਿਗੜਨ ਦਾ ਡਰ ਬਣਿਆ ਰਹਿੰਦਾ ਹੈ।

ਇਸ ਲਈ ਅਮਨ ਅਤੇ ਕਾਨੂੰਨ ਦੀ ਸਥਿਤੀ ਠੀਕ ਬਣਾਏ ਰੱਖਣ ਅਤੇ ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰਨ ਵਾਸਤੇ ਤੇਜ਼ੀ ਨਾਲ ਉਪਰਾਲੇ ਕਰਨ ਦੀ ਲੋੜ ਹੈ। ਇਹ ਹੁਕਮ 6 ਅਕਤੂਬਰ 2025 ਤੱਕ ਲਾਗੂ ਰਹੇਗਾ।

# 2027 ਵਿਚ ਆਪ ਪੂਰਨ ਬਹੁਮੱਤ ਨਾਲ ਸੰਭਾਲੇਗੀ ਸੱਤਾ: ਈ.ਟੀ.ਓ

**ਅੰਮ੍ਰਿਤਸਰ 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਵਲੋ 2022 ਦੀਆਂ ਚੋਣਾਂ ਦੋਰਾਨ ਸੂਬੇ ਦੇ ਲੋਕਾਂ ਨੂੰ ਜੋ ਗਰੰਟੀਆਂ ਦਿੱਤੀਆਂ ਗਈਆਂ ਸਨ, ਨੂੰ ਪੂਰਾ ਕਰਨ ਲਈ ਸਾਡੀ ਸਰਕਾਰ ਵੱਚਨਬੱਧ ਹੈ ਅਤੇ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਪਣੇ ਕੀਤੇ ਗਏ ਵਿਕਾਸ ਕਾਰਜਾਂ ਦੇ ਆਧਾਰ ਤੇ ਆਮ ਆਦਮੀ ਪਾਰਟੀ ਦੀ ਸਰਕਾਰ 2027 ਵਿਚ ਵੀ ਪੂਰਨ ਬਹੁਮੱਤ ਨਾਲ ਸੱਤਾ ਸੰਭਾਲੇਗੀ।




ਇੰਨਾਂ ਸ਼ਬਦਾਂ ਦਾ ਪ ? ?ਰਗਟਾਵਾ ਕੈਬਿਨਟ ਮੰਤਰੀ ਸ: ਹਰਭਜਨ ਸਿੰਘ ਈ.ਟੀ.ਓ ਵਲੋ ਜੰਡਿਆਲਾ ਗੁਰੂ ਵਿਖੇ ਘਾਹ ਮੰਡੀ ਚੌਕ ਵਿਚ ਕਰੀਬ 20 ਲੱਖ ਰੁਪਏ ਦੀ ਲਾਗਤ ਨਾਲ ਲੱਗਣ ਵਾਲੀਆਂ ਇੰਟਰਲਾਕ ਟਾਇਲਾ ਦਾ ਨੀਂਹ ਪੱਥਰ ਰੱਖਣ ਸਮੇ ਕੀਤਾ। ਉਨ੍ਹਾਂ ਦੱਸਿਆ ਕਿ ਘਾਹ ਮੰਡੀ ਚੋਕ ਤੋ ਗੁੰਨੋਵਾਲ ਨੂੰ ਜਾਂਦੀ ਸੜਕ ਅਤੇ ਲੜਕੀਆਂ ਦੇ ਸਕੂਲ ਤੋ ਅੱਗੇ ਨੂੰ ਜਾਂਦੀ ਸੜਕ ਵੀ ਜ਼ਲਦੀ ਬਣਾਈ ਜਾ ਰਹੀ ਹੈ। ਸ: ਈ.ਟੀ.ਓ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਸਾਰੇ ਕੰਮ ਗੁਣਵਤਾ ਭਰਪੂਰ ਹੋਣੇ ਚਾਹੀਦੇ ਹਨ ਅਤੇ ਵਿਕਾਸ ਕਾਰਜਾਂ ਵਿਚ ਕੋਈ ਵੀ ਉਣਤਾਈ ਬਰਦਾਸ਼ਤ ਨਹੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਰੇ ਵਿਕਾਸ ਕਾਰਜ ਸਮੇ ਸਿਰ ਮੁਕੰਮਲ ਹੋਣੇ ਚਾਹੀਦੇ ਹਨ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਾ ਆਵੇ।

ਕੈਬਿਨਟ ਮੰਤਰੀ ਸ: ਹਰਭਜਨ ਸਿੰਘ ਨੇ ਦੱਸਿਆ ਕਿ ਸਾਡੀ ਸਰਕਾਰ ਦੀ ਵੱਡੀ ਪ੍ਰਾਪਤੀ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ’ਚ ਹਰ ਪਰਿਵਾਰ ਨੂੰ 10 ਲੱਖ ਤੱਕ ਦਾ ਸਲਾਨਾ ਮੁਫ਼ਤ ਇਲਾਜ਼ ਜੋ ਸਹੂਲਤ ਦੇ ਦਿੱਤੀ ਹੈ। ਪੰਜਾਬ ਦਾ ਹਰ ਇੱਕ ਵਾਸੀ ਇਸ ਸਕੀਮ ਅਧੀਨ ਇਲਾਜ਼ ਦੀ ਸਹੂਲਤ ਦਾ ਹੱਕਦਾਰ ਹੋਵੇਗਾ, ਬੱਚਾ ਹੋਵੇ ਜਾਂ ਬਜ਼ੁਰਗ ਜਾਂ ਕੋਈ ਬੇਸਹਾਰਾ।

ਉਹਨਾਂ ਕਿਹਾ ਕਿ ਇਸ ਸਕੀਮ ਤਹਿਤ ਇਲਾਜ਼ ਲੈਣ ਲਈ ਕੋਈ ਕਾਗਜ਼ੀ ਕਾਰਵਾਈ ’ਚ ਉਲਝਣਾ ਨਹੀਂ ਪਏਗਾ, ਅਗਰ ਤੁਹਾਡੇ ਕੋਲ ਕਾਰਡ ਬਣਿਆ ਨਹੀਂ ਹੋਵੇਗਾ ਤਾਂ ਮੌਕੇ ’ਤੇ ਅਧਾਰ ਕਾਰਡ ਜਾਂ ਵੋਟਰ ਕਾਰਡ ਦਿਖਾ ਕੇ ਰਜਿਸਟਰ ਕਰਵਾਉਣ ਉਪਰੰਤ ਇਲਾਜ਼ ਕਰਵਾਇਆ ਜਾ ਸਕੇਗਾ।

ਸ: ਈ.ਟੀ.ਓ ਨੇ ਦੱਸਿਆ ਕਿ ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ ਸਮੇਤ ਕਰੀਬ 1500 ਨਿੱਜੀ ਹਸਪਤਾਲ ਇਸ ਤਹਿਤ ਪੰਜਾਬੀਆਂ ਦਾ ਮੁਫ਼ਤ ਇਲਾਜ਼ ਕਰਨਗੇ। ਉਹਨਾਂ ਕਿਹਾ ਕਿ ਪੰਜਾਬ ਦੇ 65 ਲੱਖ ਪਰਿਵਾਰਾਂ ਨੂੰ ਕੈਸ਼ਲੈੱਸ ਬੀਮੇ ਦੀ ਸਹੂਲਤ ਦਿੱਤੀ ਗਈ ਹੈ ਜਿਸ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਹਰ ਬੀਮਾਰੀ ਦਾ ਇਲਾਜ ਮੁਫ਼ਤ ਵਿੱਚ ਕੀਤਾ ਜਾਵੇਗਾ।

ਉਹਨਾਂ ਦੱਸਿਆ ਕਿ ਇਸ ਸਕੀਮ ਵਿਚ ਸਰਕਾਰੀ ਕਰਮਚਾਰੀ, ਆਂਗਣਵਾੜੀ, ਆਸ਼ਾ ਵਰਕਰ ਵੀ 100% ਕਵਰ ਹੋਣਗੇ। ਉਨ੍ਹਾਂ ਕਿਹਾ ਕਿ ਇਹ ਯੋਜਨਾ ਤਿੰਨ ਮਹੀਨੇ ਵਿੱਚ ਲਾਗੂ ਕੀਤੀ ਜਾਵੇਗੀ।

ਇਸ ਮੌਕੇ ਐਸ.ਐਸ. ਬੋਰਡ ਦੇ ਮੈਬਰ ਸ਼ ?ਰੀ ਨਰੇ ?ਸ ਪਾਠਕ, ਆਪ ਦੇ ਸ਼ਹਿਰੀ ਪ੍ਰਧਾਨ ਸਰਬਜੀਤ ਸਿੰਘ ਡਿੰਪੀ, ਸਤਿੰਦਰ ਸਿੰਘ, ਅਵਤਾਰ ਸਿੰਘ, ਸ: ਤਜਿੰਦਰ ਸਿੰਘ ਤੋ ਇਲਾਵਾ ਵੱਡੀ ਗਿਣਤੀ ਵਿਚ ਇਲਾਕਾ ਨਿਵਾਸੀ ਹਾਜ਼ਰ ਸਨ।

# ਸਰਕਾਰ ਦੀ ਵਾਅਦਾ ਖਿਲਾਫੀ ਨੀਤੀ ਤੋ ਤੰਗ ਆ ਕੇ ਮੁੜ ਸੰਘਰਸ਼ ਦਾ ਕੀਤਾ ਫੈਂਸਲਾ

**ਸਮਾਣਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਵਿਕਾਸ ਸਾਹਨੀ ਨੇ ਜਾਰੀ ਪ੍ਰੈਸ ਨੋਟ ਰਾਹੀ ਦੱਸਿਆ ਕਿ ਸਾਡੀ ਜਥੇਬੰਦੀ ਵੱਲੋ ਕਾਫੀ ਲੰਬੇ ਸਮੇ ਤੋ ਆਪਣੀ ਬਹਾਲੀ ਨੂੰ ਲੈ ਕੇ ਸੰਘਰਸ਼ ਕੀਤਾ ਜਾ ਰਿਹਾ ਹੈ।



ਜਥੇਬੰਦੀ ਦੀ ਲੁਧਿਆਣਾ ਜ਼ਿਮਨੀ ਚੋਣਾ ਦੋਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ 15 ਜੂਨ ਫਿਲੌਰ ਵਿਖੇ ਮੀਟਿੰਗ ਕਰਵਾਈ ਗਈ ਜਿਸ ਮਟਿੰਗ ਵਿਚ ਮਾਨ ਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋ ਅਤੇ ਬਹਾਲੀ ਦੇ ਪ੍ਰੋਸੈਸ ਨੂੰ 15 ਦਿਨਾਂ ਦੇ ਅੰਦਰ-ਅੰਦਰ ਇੱਕ ਕਮੇਟੀ ਦਾ ਗਠਨ ਕਰਕੇ ਸਾਨੂੰ ਬਹਾਲ ਕਰਵਾਉਣ ਨੂੰ ਕਹਿਆ, ਇਸ ਲਈ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦੀ ਡਿਊਟੀ ਲਗਾਈ ਗਈ। ਪਰ ਅੱਜ 24 ਦਿਨ ਬੀਤ ਜਾਣ ਦੇ ਬਾਵਜੂਦ ਵੀ ਪੰਜਾਬ ਸਰਕਾਰ ਵੱਲੋ ਲਾਰੇ ਹੀ ਲਗਾਏ ਜਾ ਰਹੇ ਹਨ ਅਤੇ ਇੰਝ ਜਾਪਦਾ ਹੈ ਕਿ ਸਰਕਾਰ ਸਿਰਫ ਵੋਟਾਂ ਲੈਣ ਲਈ ਉਸੇ ਸਮੇ ਹੀ ਢੋਂਗ ਕਰਦੀ ਹੈ ਤੇ ਵੋਟਾਂ ਬਟੋਰਨ ਤੋ ਬਾਅਦ ਉਹੀ ਪਹਿਲਾ ਵਾਲਾ ਹਾਲ ਹੋ ਜਾਂਦਾ ਹੈ ਮੀਟਿੰਗ ਦੋਰਾਨ ਜਥੇਬੰਦੀ ਵੱਲੋ ਮੁੱਖ ਮੰਤਰੀ ਨਾਲ ਵਾਅਦਾ ਕੀਤਾ ਸੀ ਕਿ ਧਰਨੇ, ਰੈਲੀਆਂ ਨਹੀ ਕੀਤੀਆ ਜਾਣਗੀਆ, ਜਥੇਬੰਦੀ ਦੀ ਲੁਧਿਆਣਾ ਜ਼ਿਮਨੀ ਚੋਣਾ ਦੋਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ 15 ਜੂਨ ਫਿਲੌਰ ਵਿਖੇ ਮੀਟਿੰਗ ਕਰਵਾਈ ਗਈ ਜਿਸ ਮਟਿੰਗ ਵਿਚ ਮਾਨ ਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋ ਅਤੇ ਬਹਾਲੀ ਦੇ ਪ੍ਰੋਸੈਸ ਨੂੰ ਪਰ ਸਰਕਾਰ ਦੀ ਵਾਅਦਾ ਖਿਲਾਫੀ ਨੀਤੀ ਤੋ ਤੰਗ ਆ ਕੇ ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਨੇ ਫੈਸਲਾ ਲਿਆ ਹੈ ਕਿ 15 ਜੁਲਾਈ 2025 ਨੂੰ ਸਿੱਖਿਆਂ ਵਿਭਾਗ ਮੋਹਾਲੀ ਤੋ ਚੱਲ ਕੇ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਉ ਕੀਤਾ ਜਾਵੇਗਾ।

# ਕਾਲਜ ਵਿਦਿਆਰਥੀਆਂ ਵੱਲੋਂ ਸੰਸਦ ਭਵਨ ਦਾ ਦੌਰਾ



ਸੰਸਦ ਭਵਨ ਦੇ ਬਾਹਰ ਯਾਦਗਾਰੀ ਤਸਵੀਰ ਖਿੱਚਵਾਉਂਦੇ ਹੋਏ ਵਿਦਿਆਰਥੀ ਤੇ ਅਧਿਆਪਕ।

**ਪਟਿਆਲਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਖ਼ਾਲਸਾ ਕਾਲਜ ਪਟਿਆਲਾ ਦੇ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਅਤੇ ਪੋਸਟ-ਗ੍ਰੈਜੂਏਟ ਪਾਲੀਟਿਕਲ ਸਾਇੰਸ ਵਿਭਾਗ ਦੇ ਵਿਦਿਆਰਥੀਆਂ ਨੇ ਸੰਸਦੀ ਪ੍ਰਕਿਰਿਆਵਾਂ ਦੀ ਜਾਣਕਾਰੀ ਹਾਸਲ ਕਰਨ ਅਤੇ ਲੀਡਰਸ਼ਿਪ ਹੁਨਰ ਸਿੱਖਣ ਦੇ ਉਦੇਸ਼ ਨਾਲ ਲੋਕ ਸਭਾ ਦੇ ਸੰਗਠਨ ਪੀਆਰਆਈਡੀਈ ਵੱਲੋਂ ਕਰਵਾਏ ਇੱਕ ਸਟੱਡੀ ਵਿਜ਼ਟ ਦੇ ਹਿੱਸੇ ਵਜੋਂ ਭਾਰਤੀ ਸੰਸਦ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨੇ ਸੰਸਦ ਭਵਨ, ਸੰਵਿਧਾਨ ਸਦਨ, ਪ੍ਰੇਰਨਾ ਸਥਲ ਅਤੇ ਸੰਸਦੀ ਲਾਇਬ੍ਰੇਰੀ ਦੇ ਦਰਸ਼ਨ ਕੀਤੇ ਅਤੇ ਸੰਸਦ ਦੀ ਕਾਰਜ ਪ੍ਰਣਾਲੀ, ਕਾਨੂੰਨ ਨਿਰਮਾਣ ਪ੍ਰਕਿਰਿਆ ਅਤੇ ਸੰਸਦੀ ਚਰਚਾਵਾਂ ਦੇ ਵੱਖ-ਵੱਖ ਪਹਿਲੂਆਂ ਨੂੰ ਨੇੜਿਓਂ ਸਮਝਿਆ। ਕਾਲਜ ਦੇ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਕਿਹਾ ਕਿ ਇਹ ਫੇਰੀ ਵਿਦਿਆਰਥੀਆਂ ਲਈ ਸਿੱਖਣ ਦਾ ਇੱਕ ਵਿਲੱਖਣ ਮੌਕਾ ਸੀ, ਜਿਸ ਨੇ ਉਨ੍ਹਾਂ ਦੀ ਸਿਆਸੀ ਅਤੇ ਪ੍ਰਬੰਧਕੀ ਸਮਝ ਨੂੰ ਹੋਰ ਮਜ਼ਬੂਤ ਕੀਤਾ। ਅਜਿਹੇ ਯਤਨ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਨਾਗਰਿਕ ਅਤੇ ਭਵਿੱਖ ਦੇ ਨੇਤਾ ਬਣਨ ਲਈ ਪ੍ਰੇਰਿਤ ਕਰਦੇ ਹਨ। ਇਸ ਮੌਕੇ ਵਿਦਿਆਰਥੀਆਂ ਦੀ ਅਗਵਾਈ ਡਾ. ਸਪਨਾ ਅਤੇ ਡਾ. ਜਗਤਾਰ ਸਿੰਘ ਨੇ ਕੀਤੀ। ਇਸ ਦੌਰੇ ਉਪਰੰਤ ਵੱਖ-ਵੱਖ ਵਿਦਿਆਰਥੀਆ ਨੇ ਆਪਣਾ ਤਜਰਬਾ ਸਾਂਝਾ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੋ. ਜੈਸਮੀਨ ਕੌਰ , ਪ੍ਰੋ. ਰਾਜਬਿੰਦਰ ਸਿੰਘ ਅਤੇ ਪ੍ਰੋ. ਪਰਮਜੀਤ ਸਿੰਘ ਵੀ ਹਾਜ਼ਰ ਸਨ।

# ਝਾੜ ਸਾਹਿਬ ਕਾਲਜ ਦੀਆਂ ਵਿਦਿਆਰਥਣਾਂ ਨੇ ਧਾਰਮਿਕ ਪ੍ਰੀਖਿਆ ਵਿੱਚ ਪ੍ਰਾਪਤ ਕੀਤੇ ਵਜ਼ੀਫੇ

**ਮਾਛੀਵਾੜਾ ਸਾਹਿਬ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ, ਗੁਰਬਾਣੀ, ਰਹਿਤ ਮਰਿਯਾਦਾ ਅਤੇ ਸਿੱਖੀ ਸਰੂਪ ਨਾਲ ਜੋੜਨ ਲਈ ਹਰ ਸਾਲ ਨਵੰਬਰ ਅਤੇ ਫਰਵਰੀ ਮਹੀਨੇ ਵਿੱਚ ਦੇਸ਼ ਭਰ ਦੇ ਸਕੂਲਾਂ/ਕਾਲਜਾਂ ਵਿੱਚ ਧਾਰਮਿਕ ਪ੍ਰੀਖਿਆ ਕਰਵਾਈ ਜਾਦੀ ਹੈ। ਜੋ ਕਿ ਪਹਿਲਾ, ਦੂਜਾ, ਤੀਜਾ ਅਤੇ ਚੌਥਾ ਦਰਜਿਆਂ ਵਿੱਚ ਵਿਦਿਆਰਥੀਆਂ ਨੂੰ ਵੰਡ ਕੇ ਕਰਵਾਈ ਜਾਂਦੀ ਹੈ। ਇਸ ਪ੍ਰੀਖਿਆ ਵਿੱਚ ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਵਜੀਫੇ, ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਇਸੇ ਲੜੀ ਤਹਿਤ ਹਰ ਸਾਲ ਦੀ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਨਾਮਵਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ (ਲੁਧਿ.) ਦੀਆਂ ਵਿਦਿਆਰਥਣਾਂ ਨੇ ਇਸ ਪ੍ਰੀਖਿਆ ਵਿੱਚ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ। ਪੇਪਰਾਂ ਵਿੱਚ ਚੰਗੀ ਕਾਰਗੁਜ਼ਾਰੀ ਦਿਖਾਉਂਦੇ ਹੋਏ ਕਾਲਜ ਦੀਆਂ 12 ਵਿਦਿਆਰਥਣਾਂ ਨੇ ਮੈਰਿਟ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾ ਕੇ ਵਜ਼ੀਫਾ ਰਾਸ਼ੀ ਵੀ ਪ੍ਰਾਪਤ ਕੀਤੀ।

ਦੱਸਣਯੋਗ ਹੈ ਕਿ ਝਾੜ ਸਾਹਿਬ ਕਾਲਜ ਵਿੱਚ ਵਿਦਿਆਰਥਣਾਂ ਅੰਦਰ ਧਾਰਮਿਕ ਅਤੇ ਨੈਤਿਕ ਗੁਣਾਂ ਦਾ ਸੰਚਾਰ ਕਰਨ ਲਈ ਲਗਾਤਾਰ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ। ਵੱਖ ਵੱਖ ਸੰਸਥਾਵਾਂ ਵੱਲੋਂ ਕਰਵਾਈਆਂ ਜਾਂਦੀਆਂ ਧਾਰਮਿਕ ਪ੍ਰੀਖਿਆਵਾਂ ਅਤੇ ਮੁਕਾਬਲਿਆਂ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਵੱਡੀ ਗਿਣਤੀ ਵਿੱਚ ਭਾਗ ਲੈ ਕੇ ਮੱਲਾਂ ਮਾਰਦੀਆਂ ਹਨ। ਧਰਮ ਪ੍ਰਚਾਰ ਕਮੇਟੀ ਵੱਲੋ ਲਈ ਗਈ ਪ੍ਰੀਖਿਆ ਵਿੱਚ ਕਾਲਜ ਵਿਦਿਆਰਥਣ ਸਿਮਰਨ ਕੌਰ ਸਪੁੱਤਰੀ ਲਖਵੀਰ ਸਿੰਘ ਨੇ ਪਹਿਲਾ, ਅਰਸ਼ਦੀਪ ਕੌਰ ਸਪੁੱਤਰੀ .ਦਰਸ਼ਨ ਸਿੰਘ ਅਤੇ ਰੂਪਰੀਤ ਕੌਰ ਸਪੁੱਤਰੀ ਲਖਵੀਰ ਸਿੰਘ ਨੇ ਦੂਜਾ, ਰਮਨਦੀਪ ਕੌਰ ਸਪੁੱਤਰੀ .ਗੁਰਮੁਖ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਅਨਮੋਲਪ੍ਰੀਤ ਕੌਰ ਸਪੁੱਤਰੀ ਕੁਲਵਿੰਦਰ ਸਿੰਘ, ਹਰਮਨ ਕੌਰ ਸਪੁੱਤਰੀ .ਸੁਖਵਿੰਦਰ ਸਿੰਘ, ਜੈਸਮੀਨ ਕੌਰ ਸਪੁੱਤਰੀ ਬਲਵਿੰਦਰ ਸਿੰਘ, ਕੰਚਨਪ੍ਰੀਤ ਕੌਰ ਸਪੁੱਤਰੀ ਦੀਦਾਰ ਸਿੰਘ, ਪ੍ਰਭਜੋਤ ਕੌਰ ਸਪੁੱਤਰੀ ਬਲਵੀਰ ਸਿੰਘ, ਰਮਨਦੀਪ ਕੌਰ ਸਪੁੱਤਰੀ ਸਵਰਨ ਸਿੰਘ, ਮਨਪ੍ਰੀਤ ਕੌਰ ਸਪੁੱਤਰੀ .ਬਲਵੀਰ ਸਿੰਘ, ਰਸਲੀਨ ਕੌਰ ਸਪੁੱਤਰੀਰਜਿੰਦਰ ਸਿੰਘ ਨੇ ਵੀ ਦਰਜੇ ਅਨੁਸਾਰ ਇਕਤਾਲੀ ਸੌ, ਇਕੱਤੀ ਸੌ ਅਤੇ ਇੱਕੀ ਸੌ ਰੁਪਏ ਦੇ ਵਜ਼ੀਫੇ ਪ੍ਰਾਪਤ ਕੀਤੇ। ਕਾਲਜ ਪ੍ਰਿੰਸੀਪਲ ਡਾ.ਰਜਿੰਦਰ ਕੌਰ ਨੇ ਪੇਪਰਾਂ ਵਿੱਚ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੀਆਂ ਸਾਰੀਆਂ ਵਿਦਿਆਰਥਣਾਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਅੱਗੋਂ ਲਈ ਵੀ ਅਜਿਹੇ ਕਾਰਜ ਕਰਨ ਅਤੇ ਮੁਕਾਬਲਿਆਂ ਲਈ ਤਿਆਰ ਰਹਿਣ ਦੀ ਪ੍ਰੇਰਨਾ ਕੀਤੀ। ਕਾਲਜ ਦੀ ਲੋਕਲ ਮੈਨੇਜਮੈਂਟ ਕਮੇਟੀ ਦੇ ਅਹੁਦੇਦਾਰ ਅਤੇ ਮੈਂਬਰ ਸਾਹਿਬਾਨ ਵੱਲੋਂ ਪੇਪਰਾਂ ਵਿੱਚ ਚੰਗੀ ਕਾਰਗੁਜ਼ਾਰੀ ਦਿਖਾਉਂਦੇ ਹੋਏ ਕਾਲਜ ਦੀਆਂ 12 ਵਿਦਿਆਰਥਣਾਂ ਨੇ ਮੈਰਿਟ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾ ਕੇ ਵਜ਼ੀਫਾ ਰਾਸ਼ੀ ਵੀ ਪ੍ਰਾਪਤ ਕੀਤੀ। ਦੱਸਣਯੋਗ ਹੈ ਕਿ ਝਾੜ ਸਾਹਿਬ ਕਾਲਜ ਵਿੱਚ ਵਿਦਿਆਰਥਣਾਂ ਅੰਦਰ ਧਾਰਮਿਕ ਅਤੇ ਨੈਤਿਕ ਗੁਣਾਂ ਦਾ ਸੰਚਾਰ ਕਰਨ ਲਈ ਲਗਾਤਾਰ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ। ਵਿਦਿਆਰਥਣਾਂ ਨੇ ਮੈਰਿਟ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾ ਕੇ ਵਜ਼ੀਫਾ ਰਾਸ਼ੀ ਵੀ ਪ੍ਰਾਪਤ ਕੀਤੀ। ਦੱਸਣਯੋਗ ਹੈ ਕਿ ਝਾੜ ਸਾਹਿਬ ਕਾਲਜ ਵਿੱਚ ਵਿਦਿਆਰਥਣਾਂ ਅੰਦਰ ਧਾਰਮਿਕ ਵੀ ਵਿਦਿਆਰਥਣਾਂ ਨੂੰ ਵਧਾਈ ਦਿੰਦੇ ਹੋਏ ਕਾਲਜ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ ਜੋ ਕਿ ਵਿਦਿਆਰਥਣਾਂ ਅੰਦਰ ਗੁਰਮਤਿ ਦਾ ਸੰਚਾਰ ਕਰਨ ਦੇ ਲਈ ਕੀਤਾ ਜਾਂਦਾ ਹੈ।

# ਬਿਨਾਂ ਕਿਸੇ ਮੁੱਦੇ ’ਤੇ ਚਰਚਾ ਤੋਂ ਪਹਿਲੇ ਦਿਨ ਦਾ ਵਿਧਾਨ ਸਭਾ ਸੈਸ਼ਨ ਸਿਰ.ਫ 11 ਮਿੰਟਾਂ ਵਿੱਚ ਮੁਲਤਵੀ: ਸਰਬਜੀਤ ਝਿੰਜਰ

## ਕਾਨੂੰਨ ਵਿਵਸਥਾ, ਕਿਸਾਨਾਂ ਦੇ ਮੁੱਦਿਆਂ ’ਤੇ ਜਵਾਬਦੇਹੀ ਤੋਂ ’ਆਪ’ ਭੱਜ ਰਹੀ ਹੈ: ਯੂਥ ਅਕਾਲੀ ਦਲ ਪ੍ਰਧਾਨ

**ਚੰਡੀਗੜ੍ਹ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂਥ ਅਕਾਲੀ ਦਲ ਦੇ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮੈਂਬਰ ਸਰਬਜੀਤ ਸਿੰਘ ਝਿੰਜਰ ਨੇ ਅੱਜ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਦੋ ਦਿਨਾਂ ਵਿਸ਼ੇਸ਼ ਵਿਧਾਨ ਸਭਾ ਸੈਸ਼ਨ ’ਤੇ ਗੰਭੀਰ ਸਵਾਲ ਉਠਾਏ।

ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਦਾ ਦੋ ਦਿਨਾਂ ਵਿਸ਼ੇਸ਼ ਸੈਸ਼ਨ ਬੁਲਾਇਆ ਅਤੇ ਪਹਿਲੇ ਦਿਨ ਦੀ ਸਮਾਪਤੀ ਸਿਰਫ਼ 11 ਮਿੰਟਾਂ ਵਿੱਚ ਹੀ ਕਰ ਦਿੱਤੀ, ਜਿਸ ਵਿੱਚ ਸਿਰਫ਼ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਅਜਿਹੇ ਸਮੇਂ ਜਦੋਂ ਪੰਜਾਬ ਨੂੰ ਭਖਦੇ ਮੁੱਦਿਆਂ ’ਤੇ ਚਰਚਾ ਕਰਨ ਲਈ ਇੱਕ ਲੰਬੇ ਸੈਸ਼ਨ ਦੀ ਤੁਰੰਤ ਲੋੜ ਹੈ - ਜਿਸ ਵਿੱਚ ਕਾਨੂੰਨ ਵਿਵਸਥਾ ਦੀ ਵਿਗੜਦੀ ਸਥਿਤੀ, ਲੈਂਡ ਪੂਲਿੰਗ ਨੀਤੀ ਦੇ ਨਾਮ ’ਤੇ ਕਿਸਾਨਾਂ ਤੋਂ ਜ਼ਮੀਨਾਂ ਹੜੱਪਣਾ, ਵਿਗੜਦਾ ਸਿਹਤ ਸੰਕਟ, ਅਤੇ ਹੋਰ ਬਹੁਤ ਕੁਝ ਸ਼ਾਮਲ ਹੈ - ਓਹਦੋਂ ਭਗਵੰਤ ਮਾਨ ਦੀ ਅਗਵਾਈ ਵਾਲੀ ’ਆਪ’ ਸਰਕਾਰ ਜਵਾਬਦੇਹੀ ਤੋਂ ਭੱਜ ਰਹੀ ਹੈ। ਪਹਿਲੇ ਦਿਨ ਦੇ ਸੈਸ਼ਨ ਨੂੰ ਸਿਰਫ਼ 11 ਮਿੰਟਾਂ ਵਿੱਚ ਸਮੇਟ ਕੇ, ਇਨ੍ਹਾਂ ਨੇ ਸਰਕਾਰੀ ਖਜ਼ਾਨੇ ਦੇ ਲਗਭਗ 2 ਕਰੋੜ ਰੁਪਏ ਬਰਬਾਦ ਕਰ ਦਿੱਤੇ ਹਨ। ਇਹ ਬਿਲਕੁਲ ਅਸਵੀਕਾਰਨਯੋਗ ਹੈ, ਸਰਬਜੀਤ ਸਿੰਘ ਝਿੰਜਰ ਨੇ ਕਿਹਾ।




ਝਿੰਜਰ ਨੇ ਸਵਾਲ ਕੀਤਾ ਕਿ ਸ਼ਰਧਾਂਜਲੀਆਂ ਦੇ ਹਵਾਲਿਆਂ ਤੋਂ ਬਾਅਦ ਕੋਈ ਕੰਮ ਕਿਉਂ ਨਹੀਂ ਕੀਤਾ ਗਿਆ। ਜੇਕਰ ਸਰਕਾਰ ਕੱਲ੍ਹ ਬੇਅਦਬੀ ਬਿੱਲ ਲਿਆਉਣ ਦੀ ਯੋਜਨਾ ਬਣਾ ਰਹੀ ਹੈ, ਤਾਂ ਇਸਨੇ ਅੱਜ ਖੁੱਲੀ ਬਹਿਸ ਕਿਉਂ ਨਹੀਂ ਰੱਖੀ ਤਾਂ ਜੋ ਵਿਧਾਇਕ ਪੰਜਾਬ ਦੇ ਸਾਰੇ ਭਖਦੇ ਮੁੱਦਿਆਂ ’ਤੇ ਸਰਕਾਰ ਤੋਂ ਸਵਾਲ ਕਰ ਸਕਣ?

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਨੂੰ ਅਸਲ ਵਿੱਚ ਘੱਟੋ-ਘੱਟ ਸੱਤ ਦਿਨਾਂ ਦਾ ਵਿਧਾਨ ਸਭਾ ਸੈਸ਼ਨ ਚਾਹੀਦਾ ਹੈ। “ਇਹ ਦੋ ਦਿਨਾਂ ਦਾ ਡਰਾਮਾ ਇੱਕ ਸਿਰਫ਼ ਅੱਖਾਂ ਤੇ ਘੱਟਾ ਪਾਉਣ ਵਾਲੀ ਗੱਲ ਹੈ। ਪੰਜਾਬ ਦੇ ਲੋਕ ਜਵਾਬਾਂ ਦੀ ਉਮੀਦ ਕਰਦੇ ਹਨ, ਪਰ ਭਗਵੰਤ ਮਾਨ ਸਰਕਾਰ ਭੱਜ ਰਹੀ ਹੈ।”“ਵਿਧਾਨ ਸਭਾ ਸੈਸ਼ਨ ਦੇ ਇੱਕ ਦਿਨ ਵਿੱਚ ਲਗਭਗ 2 ਕਰੋੜ ਰੁਪਏ ਦਾ ਜਨਤਕ ਪੈਸਾ ਖਰਚ ਹੁੰਦਾ ਹੈ। ਸਾਡਾ ਪੈਸਾ ਇਸ ਤਰ੍ਹਾਂ ਕਿਉਂ ਬਰਬਾਦ ਹੋ ਰਿਹਾ ਹੈ? ਸਰਕਾਰ ਸਵਾਲਾਂ ਤੋਂ ਕਿਉਂ ਭੱਜ ਰਹੀ ਹੈ?” ਝਿੰਜਰ ਨੇ ਪੁੱਛਿਆ।

ਉਨ੍ਹਾਂ ਨੇ ਸੂਬੇ ਵਿੱਚ ਕਾਨੂੰਨ ਵਿਵਸਥਾ ਦੀ ਵਿਗੜਦੀ ਸਥਿਤੀ ’ਤੇ ਵੀ ਡੂੰਘੀ ਚਿੰਤਾ ਪ੍ਰਗਟ ਕੀਤੀ। ਦਿਹਾੜੇ ਦਿਨ-ਦਿਹਾੜੇ ਕਤਲ ਆਮ ਹੁੰਦੇ ਜਾ ਰਹੇ ਹਨ। ਕਾਰੋਬਾਰੀਆਂ ’ਤੇ ਖੁੱਲ੍ਹੇਆਮ ਗੋਲੀਆਂ ਚਲਾਈਆਂ ਜਾ ਰਹੀਆਂ ਹਨ, ਅਤੇ ਜਬਰੀ ਵਸੂਲੀ ਦੀਆਂ ਕਾਲਾਂ ਬਿਨਾਂ ਕਿਸੇ ਰੋਕ-ਟੋਕ ਦੇ ਕੀਤੀਆਂ ਜਾ ਰਹੀਆਂ ਹਨ। ਕਾਨੂੰਨ ਦਾ ਕੋਈ ਡਰ ਨਹੀਂ ਹੈ। ਹਾਲ ਹੀ ਵਿੱਚ, ਪੰਜਾਬ ਦੇ ਉਦਯੋਗਪਤੀਆਂ ਨੇ ਮੱਧ ਪ੍ਰਦੇਸ਼ ਵਿੱਚ 15,000 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਦਾ ਵਾਅਦਾ ਕੀਤਾ ਹੈ। ਇਸਦਾ ਸਪੱਸ਼ਟ ਮਤਲਬ ਹੈ ਕਿ ਉਹ ਪੰਜਾਬ ਛੱਡਣ ਲਈ ਤਿਆਰ ਹਨ ਕਿਉਂਕਿ ’ਆਪ’ ਸਰਕਾਰ ਸੁਰੱਖਿਅਤ ਮਾਹੌਲ ਪ੍ਰਦਾਨ ਕਰਨ ਵਿੱਚ ਅਸਫਲ ਰਹੀ ਹੈ। ਝਿੰਜਰ ਨੇ ਸਰਕਾਰ ਦੀ ਵਿਵਾਦਪੂਰਨ ਲੈਂਡ ਪੂਲਿੰਗ ਨੀਤੀ ’ਤੇ ਵੀ ਵਰਦਿਆਂ ਕਿਹਾ ਇਸ ਨੀਤੀ ਰਾਹੀਂ, ਉਹ ਕਿਸਾਨ ਭਾਈਚਾਰੇ ਦੇ ਸਖ਼ਤ ਅਤੇ ਖੁੱਲ੍ਹੇ ਵਿਰੋਧ ਦੇ ਬਾਵਜੂਦ, ਸਾਡੇ ਕਿਸਾਨਾਂ ਤੋਂ ਜ਼ਮੀਨ ਖੋਹਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸਮਾਜ ਦਾ ਹਰ ਵਰਗ ਇਸ ਸਰਕਾਰ ਤੋਂ ਨਾਖੁਸ਼ ਹੈ। ਕਿਸਾਨ ਹੋਵੇ, ਵਪਾਰੀ ਹੋਵੇ, ਨੌਜਵਾਨ ਹੋਵੇ ਜਾਂ ਕਰਮਚਾਰੀ - ਹਰ ਪਾਸੇ ਗੁੱਸਾ ਅਤੇ ਨਿਰਾਸ਼ਾ ਹੈ। ਪਰ ਮਾਨ ਸਰਕਾਰ ਜ਼ਮੀਨ ’ਤੇ ਕੁਝ ਵੀ ਅਸਲ ਕੰਮ ਨਹੀਂ ਕਰ ਰਹੀ ਬਸ ਇਸ਼ਤਿਹਾਰਬਾਜ਼ੀ ਵਿੱਚ ਵਿਅਸਤ ਹੈ।

# ਰਾਗ ਨਾਦ ਸਬਦਿ ਸੋਹਲੇ 25

ਇਕਵਾਕ ਸਿੰਘ ਪੱਟੀ

ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਾਰ ਬਾਣੀ ਰਾਗਾਂ ਦੇ ਅਧੀਨ ਹੈ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ 25ਵੇਂ ਸਥਾਨ ’ਤੇ ਆਉਣ ਵਾਲੇ ਰਾਗ ‘ਬਸੰਤ’ ਬਾਰੇ...



## ਰਾਗ ਬਸੰਤ

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ ਤਰਤੀਬ ’ਚ ਰਾਗ ਬਸੰਤ ਪੱਚੀਵੇਂ ਸਥਾਨ ’ਤੇ ਆਉਂਦਾ ਹੈ। ਰਾਗ ਬਸੰਤ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 1168 ਤੋਂ ਲੈ ਕੇ 1196 ਤਕ ਦਰਜ ਹੈ। ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਹੈ। ਭਗਤ ਸਾਹਿਬਾਨ ਦੀ ਬਾਣੀ ਵਿੱਚੋਂ ਭਗਤ ਕਬੀਰ ਜੀ, ਰਾਮਾਨੰਦ ਜੀ, ਰਵਿਦਾਸ ਜੀ, ਨਾਮਦੇਉ ਜੀ ਦੀ ਬਾਣੀ ਸ਼ਾਮਲ ਹੈ। ਇਸ ਦੇ ਨਾਲ ਬਸੰਤ ਰਾਗ ਦੇ ਅੰਤਰਗਤ ‘ਬਸੰਤ ਹਿੰਡੋਲੁ’ ਅਤੇ ‘ਬਸੰਤ ਕੀ ਵਾਰ ਮਹਲਾ 5’ ਸਿਰਲੇਖ ਹੇਠ ਬਾਣੀ ਸ਼ਾਮਲ ਹੈ। ਇਸ ਰਾਗ ਦਾ ਗਾਇਨ ਗੁਰਦੁਆਰਾ ਸਾਹਿਬਾਨ ਵਿਚ ਮਾਘੀ ਤੋਂ ਲੈ ਕੇ ਹੋਲੇ ਮੁਹੱਲੇ ਤੱਕ ਨਿਰੰਤਰ ਚੱਲਦਾ ਰਹਿੰਦਾ ਹੈ।

ਇਤਿਹਾਸਕ ਅਤੇ ਸੰਗੀਤਕ ਪੱਖ ਤੋਂ ਗੱਲ ਕਰੀਏ ਤਾਂ ਸੰਗੀਤ ਉੱਪਰ ਲਿਖੇ ਗਏ ਕਰੀਬ ਹਰ ਗ੍ਰੰਥ ਵਿਚ ਰਾਗ ਬਸੰਤ ਦਾ ਜ਼ਿਕਰ ਮਿਲਦਾ ਹੈ, ਜਿਸ ਤੋਂ ਇਸ ਰਾਗ ਦੀ ਪ੍ਰਾਚੀਨਤਾ ਅਤੇ ਮਹੱਤਤਾ ਦਾ ਅੰਦਾਜ਼ਾ ਸਹਿਜੇ ਲੱਗ ਜਾਂਦਾ ਹੈ। ਬਸੰਤ ਰੁੱਤ ਵਿਚ ਇਸ ਰਾਗ ਦਾ ਗਾਇਨ ਕਿਸੇ ਵੇਲੇ ਵੀ (ਦਿਨ ਜਾਂ ਰਾਤ) ਅਕਸਰ ਕੀਤਾ ਜਾਂਦਾ ਰਹਿੰਦਾ ਹੈ। ਗੁਰਮਤਿ ਸੰਗੀਤ ਵਿਚ ਇਸ ਰਾਗ ਦੀ ਮਹੱਤਤਾ ਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਬਸੰਤ ਰਾਗ ਦੇ ਗਾਇਨ ਦੀ ਆਰੰਭਤਾ ਅਤੇ ਸਮਾਪਤੀ ਵੇਲੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਬਾਕਾਇਦਾ ਅਰਦਾਸ ਕਰ ਕੇ ਕੀਤੀ ਜਾਂਦੀ ਹੈ ਅਤੇ ਮਰਿਆਦਾ ਅਨੁਸਾਰ ਬਸੰਤ ਰੁੱਤ ਦੇ ਰਹਿਣ ਤਕ ਗੁਰੂ ਘਰ ਦਾ ਹਰ ਰਾਗੀ ਸਿੰਘ/ਕੀਰਤਨੀਆ ਗੁਰਬਾਣੀ ਦਾ ਗਾਇਨ ਕਰਨ ਤੋਂ ਪਹਿਲਾਂ ਇਕ ਸ਼ਬਦ ਬਸੰਤ ਰਾਗ ਦੇ ਅਧੀਨ ਗਾਇਨ ਕਰਦਾ ਹੈ। ਕੀਰਤਨ ਚੌਂਕੀ ਵੇਲੇ ਬਸੰਤ ਰਾਗ ਦੀਆਂ ਪਹਿਲੀਆਂ ਦੋ ਪਉੜੀਆਂ ਨਾਲ ਸ਼ੁਰੂਆਤ ਕੀਤੀ ਜਾਂਦੀ ਹੈ ਅਤੇ ਕੀਰਤਨ ਚੌਂਕੀ ਦੀ ਸਮਾਪਤੀ ਤੀਜੀ ਪਉੜੀ ਦਾ ਗਇਨ ਕਰ ਕੇ ਕੀਤੀ ਜਾਂਦੀ ਹੈ। ‘ਮਹਾਨ ਕੋਸ਼’ ਅੰਦਰ ਭਾਈ ਕਾਨ੍ਹ ਸਿੰਘ ਨਾਭਾ ਪੰਨਾ ਨੰਬਰ 826 ’ਤੇ ਲਿਖਦੇ ਹਨ ਕਿ, ‘ਇਹ ਪੂਰਬੀ ਥਾਟ ਦਾ ਸੰਪੂਰਣ ਰਾਗ ਹੈ। ਇਸ ਵਿਚ ਦੋਵੇਂ ਮੱਧਮ ਲੱਗਦੇ ਹਨ। ਸ਼ੜਜ਼ ਗੰਧਾਰ ਮੱਧਮ, ਪੰਚਮ ਧੈਵਤ ਅਤੇ ਨਿਸ਼ਾਧ ਸ਼ੁੱਧ, ਰਿਸ਼ਭ ਕੋਮਲ ਅਤੇ ਮੱਧਮ ਤੀਵਰ ਲੱਗਦਾ ਹੈ। ਗਾਉਣ ਦਾ ਵੇਲਾ ਬਸੰਤ ਰੁੱਤ ਜਾਂ ਰਾਤ ਦਾ ਸਮਾਂ ਹੈ।’ •

98150-24920

## ਇਹਰਾਮ



ਹਾਜੀ ਲੋਕ ਹੱਜ ਦੀ ਪ੍ਰਕਿਰਿਆ ਦੌਰਾਨ ‘ਇਹਰਾਮ’ ਧਰਾਨ ਕਰਦੇ ਹਨ। ਇਹ ਅਣਸੀਤੇ ਕੱਪੜੇ ਹੁੰਦੇ ਹਨ, ਜੋ ਹਾਜੀ ਪਹਿਨਦੇ ਹਨ, ਆਮ ਕਰਕੇ ਚਾਦਰ ਅਤੇ ਲੂੰਗੀ ਵਗੈਰਾ। ਇਹਰਾਮ ਪਹਿਨਣਾ ਹਜ਼ਰਤ ਇਬਰਾਹੀਮ ਪੈਗ਼ੰਬਰ ਦੀ ਸੁੰਨਤ ਹੈ। ਉਹ ਬਿਨਾਂ ਸੀਤੇ ਚਿੱਟੇ ਕੱਪੜਿਆਂ ਦਾ ਬਾਣਾ ਪਹਿਨਦੇ ਸਨ। ਇਹਰਾਮ ਪਹਿਨਣ ਤੋਂ ਬਾਅਦ ਹੱਜ ਦੀ ਪ੍ਰਕਿਰਿਆ ਆਰੰਭ ਹੋ ਜਾਂਦੀ ਹੈ। ਇਹ ਕੱਪੜੇ ਫਿਰ ਹੱਜ ਦੀ ਪ੍ਰਕਿਰਿਆ ਖ਼ਤਮ ਹੋਣ ਤੋਂ ਬਾਅਦ ਉਤਾਰੇ ਜਾਂਦੇ ਹਨ। ਜਦੋਂ ਹਾਜੀ ਇਹਰਾਮ ਪਹਿਨ ਲੈਂਦਾ ਹੈ ਤਾਂ ਉਸ ਤੋਂ ਬਾਅਦ ਉਹ ਨਾ ਸ਼ਿਕਾਰ ਕਰ ਸਕਦਾ ਹੈ ਨਾ ਹੀ ਇਸਤਰੀ ਨਾਲ ਜਿਣਸੀ ਸਬੰਧ ਰੱਖ ਸਕਦਾ ਹੈ। ਉਹ ਇਤਨੀ ਪਾਬੰਦੀ ਅਖ਼ਤਿਆਰ ਕਰ ਲੈਂਦਾ ਹੈ ਕਿ ਦਰੱਖ਼ਤਾਂ ਤਕ ਨੂੰ ਵੀ ਨੁਕਸਾਨ ਨਹੀਂ ਪਹੁੰਚਾਉਂਦਾ। ਕੁਰਆਨ ਮਜੀਦ ਦੀ ਸੂਰਹਾ ਅਲ-ਮਾਇਦਾ ਵਿਚ ਜ਼ਿਕਰ ਹੈ ਕਿ ਇਹਰਾਮ ਦੀ ਹਾਲਤ ਦੌਰਾਨ ਭਾਵੇਂ ਜਾਨਵਰਾਂ ਦੇ ਮਾਸ ਲਈ ਸ਼ਿਕਾਰ ਨਹੀਂ ਕਰਦੇ, ਸਿਰ ਅਤੇ ਦਾਹੜੀ ਦੇ ਵਾਲ ਤਕ ਨਹੀਂ ਕਟਵਾਉਂਦੇ ਲੇਕਿਨ ਸੰਕਟ ਸਮੇਂ ਖ਼ਤਰਨਾਕ ਜਾਨਵਰਾਂ ਸੱਪ, ਬਿੱਛੂ, ਪਾਗ਼ਲ ਕੁੱਤਾ, ਸ਼ੇਰ ਆਦਿ ਨੂੰ ਆਪਣੀ ਸੁਰੱਖਿਆ ਹਿਤ ਮਾਰ ਸਕਦੇ ਹਨ।

• **ਪ੍ਰਿੰ. ਗੁਰਚਰਨ ਸਿੰਘ ਤਲਵਾੜਾ**, 94634-63193

# ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ



**ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਤਿਗੁਰਾਂ ਨੇ ਪਰਮੇਸ਼ਰ ਦੀ ਭਗਤੀ ਕਰਨ ਵਾਲੇ ਜਗਿਆਸੂ ਅਤੇ ਰੱਬ ਦੇ ਮਿਲਾਪ ਵਿਚ ਤੜਪਣ ਵਾਲੀ ਆਤਮਾ ਦੀ ਅਵਸਥਾ ਨੂੰ ਵੀ ਬਿਆਨ ਕੀਤਾ ਹੈ...**

ਹਰਦੇਵ ਸਿੰਘ ਕਲਸੀ

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦੇ ਮੁਖਾਰਬਿੰਦ ਤੋਂ ਉਚਾਰਿਆ ਹੋਇਆ ਸ਼ਬਦ ‘ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ’ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 94 ’ਤੇ ਸੁਭਾਇਮਾਨ ਹੈ। ਇਨ੍ਹਾਂ ਸਬਦਾਂ ਰਾਹੀਂ ਸਤਿਗੁਰਾਂ ਨੇ ਪਰਮੇਸ਼ਰ ਦੀ ਭਗਤੀ ਕਰਨ ਵਾਲੇ ਜਗਿਆਸੂ ਅਤੇ ਰੱਬ ਦੇ ਮਿਲਾਪ ਵਿਚ ਤੜਪਣ ਵਾਲੀ ਆਤਮਾ ਦੀ ਅਵਸਥਾ ਨੂੰ ਬਿਆਨ ਕੀਤਾ ਹੈ। ਗੁਰੂ ਜੀ ਦਾ ਬਹੁਤ ਸੁੰਦਰ ਫ਼ੁਰਮਾਨ ਹੈ :

**ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰ ਵਹੇ ਵਹਿ ਚਲੈ ਜੀਉ॥**

ਦੁਨੀਆ ਅੰਦਰ ਝਾਤੀ ਮਾਰਨ ’ਤੇ ਦਿਖਾਈ ਦਿੰਦਾ ਹੈ ਕਿ ਸਾਰਾ ਸੰਸਾਰ ਆਪੋ ਆਪਣੇ ਦੁੱਖਾਂ ਨੂੰ ਲੈ ਕੇ ਰੋ ਰਿਹਾ ਹੈ। ਕੋਈ ਬੁਢਾਪੇ ਤੋਂ, ਕੋਈ ਧੀਆਂ-ਪੁਤਾਂ ਦੇ ਦੁੱਖ ਕਾਰਨ, ਕੋਈ ਆਪਣੀ ਇਸਤਰੀ ਤੋਂ ਦੁਖੀ ਹੈ ਤੇ ਕੋਈ ਇਸਤਰੀ ਆਪਣੇ ਐਬੀ ਪਤੀ ਤੋਂ ਦੁਖੀ ਹੋ ਕੇ ਰੋ ਰਹੀ ਹੈ ਪਰ ਜਦੋਂ ਕੋਈ ਰੱਬ ਦਾ ਪਿਆਰਾ ਉਸ ਦੀ ਪ੍ਰਾਪਤੀ ਲਈ ਤੇ ਉਸ ਦੇ ਪ੍ਰੇਮ ’ਚ ਰੋਂਦਾ ਹੈ ਤਾਂ ਉਸ ਦੀਆਂ ਅੱਖਾਂ ਵਿੱਚੋਂ ਝਰਨੇ ਵਾਂਗ ਜੋ ਨੀਰ ਵਗਦਾ ਹੈ ਉਹ ਅੰਮ੍ਰਿਤ ਦਾ ਸੋਮਾ ਬਣ ਜਾਂਦਾ ਹੈ। ਜਿਵੇਂ ਗੁਰੂ ਅਰਜਨ ਦੇਵ ਜੀ ਦੇ ਮਿਠੇ ਬੋਲ ਹਨ :

***ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥***
***ਮਨ ਜੀਵੈ ਸੁਨਿ ਸਬਦ ਬੀਚਾਰਾ॥***

ਵੈਰਾਗ ਦੀ ਇਸ ਅਵਸਥਾ ਨੂੰ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਤੀਸਰੀ ਲਾਂਵ ਵਿਚ ਇੰਜ ਬਿਆਨ ਕੀਤਾ ਹੈ :

***ਹਰਿ ਤੀਜੜੀ ਲਾਵ ਮਨ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ॥***
***ਸੰਤ ਜਨਾ ਹਰਿ ਮੇਲਿ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ॥***

ਜਦੋਂ ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਆਪਣੇ ਕਰੀਬੀ ਰਿਸ਼ਤੇ ਦੇ ਭਰਾ ਸਿਹਾਰੀ ਮਲ ਦੇ ਲੜਕੇ ਦੀ ਸ਼ਾਦੀ ’ਚ ਸ਼ਾਮਲ ਹੋਣ ਲਈ ਭੇਜਿਆ ਤੇ ਕਾਫ਼ੀ ਸਮਾਂ ਲਾਹੌਰ ਤੋਂ ਵਾਪਸ ਨਾ ਬੁਲਾਇਆ ਤਾਂ ਸਤਿਗੁਰਾਂ ਨੇ ਆਪਣੇ ਮਨ ਦੀ ਅਵਸਥਾ ਨੂੰ ਵੈਰਾਗਮਈ ਚਿੱਠੀਆ ਲਿਖ ਕੇ ਇੰਜ ਪ੍ਰਗਟ ਕੀਤਾ :

***ਇਕ ਘੜੀ ਨਾ ਮਿਲਤੇ ਤਾ ਕਲਿਜੁਗੁ ਹੋਤਾ॥***
***ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥***
***ਮੋਹ ਰੈਣ ਨ ਵਿਹਾਵੈ ਨੀਂਦ ਨ ਆਵੈ॥***
***ਬਿਨ ਦੇਖੇ ਗੁਰ ਦਰਬਾਰੇ ਜਿਉ॥***
***ਹਉ ਘੋਲੀ ਜਿਉ ਘੋਲੀ ਘੁਮਾਦੀ ਤਿਸ ਸਚੇ ਗੁਰ ਦਰਬਾਰੇ ਜੀਉ॥***

ਬਾਣੀ ਰਾਹੀਂ ਗੁਰੂ ਸਾਹਿਬਾਨ ਅਤੇ ਅਤੇ ਭਗਤਾਂ ਨੇ ਪ੍ਰਭੂ ਦੇ ਵੈਰਾਗ ਦੀ ਅਵਸਥਾ ਨੂੰ ਹੀ ਪਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਦੱਸਿਆ ਹੈ। ਜਦ ਕੋਈ ਗੁਰਮੁੱਖ ਪਿਆਰਾ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ ਪਿੱਛੋ ‘ਵਾਹਿਗੁਰੂ’ ਗੁਰਮੰਤਰ ਦੁਆਰਾ ਪਰਮੇਸ਼ਰ ਦੇ ਮਿਲਾਪ ਲਈ ਭਗਤੀ ’ਚ ਜੁੜਦਾ ਹੈ ਤਾਂ ਸਿਮਰਨ ਕਰਦਿਆਂ-ਕਰਦਿਆਂ ਭਾਈ ਗੁਰਦਾਸ ਜੀ ਦੇ ਕਥਨ ਮੁਤਾਬਿਕ ‘ਮਨ ਬੈਰਾਗੀ ਹੋਇ ਅਤੀਤਾ’ ਦੀ ਅਵਸਥਾ ਬਣਨੀ ਸੁਰੂ ਹੋ ਜਾਂਦੀ ਹੈ ਤੇ ਫਿਰ ਹਰ ਸਮੇਂ ਪਰਮੇਸ਼ਰ ਦੀ ਯਾਦ ਉਸ ਦੇ ਅੰਦਰ ਘਰ ਕਰ ਜਾਂਦੀ ਹੈ। ਇਸ ਅਵਸਥ ਨੂੰ ਭਗਤ ਕਬੀਰ ਜੀ ਬਾਣੀ ਰਾਹੀਂ ਬਿਆਨ ਕਰਦੇ ਹਨ :

***ਕਬੀਰ ਬਿਰਹੁ ਭੁਜੰਗਮ ਮਨ ਬਸੈ ਮੰਤ ਨ ਮਾਨੈ ਕੋਇ॥***
***ਰਾਮ ਬਿਓਗੀ ਨ ਜੀਐ ਜੀਐ ਤ ਬਉਰਾ ਹੋਇ॥***

ਜਿੰਨਾ ਚਿਰ ਜਗਿਆਸੂ ਦੇ ਮਨ ਅੰਦਰ ਪ੍ਰਭੂ ਦੇ ਮਿਲਾਪ ਦੀ ਵੇਦਨਾ ਪ੍ਰਗਟ ਨਹੀਂ ਹੁੰਦੀ ਅਤੇ ਜਿੰਨਾ ਚਿਰ ਉਸ ਦਾ ਮਨ ਦੁਨੀਆ ਦੇ ਰਸਾਂ-ਕਸਾਂ ਦਾ ਤਿਆਗ ਨਹੀਂ ਕਰਦਾ, ਪੰਜ ਵਿਕਾਰਾਂ ਅਤੇ ਮਨ ਦੀਆਂ ਇਛਾਵਾਂ ਨੂੰ ਅੰਤਰ ਆਤਮਾ ’ਚੋਂ ਖ਼ਤਮ ਨਹੀ ਕਰਦਾ ਓਨੀ ਦੇਰ ਬੈਰਾਗ ਦੀ ਅਵਸਥਾ ਨਹੀ ਉਤਪਨ ਹੋ ਸਕਦੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਜੋ ਮਨੁੱਖਤਾ ਦੇ ਭਲੇ ਲਈ ਚਾਨਣ ਮੁਨਾਰਾ ਹੈ, ਨੂੰ ਪੜ੍ਹ ਕੇ ਸਾਨੂੰ ਸੋਝੀ ਪ੍ਰਾਪਤ ਹੁੰਦੀ ਹੈ ਕਿ ਪਰਮਾਤਮਾ ਨੂੰ ਇਸ ਮਨੁੱਖਾ ਦੇਹੀ ਵਿਚ ਹੀ ਅਰਾਧਨਾ ਕਰ ਕੇ ਮਿਲਿਆ ਜਾ ਸਕਦਾ ਹੈ। ਪਰਮਾਤਮਾ ਦੇ ਮਿਲਾਪ ਲਈ ਕੋਈ ਮਰਜੀਵੜਾ ਗੁਰਸਿੱਖ ਹੀ ਮਨ ਵਿਚ ਨਿਮਰਤਾ ਤੇ ਪ੍ਰੇਮ ਦੀ ਅਵਸਥਾ ਪੈਦਾ ਕਰ ਕੇ ਸਤਿਗੁਰਾਂ ਦੇ ਚਰਨਾਂ ਵਿਚ ਬਹੁਤ ਹੀ ਨਿਮਰਤਾ ਸਹਿਤ ਬੇਨਤੀਆਂ ਕਰਦਾ ਹੈ :

***ਮਿਲ ਮੇਰੇ ਪ੍ਰੀਤਮਾ ਜੀਉ ਤੁਧ ਬਿਨ ਖਰੀ ਨਿਮਾਣੀ॥***
***ਮੈ ਨੈਣੀ ਨੀਂਦ ਨ ਆਵੈ ਜੀਉ ਭਾਵੈ ਅੰਨ ਨ ਪਾਣੀ॥***
***ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮ ਪਿਆਰਾ॥***
***ਹਉ ਤਿਸ ਪਹਿ ਆਪ ਵੇਚਾਈ॥***

ਉਕਤ ਤੁਕਾਂ ਵਿਚ ਸਾਰੇ ਗੁਰੂ ਸਾਹਿਬਾਨ ਤੇ ਭਗਤ ਜਨਾਂ ਦਾ ਅਕਾਲ-ਪੁਰਖ ਪਰਮਾਤਮਾ ਲਈ ਹਿਰਦੇ ਅੰਦਰੋਂ ਪਿਆਰ ਝਲਕਾਂ ਮਾਰਦਾ ਹੈ।

ਵੇਖਿਆ ਜਾਵੇ ਤਾਂ ਅਜਿਹੀ ਅਵਸਥਾ ਵਿਚ ਹੀ ਉਸ ਦੀ ਯਾਦ ’ਚ ਹੰਝੂ ਵਹਾਉਣੇ, ਉਸ ਨੂੰ ਆਵਾਜ਼ਾਂ ਮਾਰਨੀਆਂ ਤੇ ਮਨ ਦੀ ਤੜਪਣਾ ਵਿਚ ਜਗਿਆਸੂ ਨੂੰ ਜਿੱਥੇ ਅੰਤਰ-ਆਤਮੇ ਪ੍ਰਭੂ ਦਾ ਮਿਲਾਪ ਹੁੰਦਾ ਹੈ ਉੱਥੇ ਦੁਨੀਆ ਦੇ ਸਾਰੇ ਸੁੱਖਾਂ ਦੀ ਵੀ ਪ੍ਰਾਪਤੀ ਹੁੰਦੀ ਹੈ ਪਰ ਉਹ ਇਨ੍ਹਾਂ ਦੇ ਹੁੰਦਿਆਂ ਵੀ ਨਿਰਲੇਪ ਹੁੰਦਾ ਹੈ। ਉਸ ਦੇ ਮਨ ਵਿਚ ਹਮੇਸ਼ਾ ਉਸ ਦੇ ਦਰਸ਼ਨ ਦੀ ਭੁੱਖ ਤੇ ਮਿਲਣ ਦੀ ਤਾਂਘ ਬਣੀ ਰਹਿੰਦੀ ਹੈ। ਉਸ ਦੀ ਹਰ ਸਮੇਂ ਪ੍ਰਭੂ ਦੇ ਚਰਨਾਂ ’ਚ ਇਹੋ ਅਰਦਾਸ ਹੁੰਦੀ ਹੈ :

***ਗੋਪਾਲ ਦਇਆਲ ਗੋਬਿੰਦ ਲਾਲਨ ਮਿਲਹੁ ਕੰਤ ਨਿਮਾਣੀਆ॥***
***ਨੈਣ ਤਰਸਨ ਦਰਸ ਪਰਸਨ ਨਹ ਨੀਦ ਰੈਣਿ ਵਿਹਾਣੀਆ॥***

ਵਿਚਾਰ ਕਰਨ ’ਤੇ ਪਤਾ ਚੱਲਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਸਾਨੂੰ ਰੱਬੀ ਗਿਆਨ ਕਰਵਾਉਂਦੀ ਹੈ ਪਰ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸਾਰੀ ਬਾਣੀ, ਭਗਤ ਕਬੀਰ ਜੀ ਤੇ ਸ਼ੇਖ ਫ਼ਰੀਦ ਜੀ ਦੇ ਸਲੋਕ ਪੜ੍ਹਨ ’ਤੇ ਸਾਡੇ ਮਨ ਵਿਚ ਉਸ ਪਰਮੇਸ਼ਰ ਨਾਲ ਮਿਲਣ ਦੇ ਵੈਰਾਗ ਦੀ ਅਵਸਥਾ ਬਣਨੀ ਸ਼ੁਰੂ ਹੋ ਜਾਂਦੀ ਹੈ ਅਤੇ ਰੱਬ ਨਾਲ ਪਿਆਰ ਪੈਣਾ ਸ਼ੁਰੂ ਹੋ ਜਾਂਦਾ ਹੈ। ਬਾਬਾ ਸ਼ੇਖ਼ ਫ਼ਰੀਦ ਜੀ ਦੀ ਬਾਣੀ ਦੇ ਕੁਝ ਪ੍ਰਮਾਣ ਹਨ :

***- ਕਾਗਾ ਕਰੰਗ ਢੰਢੋਲਿਆ ਸਗਲਾ ਖਇਆ ਮਾਸ॥***
***ਇਹ ਦੋਇ ਨੈਨਾ ਮਤ ਛੁਹਿਓ ਪਿਰ ਦੇਖਣ ਕੀ ਆਸ॥***
***- ਬਿਰਹਾ ਬਿਰਹਾ ਆਖੀਐ ਬਿਰਹਾ ਤੂੰ ਸੁਲਤਾਨ॥***
***ਜਿਤ ਤਨ ਬਿਰਹਾ ਨ ਉਪਜੈ ਸੋ ਤਨੁ ਜਾਣ ਮਸਾਣ॥***
***- ਫਰੀਦਾ ਚਿੰਤ ਖਟੋਲਾ ਵਾਣੁ ਦੁਖ, ਬਿਰਹਿ ਵਿਛਾਵਣ ਲੇਫ॥***
***ਏਹ ਹਮਾਰਾ ਜੀਵਣਾ ਤੂੰ ਸਾਹਿਬ ਸੱਚੇ ਵੇਖਿ॥***

ਮਨੁੱਖਾ ਜਨਮ ਦੀ ਸਫ਼ਲਤਾ ਲਈ ਹਰ ਪ੍ਰਾਣੀ ਦਾ ਫਰਜ਼ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਸੇਧ ਲੈ ਕੇ ਉਸ ਪਰਮੇਸ਼ਰ ਦੇ ਮਿਲਾਪ ਲਈ ਸੁਆਸ-ਸੁਆਸ ਵਾਹਿਗੁਰੂ ਦਾ ਸਿਮਰਨ ਕਰ ਕੇ ਇਸ ਵੈਰਾਗਮਈ ਅਵਸਥਾ ਨੂੰ ਗ੍ਰਹਿਣ ਕਰਨ ਦੀ ਲਗਾਤਾਰ ਕੋਸ਼ਿਸ਼ ਕਰੇ। ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇ ਮਨ ਅੰਦਰ ਪ੍ਰਭੂ ਨੂੰ ਮਿਲਣ ਦੀ ਤਾਂਘ ਜਾਂ ਲੋਚਾ ਉਤਪਨ ਹੋਵੇਗੀ। ਜਿਵੇਂ ਭਗਤ ਕਬੀਰ ਸਾਹਿਬ ਦੇ ਬਹੁਤ ਪਿਆਰੇ ਬੋਲ ਹਨ :

***ਦੁਇ ਦੁਇ ਲੋਚਨ ਪੇਖਾ॥***
***ਹਉ ਹਰਿ ਬਿਨ ਅਉਰ ਨ ਦੇਖਾ॥*** •

# ਗੁਰੂ ਸਾਹਿਬ ਦੇ ਸਤਿਕਾਰ ਨੂੰ ਸਮਰਪਿਤ ਗੁਰੂ ਦੇ ਸਿੱਖ

ਸੰਜੀਵ ਗੁਪਤਾ ਜਗਰਾਓਂ



ਸ੍ਰੀ ਸੱਚਖੰਡ ਸਾਹਿਬ ਦੇ ਦਰਸ਼ਨ ਮੌਕੇ ਸੰਤ ਬਾਬਾ ਲੱਖਾ ਸਿੰਘ ਤੇ ਸਤਿਕਾਰ ਕਮੇਟੀ ਦੇ ਭਾਈ ਮਨੀਪਾਲ ਸਿੰਘ।

ਸਿੱਖ ਧਰਮ ਵਿਚਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹਰ ਸਿੱਖ ਦਸਮ ਗੁਰੂਆਂ ਦੀ ਜਾਗਦੀ ਜੋਤ ਮਨ ਕੇ ਤਨੋਂ-ਮਨੋਂ ਸੇਵਾ ਸਤਿਕਾਰ ਕਰਦਾ ਹੈ ਅਤੇ ਪਵਿੱਤਰ ਬਾਣੀ ਦੇ ਓਟ ਆਸਰੇ ਨਾਲ ਰੂਹਾਨੀ ਤੇ ਦੁਨਿਆਵੀ ਸੇਧ ਪ੍ਰਾਪਤ ਕਰਦਾ ਹੈ। ਭਾਰਤ ਸਮੇਤ ਦੁਨੀਆ ਭਰ ’ਚ ਵਸਦੇ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਦੀ ਦ੍ਰਿੜਤਾ ਨਾਲ ਪਾਲਣਾ ਕਰਦੇ ਹਨ। ਵਿਦੇਸ਼ਾਂ ’ਚ ਵਸਦੇ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਲਈ ਕਿੰਨੇ ਜਾਗਰੂਕ ਅਤੇ ਸ਼ਰਧਾਵਾਨ ਹਨ, ਇਸ ਦੀ ਮਿਸਾਲ ਲੰਡਨ ਦੇ ਸ਼ਹਿਰ ਸਮੇਥਿਕ ਦੇ ਗੁਰਦੁਆਰਾ ਬਾਬਾ ਸੰਗ ਜੀ ’ਚ ਸਥਾਪਤ ਵਿਸ਼ਾਲ, ਸੁੰਦਰ, ਮਨਮੋਹਕ, ਸ੍ਰੀ ਸੱਚਖੰਡ ਸਾਹਿਬ ਦੇ ਪਵਿੱਤਰ ਦਰਸ਼ਨਾਂ ਤੋਂ ਸਪਸ਼ਟ ਮਿਲ ਜਾਂਦੀ ਹੈ।

ਲੰਡਨ ਦੀ ਸਤਿਕਾਰ ਕਮੇਟੀ ਵੱਲੋਂ ਗੁਰੂ ਸਾਹਿਬ ਦੇ ਸਤਿਕਾਰ ’ਚ ਸਥਾਪਤ ਕੀਤੇ ਗਏ ਸ੍ਰੀ ਸੱਚਖੰਡ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਕਸਾਰ ਸਾਢੇ ਤਿੰਨ ਸੌ ਪਾਵਨ ਸਰੂਪਾਂ ਦੀ ਸੇਵਾ ਸੰਭਾਲ ਲਈ ਯੋਗ ਪ੍ਰਬੰਧ ਕੀਤੇ ਗਏ ਹਨ। ਸਤਿਕਾਰ ਕਮੇਟੀ ਦੇ ਮੁੱਖ ਸੇਵਾਦਾਰ ਭਾਈ ਮਨੀਪਾਲ ਸਿੰਘ ਦਾ ਕਹਿਣਾ ਹੈ ਕਿ ਪਵਿੱਤਰ ਸੱਚਖੰਡ ਸਾਹਿਬ ਦੇ ਨਿਰਮਾਣ ਦੀ ਲੋੜ ਉਸ ਸਮੇਂ ਪਈ ਜਦੋਂ ਪਤਾ ਲੱਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੇਕਾਂ ਪਾਵਨ ਸਰੂਪ ਲੰਡਨ ਦੀਆਂ ਅਦਾਲਤਾਂ ਵਿਚ ਪਏ ਹਨ, ਜਿੱਥੇ ਉਨ੍ਹਾਂ ਦੀ ਸਹੀ ਸੇਵਾ ਸੰਭਾਲ ਨਹੀਂ ਹੋ ਰਹੀ ਸੀ। ਗੁਰੂ ਸਾਹਿਬ ਦੇ ਪਾਵਨ ਸਰੂਪਾਂ ਨੂੰ ਅਦਾਲਤਾਂ ਵਿਚ ਜਿਸ ਤਰ੍ਹਾਂ ਰੱਖਿਆ ਗਿਆ ਸੀ ਅਤੇ ਉਨ੍ਹਾਂ ਦੀ ਸੇਵਾ ਸੰਭਾਲ ਨਾ ਹੋਣ ਕਾਰਨ ਸਤਿਕਾਰ ਕਮੇਟੀ ਨੇ ਇਨ੍ਹਾਂ ਪਾਵਨ ਸਰੂਪਾਂ ਨੂੰ ਅਦਾਲਤਾਂ ’ਚੋਂ ਲਿਆਉਣ ਲਈ ਲੰਬੀ ਕਾਨੂੰਨੀ ਲੜਾਈ ਲੜੀ। ਸਰਕਾਰ ਵੱਲੋਂ ਸਿੱਖਾਂ ਦੀ ਇਸ ਮੰਗ ਨੂੰ ਕਬੂਲਦਿਆਂ ਹੋਇਆ ਅਦਾਲਤਾਂ ਵਿੱਚੋਂ ਪਵਿੱਤਰ ਬਾਣੀ ਦੇ ਗੁਟਕਾ ਸਾਹਿਬ ਤੇ ਸਰੂਪ ਸ੍ਰੀ ਸੱਚਖੰਡ ਸਾਹਿਬ ’ਚ ਸੇਵਾ ਸੰਭਾਲ ਲਈ ਰੱਖੇ ਜਾਣ ਦੀ ਹਾਮੀ ਭਰ ਦਿੱਤੀ। ਇਸ ਤੋਂ ਬਾਅਦ ਲੰਡਨ ਦੀਆਂ ਵੱਖ-ਵੱਖ ਅਦਾਲਤਾਂ, ਜਿਨ੍ਹਾਂ ਵਿਚ ਕਿਤੇ 6, ਕਿਤੇ 2 ਅਤੇ ਕਿਤੇ 4 ਪਾਵਨ ਸਰੂਪ ਪਿਛਲੇ ਕਈ ਦਹਾਕਿਆ ਤੋਂ ਪਏ ਸਨ, ਨੂੰ ਸਤਿਕਾਰ ਸਹਿਤ ਲਿਆ ਕੇ ਗੁਰਦੁਆਰਾ ਬਾਬਾ ਸੰਗ ਸਮੇਥਿਕ (ਲੰਡਨ) ਦੇ ਸ੍ਰੀ ਸੱਚਖੰਡ ਸਾਹਿਬ ਵਿਖੇ ਸੁਸ਼ੋਭਿਤ ਕੀਤਾ ਗਿਆ। ਅਜੇ ਵੀ ਇਹ ਸਿਲਸਿਲਾ ਜਾਰੀ ਹੈ। ਅਦਾਲਤਾਂ ਤੋਂ ਇਲਾਵਾ ਲੰਡਨ ਵਿਚ ਜਿੱਥੇ ਵੀ ਗੁਰੂ ਸਾਹਿਬ ਦੇ ਪਵਿੱਤਰ ਸਰੂਪ ਦੀ ਗੁਰ-ਮਰਿਆਦਾ ਅਨੁਸਾਰ ਸੇਵਾ ਸੰਭਾਲ ਨਹੀਂ ਹੁੰਦੀ, ਨੂੰ ਸਤਿਕਾਰ ਕਮੇਟੀ ਵੱਲੋਂ ਸਤਿਕਾਰ ਸਹਿਤ ਸੱਚਖੰਡ ਸਾਹਿਬ ਵਿਖੇ ਸੇਵਾ ਸੰਭਾਲ ਲਈ ਲਿਆਇਆ ਜਾਂਦਾ ਹੈ

### ਸੱਚਖੰਡ ਦੀ ਵਿਸ਼ੇਸ਼ਤਾ

ਲੰਡਨ ਦੇ ਸਮੇਥਿਕ ਸ਼ਹਿਰ ਦੇ ਗੁਰਦੁਆਰਾ ਬਾਬਾ ਸੰਗ ਜੀ ਦੀ ਆਖ਼ਰਲੀ ਮੰਜ਼ਿਲ ’ਤੇ ਇਹ ਵਿਸ਼ਾਲ ਸੱਚਖੰਡ ਸਾਹਿਬ ਸਥਾਪਤ ਹੈ। ਸਚਖੰਡ ਸਾਹਿਬ ਵਿਚ ਗੁਰੂ ਸਾਹਿਬ ਲਈ 34 ਬੈੱਡ ਲੱਗੇ ਹੋਏ ਹਨ। ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਢੇ ਤਿੰਨ ਸੌ ਪਾਵਨ ਸਰੂਪ ਬਿਰਾਜਮਾਨ ਕੀਤੇ ਜਾ ਸਕਦੇ ਹਨ। ਅਦਾਲਤਾਂ ਅਤੇ ਵੱਖ-ਵੱਖ ਥਾਵਾਂ ਤੋਂ ਲਿਆਂਦੇ ਗਏ ਪਾਵਨ ਸਰੂਪਾਂ ਦੀ ਸੇਵਾ ਅਤੇ ਤਰੁਟੀਆਂ ਦੂਰ ਕਰਨ ਲਈ ਸਮੇਂ-ਸਮੇਂ ਸਿਰ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੋਂ ਸਿੰਘਾਂ ਨੂੰ ਬੁਲਾਇਆ ਜਾਂਦਾ ਹੈ।

### ਸਿੱਖਾਂ ਨੇ ਹੀ ਅਦਾਲਤਾਂ ’ਚ ਪਹੁੰਚਾਏ ਸਰੂਪ

ਵਿਦੇਸ਼ੀ ਅਦਾਲਤਾਂ ਵਿਚ ਗੁਰੂ ਸਾਹਿਬ ਦੇ ਪਾਵਨ ਸਰੂਪ ਕਿਸੇ ਹੋਰ ਨੇ ਨਹੀਂ ਸਿੱਖਾਂ ਦੇ ਆਪਸੀ ਝਗੜਿਆਂ ਕਾਰਨ ਪਹੁੰਚੇ ਹਨ। ਕਿਸੇ ਤਰ੍ਹਾਂ ਦੇ ਝਗੜੇ ਦੇ ਅਦਾਲਤਾਂ ’ਚ ਪੁੱਜਣ ’ਤੇ ਅਦਾਲਤੀ ਨਿਯਮਾਂ ਅਨੁਸਾਰ ਸਿੱਖ ਹੀ ਗੁਟਕਾ ਸਾਹਿਬ ’ਤੇ ਸਹੁੰ ਚੁਕਾਉਣ ਦੀ ਮੰਗ ਅਦਾਲਤ ਅੱਗੇ ਰੱਖਦਾ ਹੈ। ਕਾਨੂੰਨ ਅਨੁਸਾਰ ਅਦਾਲਤ ਨੂੰ ਇਸ ’ਤੇ ਪਹਿਰਾ ਦੇਣਾ ਪੈਂਦਾ ਹੈ ਅਤੇ ਇਸ ਤਰ੍ਹਾਂ ਵਿਦੇਸ਼ਾਂ ਦੀ ਅਦਾਲਤਾਂ ਵਿਚ ਗੁਰੂ ਸਾਹਿਬ ਦੇ ਪਾਵਨ ਸਰੂਪ ਪਹੁੰਚਦੇ ਗਏ। ਲੰਡਨ ਦੀ ਸਤਿਕਾਰ ਕਮੇਟੀ ਨੇ ਸਿੱਖਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਝਗੜਿਆ ਦੇ ਅਦਾਲਤਾਂ ਵਿਚ ਪਹੁੰਚਣ ’ਤੇ ਗੁਰੂ ਸਾਹਿਬ ਦੇ ਸਰੂਪਾਂ ’ਤੇ ਸਹੁੰ ਚੁੱਕਣ ਦੀ ਮੰਗ ਨਾ ਰੱਖਣ, ਕਿਉਂਕਿ ਇਸ ਨਾਲ ਗੁਰੂ ਸਾਹਿਬ ਦਾ ਸਤਿਕਾਰ ਕਾਇਮ ਨਹੀਂ ਰਹਿੰਦਾ ਅਤੇ ਸਾਡਾ ਮਹਾਨ ਤੇ ਵਿਲੱਖਣ ਧਰਮ ਵੀ ਇਸ ਦੀ ਇਜਾਜ਼ਤ ਨਹੀਂ ਦਿੰਦਾ।

### ਬਰਨਪਰੂਫ ਕੰਬਲ ਹੋ ਰਿਹੈ ਤਿਆਰ

ਗੁਰਦੁਆਰਿਆਂ ’ਚ ਅੱਗ ਲੱਗਣ ਦੀਆਂ ਘਟਨਾਵਾ ਦੌਰਾਨ ਪਾਵਨ ਸਰੂਪਾਂ ਨੂੰ ਅਗਨ ਭੇਟ ਤੋਂ ਰੋਕਣ ਲਈ ਸਤਿਕਾਰ ਕਮੇਟੀ ਲੰਡਨ ਨੇ ਇਕ ਵੱਡਾ ਉਪਰਾਲਾ ਕੀਤਾ ਹੈ। ਕਮੇਟੀ ਵੱਲੋਂ ਅੱਗ ਨਾਲ ਨਾ ਸੜਨ ਵਾਲਾ ਕੰਬਲ ਤਿਆਰ ਕੀਤਾ ਗਿਆ ਹੈ। ਪਾਵਨ ਸਰੂਪਾਂ ਨੂੰ ਸੁੱਖ-ਆਸਨ ਕਰਨ ਮੌਕੇ ਬਰਨਪਰੂਫ ਕੰਬਲ ਵਿਛਾਉਣ ਨਾਲ ਅੱਗ ਦੀ ਘਟਨਾ ਵਾਪਰਨ ’ਤੇ ਪਾਵਨ ਸਰੂਪ ਨੂੰ ਕੋਈ ਨੁਕਾਸਨ ਨਹੀਂ ਪੁੱਜੇਗਾ। ਇਸ ਕੰਬਲ ਦੀ ਵਿਸ਼ੇਸ਼ ਕਮੇਟੀ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਕਮੇਟੀ ਵੱਲੋਂ ਹਰੀ ਝੰਡੀ ਮਿਲਣ ’ਤੇ ਜਿੱਥੇ ਵਿਦੇਸ਼ਾਂ ਦੇ ਗੁਰਦੁਆਰਿਆਂ ’ਚ ਇਹ ਕੰਬਲ ਪਹੁੰਚਾਏ ਜਾਣਗੇ ਉਥੇ ਪੰਜਾਬ ਦੇ ਗੁਰਦੁਆਰਾ ਸਾਹਿਬ ਵਿਚ ਵੀ ਇਹ ਕੰਬਲ ਭੇਜੇ ਜਾਣਗੇ।

ਲੰਡਨ ਦੇ ਦੌਰੇ ਦੌਰਾਨ ਸੱਚਖੰਡ ਸਾਹਿਬ ਦੇ ਦਰਸ਼ਨ ਕਰਨ ਉਪਰੰਤ ਸੰਤ ਬਾਬਾ ਲੱਖਾ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਨੇ ਸਤਿਕਾਰ ਕਮੇਟੀ ਲੰਡਨ ਦੇ ਇਸ ਅਹਿਮ ਉਦਮ ਦੀ ਸ਼ਲਾਘਾ ਕਰਦਿਆਂ ਇਸ ਨੂੰ ਵੱਡੀ ਸੇਵਾ ਦੱਸਿਆ। ਉਨ੍ਹਾਂ ਨੇ ਪੰਜਾਬੀ ਅਤੇ ਖ਼ਾਸ ਕਰਕੇ ਸਿੱਖ ਭਾਈਚਾਰੇ ਨੂੰ ਅਦਾਲਤਾਂ ਵਿਚ ਗੁਟਕਾ ਸਾਹਿਬ ਦੀ ਸਹੁੰ ਨਾ ਚੁੱਕਣ ਦੀ ਅਪੀਲ ਕੀਤੀ ਅਤੇ ਗੁਰੂ ਸਾਹਿਬ ਦੇ ਸਤਿਕਾਰ ਲਈ ਕੀਤੇ ਜਾ ਰਹੇ ਇਨ੍ਹਾਂ ਉਪਰਾਲਿਆਂ ਦਾ ਸਮਰਥਨ ਕੀਤਾ। •

97816-07000

# ਜੋ ਮਾਗਹਿ ਠਾਕੁਰ ਅਪਣੇ ਤੇ

ਸੁਖਦੇਵ ਸਿੰਘ ਪਟਿਆਲਾ

ਸਾਰੇ ਦੇ ਸਾਰੇ ਪ੍ਰਮਾਣਿਤ ਗ੍ਰੰਥ ਪੂਜਣਯੋਗ ਹਨ ਤੇ ਸੱਚਾਈ ’ਤੇ ਖੜ੍ਹੇ ਹਨ। ਇਨ੍ਹਾਂ ਦਾ ਇਕ-ਇਕ ਸ਼ਬਦ ਸੰਸਾਰ ਦੇ ਹਰ ਵਿਅਕਤੀ ਉੱਪਰ ਇੱਕੋ ਹੀ ਰੂਪ ’ਚ ਲਾਗੂ ਹੈ। ਵਿਅਕਤੀ ਕੌਣ ਹੈ, ਕਿੱਥੋਂ ਦਾ ਰਹਿਣ ਵਾਲਾ ਹੈ, ਗੋਰਾ ਹੈ ਜਾਂ ਕਾਲਾ ਹੈ, ਅਮੀਰ ਹੈ ਜਾਂ ਗ਼ਰੀਬ, ਕਿਸ ਧਰਮ ਨਾਲ ਸਬੰਧਤ ਹੈ, ਕੋਈ ਫ਼ਰਕ ਨਹੀਂ ਪੈਂਦਾ। ਜਦ ਵੀ ਧਾਰਮਿਕ ਗ੍ਰੰਥ ਦੇ ਕਿਸੇ ਸ਼ਬਦ ਜਾਂ ਤੁਕ ਦੇ ਅਰਥ ਸਾਨੂੰ ਮਹਿਸੂਸ ਹੋਣ ਕਿ ਇਹ ਸਾਡੇ ਉੱਪਰ ਠੀਕ ਨਹੀਂ ਢੁੱਕ ਰਹੇ ਜਾਂ ਮਹਿਸੂਸ ਹੋਣ ਕਿ ਠੀਕ ਨਹੀਂ ਹਨ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਕਿਤੇ ਨਾ ਕਿਤੇ ਟਪਲਾ ਖਾ ਰਹੇ ਹਾਂ। ਜੋ ਕੁਝ ਵੀ ਧਰਮ ਗ੍ਰੰਥ ਵਿਚ ਕਿਹਾ ਗਿਆ ਹੈ, ਉਸ ’ਚ ਰੱਤੀ ਭਰ ਕਿੰਤੂ ਦੀ ਗੁੰਜਾਇਸ਼ ਨਹੀਂ ਹੈ।



ਗੁਰਬਾਣੀ ਦੀ ਤੁਕ, ‘ਜੋ ਮਾਗਹਿ ਠਾਕੁਰ ਅਪਣੇ ਤੇ ਸੋਈ ਸੋਈ ਦੇਵੈ’ ਸਾਡੇ ਵਿੱਚੋਂ ਬਹੁਤਿਆਂ ਨੇ ਹਜ਼ਾਰਾਂ ਵਾਰ ਸੁਣੀ ਹੋਵੇਗੀ ਤੇ ਸੈਂਕੜੇ ਵਾਰ ਬਹੁਤ ਪਿਆਰ ਨਾਲ ਉਚਾਰੀ ਹੋਵੇਗੀ ਤੇ ਆਨੰਦ ਵੀ ਮਾਣਿਆ ਹੋਵੇਗਾ। ਕੁਝ ਦਿਨ ਪਹਿਲਾਂ ਮੇਰੇ ਮਨ ’ਚ ਆਇਆ ਕਿ ਪਰਮਾਤਮਾ ਦੀਆਂ ਬਖ਼ਸ਼ਿਸ਼ਾਂ ਦੇ ਬਾਵਜੂਦ ਠਾਕੁਰ ਪਾਸੋਂ ਬਹੁਤ ਕੁਝ ਮੰਗਦੇ ਹਾਂ ਤੇ ਜ਼ਰੂਰੀ ਨਹੀਂ ਕਿ ਸਭ ਪੂਰੀਆਂ ਹੁੰਦੀਆਂ ਹੋਣ। ਮੇਰੇ ਮਨ ’ਚ ਸਵਾਲ ਉੱਠਿਆ ਤਾਂ ਕੀ ਇਹ ਗ਼ਲਤ ਲਿਖਿਆ ਗਿਆ ਹੈ? ਮੈਂ ਪਹਿਲਾਂ ਵੀ ਲਿਖਦਾ ਆ ਰਿਹਾ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੋਈ ਵੀ ਐਸਾ ਸ਼ਬਦ ਦਰਜ ਨਹੀਂ ਹੈ, ਜਿਸ ਨੂੰ ਅਸੀਂ ਗ਼ਲਤ ਜਾਂ ਬੇਲੋੜਾ ਕਹਿ ਸਕੀਏ, ਇਹ ਮੇਰਾ ਪੱਕਾ ਵਿਸ਼ਵਾਸ ਹੈ। ਗ਼ਲਤੀ ਕਿਤੇ ਨਾ ਕਿਤੇ ਸਾਡੀ ਸੋਚ ’ਚ ਹੁੰਦੀ ਹੈ।

ਇਹ ਵਿਚਾਰ ਆਉਣ ਤੋਂ ਬਾਅਦ ਇਸ ਦਾ ਕਾਰਨ ਲੱਭਣ ਦੀ ਅਭਿਲਾਸ਼ਾ ਜਾਗੀ। ਮਨ ’ਚ ਆਇਆ ਕਿ ਜੇ ਮੈਂ ਇਸ ਨੂੰ ਗ਼ਲਤ ਨਹੀਂ ਮੰਨ ਰਿਹਾ ਤਾਂ ਫਿਰ ਇਹ ਵੀ ਦੱਸਣਾ ਪਵੇਗਾ ਕਿ ਇਹ ਠੀਕ ਕਿਸ ਤਰ੍ਹਾਂ ਹੈ। ਆਪਣੇ ਆਪ ਵਿਚ ਠੀਕ ਮੰਨਣ ਨਾਲ ਹੀ ਮਸਲਾ ਟਿਕ ਜਾਵੇਗਾ ਪ੍ਰੰਤੂ ਜੇ ਦੂਜੇ ਨੂੰ ਦੱਸਣਾ ਹੋਵੇਗਾ ਤਾਂ ਦਲੀਲ ਤੋਂ ਬਿਨਾਂ ਉਸ ਦੀ ਵੀ ਤਸੱਲੀ ਨਹੀ ਹੋਵੇਗੀ। ਮੇਰੇ ਸਿਰਫ਼ ਠੀਕ ਕਹਿਣ ਨਾਲ ਦੂਜੇ ਦਾ ਮੰਨ ਲੈਣਾ ਔਖਾ ਹੈ।

ਸੋਚ-ਵਿਚਾਰ ਤੋਂ ਬਾਅਦ ਮੈਂ ਇਸ ਨਤੀਜੇ ’ਤੇ ਪਹੁੰਚਾ ਕਿ ਜਿਸ ਨੂੰ ‘ਠਾਕੁਰ’ ਸਮਝ ਕੇ ਮੰਗ ਰਿਹਾ ਹਾਂ, ਉਸ ਵਿਚ ਫ਼ਰਕ ਹੈ। ਜਿਸ ਠਾਕੁਰ ਬਾਰੇ ਬਾਣੀ ’ਚ ਜ਼ਿਕਰ ਕੀਤਾ ਗਿਆ ਹੈ, ਉਹ ਬਾਹਰੀ ਠਾਕੁਰ ਨਹੀਂ ਹੈ। ਗੁਰਬਾਣੀ ਉਪਦੇਸ਼ ਦੇ ਰਹੀ ਹੈ ਕਿ ਜਦ ਮੈਂ ਆਪਣੇ ਅੰਦਰ ਬੈਠਾਂਗਾ ਤੇ ਉਸ ਅੱਗੇ ਬੇਨਤੀ ਰੂਪ ’ਚ ਆਪਣੀ ਮੰਗ ਰੱਖਾਂਗਾ ਤਾਂ ਉਹ ਠਾਕੁਰ ਮੇਰੀ ਮੰਗ ਜ਼ਰੂਰ ਪੂਰੀ ਕਰੇਗਾ।

ਲੋੜ ਹੈ ਮਨ ਨੂੰ ਬਾਹਰੀ ਸੰਸਾਰ ਨਾਲੋਂ ਤੋੜ ਕੇ ਆਤਮਿਕ ਸੰਸਾਰ ’ਚ ਲੈ ਜਾਣ ਦੀ। ਜਦ ਅਸੀਂ ਸੰਸਾਰ ਨਾਲੋਂ ਸੰਪਰਕ ਤੋੜ ਲਵਾਂਗੇ ਤਾਂ ਕੁਦਰਤੀ ਹੀ ਸਾਡੀਆਂ ਸੰਸਾਰਕ ਮੰਗਾਂ ਵੀ ਖ਼ਤਮ ਹੋ ਜਾਣਗੀਆਂ। ਉਸੇ ਤਰ੍ਹਾਂ, ਜਿਸ ਤਰ੍ਹਾਂ ਜਿਵੇਂ ਸੰਸਾਰਕ ਜੀਵਨ ਵੇਲੇ ਆਤਮਿਕ ਸੰਸਾਰ ਨਾਲੋਂ ਟੁੱਟੇ ਹੁੰਦੇ ਹਾਂ। ਹੁਣ ਅਸੀਂ ਆਤਮਿਕ ਸੰਸਾਰ ਵਿਚ ਕੁਝ ਨਹੀਂ ਮੰਗਾਂਗੇ, ਜੋ ਕੁਝ ਉੱਥੇ ਹੈ ਜਾਂ ਜੋ ਕੁਝ ਅਸੀਂ ਉੱਥੇ ਮਹਿਸੂਸ ਕਰਾਂਗੇ। ਜੋ ਵਸਤੂ ਵੇਖੀ ਹੀ ਨਾ ਹੋਵੇ, ਉਹ ਵਸਤੂ ਮੰਗ ਦਾ ਹਿੱਸਾ ਵੀ ਨਹੀਂ ਬਣਦੀ।

**ਆਤਮਿਕ ਸੰਸਾਰ ’ਚ ਸੰਸਾਰਕ ਵਸਤੂਆਂ ਨਹੀਂ ਚੱਲਦੀਆਂ ਤੇ ਨਾ ਹੀ ਉਨ੍ਹਾਂ ਦੀ ਲੋੜ ਹੈ। ਆਤਮਿਕ ਅਵਸਥਾ ’ਚ ਤਾਂ ਰੱਬੀ ਗੁਣਾਂ ਦੀ ਲੋੜ ਹੈ, ਉਹ ਅਸੀਂ ਰੱਬ ਪਾਸੋਂ ਲੈਣੇ ਹਨ।**

ਆਤਮਿਕ ਸੰਸਾਰ ’ਚ ਕੀ ਹੈ? ਜੋ ਵਿਅਕਤੀ ਮਹਿਸੂਸ ਕਰੇਗਾ ਜਾਂ ਜਿਸ ਦੀ ਮੰਗ ਕਰੇਗਾ। ਉੱਥੇ ਪਿਆਰ ਹੀ ਪਿਆਰ ਹੋਵੇਗਾ। ਉੱਥੇ ਸਾਨੂੰ ਹਮਦਰਦੀ, ਦਿਆਲਤਾ ਤੇ ਇਮਾਨਦਾਰੀ ਨਜ਼ਰ ਆਵੇਗੀ। ਸ਼ਾਂਤੀ, ਆਨੰਦ ਤੇ ਆਤਮਿਕ ਖ਼ੁਸ਼ੀ ਦੇ ਭੰਡਾਰ ਨਜ਼ਰ ਆਉਣਗੇ। ਉੱਥੇ ਬੁਰਾਈ ਦਾ ਨਾਮੋ-ਨਿਸ਼ਾਨ ਨਹੀਂ ਹੋਵੇਗਾ। ਫਿਰ ਅਸੀਂ ਉੱਥੇ ਉਹੀ ਕੁਝ ਮੰਗਾਂਗੇ, ਜੋ ਕੁਝ ਮਹਿਸੂਸ ਕਰਾਂਗੇ। ਜਦ ਅਸੀਂ ਠਾਕੁਰ ਕੋਲੋਂ ਉਹ ਕਝ ਮੰਗਾਂਗੇ ਜਿਸ ਨਾਲ ਉਹ ਭਰਪੂਰ ਹੈ ਤਾਂ ਸਾਡੀ ਮੰਗ ਪੂਰੀ ਕਰਨ ’ਚ ਉਸ ਨੂੰ ਕੀ ਰੁਕਾਵਟ ਹੈ। ਉਹ ਤਾਂ ਚਾਹੁੰਦਾ ਹੈ ਕਿ ਉਸ ਦੇ ਪਿਆਰੇ ਆਉਣ ਤੇ ਖ਼ਜ਼ਾਨੇ ਵਿੱਚੋਂ ਲੈ ਜਾਣ। ਲੋੜ ਤਾਂ ਸਾਡੀ ਉੱਥੇ ਜਾਣ ਦੀ ਹੈ ਤੇ ਮੰਗ ਰੱਖਣ ਦੀ ਹੈ। ਉਹ ਤਾਂ ਹਰ ਵਕਤ ਤਿਆਰ ਹੈ। ਉਕਤ ਤੁਕ ਵਿਚ ‘ਸੋਈ ਸੋਈ ਦੇਵੈ’ ਤੋਂ ਭਾਵ ਸੰਸਾਰਕ ਵਸਤੂਆਂ ਬਾਰੇ ਨਹੀਂ ਹੈ। ਵੈਸੇ ਵੀ ਆਤਮਿਕ ਸੰਸਾਰ ’ਚ ਸੰਸਾਰਕ ਵਸਤੂਆਂ ਨਹੀਂ ਚੱਲਦੀਆਂ ਤੇ ਨਾ ਹੀ ਉਨ੍ਹਾਂ ਦੀ ਲੋੜ ਹੈ। ਆਤਮਿਕ ਅਵਸਥਾ ’ਚ ਤਾਂ ਰੱਬੀ ਗੁਣਾਂ ਦੀ ਲੋੜ ਹੈ, ਉਹ ਅਸੀਂ ਰੱਬ ਪਾਸੋਂ ਲੈਣੇ ਹਨ। ਜਿਸ ਨਾਲ ਸਾਡੀਆਂ ਆਤਮਿਕ ਮੰਗਾਂ ਪੂਰੀਆਂ ਹੋ ਜਾਣਗੀਆਂ। ਸੰਸਾਰਕ ਮੰਗਾਂ ਖ਼ਤਮ ਹੋ ਜਾਣਗੀਆਂ। •

94171-91916

# ਗੁਰਦੁਆਰਾ ਗੁਰੂ ਨਾਨਕ ਦਰਬਾਰ ਦੁਬਈ

ਮਲਕੀਤ ਭੱਟੀ

ਯੂਏਈ ਦੇ ਸ਼ਹਿਰ ਦੁਬਈ ਵਿਖੇ 42 ਸਾਲ ਪਹਿਲਾ ਪੁੱਜੇ ਆਂਧਰਾ ਪ੍ਰਦੇਸ਼ ਦੇ ਵਿਜੇਵਾੜਾ ਨਾਲ ਸਬੰਧਤ ਸੁਰਿੰਦਰ ਸਿੰਘ ਕੰਧਾਰੀ ਅੱਜ ਇਥੋਂ ਦੇ ਸਫਲ ਬਿਜ਼ਨਸਮੈਨ ਹਨ। ਕਾਰੋਬਾਰ ਦੇ ਨਾਲ-ਨਾਲ ਉਨ੍ਹਾਂ ਆਪਣੇ ਧਾਰਮਿਕ ਅਕੀਦੇ ਨੂੰ ਵੀ ਵੀ ਇਸ ਧਰਤੀ ’ਤੇ ਮੌਲਣ ਦਾ ਮੌਕਾ ਦਿੱਤਾ ਤੇ ਇਕ ਅਹਿਮ ਸੇਵਾ ਦੁਬਈ ਵਿਖੇ ‘ਗੁਰਦੁਆਰਾ ਗੁਰੂ ਨਾਨਕ ਦਰਬਾਰ’ ਦੀ ਉਸਾਰੀ ਕਰਵਾ ਕੇ ਕੀਤੀ ਹੈ।

### ਵਾਸਤੂ ਸ਼ਿਲਪ ਕਲਾ ਦਾ ਬੇਜੋੜ ਨਮੂਨਾ

ਇਹ ਗੁਰੂ ਘਰ 17 ਜਨਵਰੀ 2012 ਨੂੰ ਸੰਗਤ ਲਈ ਖੋਲ੍ਹ ਦਿੱਤਾ ਗਿਆ ਸੀ। ਇਸ ਗੁਰਦੁਆਰਾ ਸਾਹਿਬ ਦੀ ਖ਼ਾਸੀਅਤ ਇਹ ਹੈ ਕਿ ਇਸ ਦੀ ਵਾਸਤੂ-ਸਿਲਪ ਕਲਾ ਅਜਿਹੀ ਹੈ ਕਿ ਸਵੇਰ ਸਮੇਂ ਸੂਰਜ ਦੀ ਪਹਿਲੀ ਕਿਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ’ਤੇ ਪੈਂਦੀ ਹੈ। ਇਹ ਕੁਦਰਤੀ ਵਰਤਾਰਾ ਬ੍ਰਹਿਮੰਡੀ ਨੂਰ ਦਾ ਗੁਰੂ ਸਾਹਿਬਾਨ, ਭਗਤਾਂ ਅਤੇ ਦੂਸਰੇ ਬਾਣੀਕਾਰਾਂ ਨਾਲ ਮੇਲ ਦਾ ਵੀ ਪ੍ਰਤੀਕ ਹੈ ਅਤੇ ‘ਗੁਰਬਾਣੀ ਇਸ ਜਗ ਮਹਿ ਚਾਨਣ’ ਦੇ ਫਲਸਫ਼ੇ ਨੂੰ ਵੀ ਰੂਪਮਾਨ ਕਰਦਾ ਹੈ। ਇਹ ਗੁਰਦੁਆਰਾ ਸਾਹਿਬ ਸਿੱਖ ਸੰਗਤ ਦੇ ਨਾਲ-ਨਾਲ ਯੂਏਈ ਦੇ ਮੂਲ ਬਾਸ਼ਿੰਦਿਆਂ ਅਤੇ ਦੁਨੀਆ ਦੇ ਦੂਜੇ ਮੁਲਕਾਂ ਤੋਂ ਆ ਕੇ ਯੂਏਈ ਵਿਖੇ ਰਹਿ ਰਹੇ ਲੋਕਾਂ ਨੂੰ ਵੀ ਸਿੱਖ ਫਲਸਫ਼ੇ ਦੀ ਰੋਸ਼ਨੀ ਦੇ ਰਿਹਾ ਹੈ। ਇਹ ਸਰਬ-ਸਾਂਝੀਵਾਲਤਾ ਦੀ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਇਸ ਅਰਬੀ ਖ਼ਿੱਤੇ ਪ੍ਰਚਾਰ ਅਤੇ ਪਸਾਰ ਰਿਹਾ ਹੈ।

### 101 ਦੇਸ਼ਾਂ ਦੇ ਲੋਕਾਂ ਨੇ ਇਕੱਠਿਆਂ ਲੰਗਰ ਛਕਿਆ

‘ਗੁਰਦੁਆਰਾ ਗੁਰੂ ਨਾਨਕ ਦਰਬਾਰ’ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਸੁਰਿੰਦਰ ਸਿੰਘ ਕੰਧਾਰੀ ਨੇ ਦੱਸਿਆ ਕਿ ਇਸ ਗੁਰਦੁਆਰਾ ਸਾਹਿਬ ਨਾਮ ਸਾਲ 2017 ਵਿਚ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡ ਵਿਚ ਉਸ ਸਮੇਂ ਦਰਜ ਕੀਤਾ ਗਿਆ ਸੀ ਜਦੋਂ ਵਿਸਾਖੀ ਦੇ ਪਵਿੱਤਰ ਦਿਹਾੜੇ ’ਤੇ ਇਥੇ 101 ਦੇਸ਼ਾਂ ਦੇ ਵਿਅਕਤੀਆਂ ਨੂੰ ਇਕੱਠਿਆਂ ਲੰਗਰ ਛਕਾਇਆ ਗਿਆ ਸੀ। ਚੇਅਰਮੈਨ ਕੰਧਾਰੀ ਨੇ ਦੱਸਿਆ ਕਿ ਗੁਰਦੁਆਰਾ ਮੈਨੇਜਮੈਂਟ ਕਮੇਟੀ ਵੱਲੋਂ ‘ਬਲਿਹਾਰੀ ਕੁਦਰਤ ਵਸਿਆ’ ਦੇ ਸੁਨੇਹੇ ਪ੍ਰਤੀ ਨਵੀ ਪੀੜ੍ਹੀ ਨੂੰ ਜਾਗਰੂਕ ਕਰਨ ਅਤੇ ਦੁਨੀਆ ਨੂੰ ਵਾਤਾਵਰਨ ਦੀ ਸੰਭਾਲ ਦਾ ਸੁਨੇਹਾ ਦੇਣ ਲਈ 2018 ਦੀ ਵਿਸਾਖੀ ਮੌਕੇ 2083 ਬੱਚਿਆਂ ਨੂੰ ਪੌਦੇ ਵੰਡੇ ਗਏ। ਇਸ ਤੋਂ ਇਲਾਵਾ ਇਸ ਵਰ੍ਹੇ ਈਦ ਦੇ ਤਿਉਹਾਰ ਮੌਕੇ 45 ਹਜ਼ਾਰ ਵਿਅਕਤੀਆਂ ਨੂੰ ਇਕੱਠਿਆਂ ਗੁਰਦੁਆਰਾ ਸਾਹਿਬ ਵਿਚ ਲੰਗਰ ਛਕਾਇਆ ਗਿਆ ਹੈ ਜੋ ਗੁਰੂ ਸਾਹਿਬਾਨ ਦੇ ‘ਸਾਂਝੀਵਾਲਤਾ’ ਦੇ ਸੁਨੇਹੇ ਨੂੰ ਦੁਨੀਆ ਦੇ ਲੋਕਾਂ ਤਕ ਪਹੁੰਚਾਉਣ ਦਾ ਇਕ ਉੱਦਮ ਸੀ।



### ਛੇ ਸਾਲ ਪਹਿਲਾਂ ਮਿਲੀ ਉਸਾਰੀ ਦੀ ਇਜਾਜ਼ਤ

ਚੇਅਰਮੈਨ ਸੁਰਿੰਦਰ ਸਿੰਘ ਕੰਧਾਰੀ ਨੇ ਵਿਸ਼ੇਸ਼ ਗੱਲਬਾਤ ਦੌਰਾਨ ‘ਪੰਜਾਬੀ ਜਾਗਰਣ’ ਨੂੰ ਦੱਸਿਆ ਕਿ 10 ਸਾਲ ਪਹਿਲਾਂ ਸੰਗਤ ਦੇ ਸਹਿਯੋਗ ਨਾਲ ਉਨ੍ਹਾਂ ਨੇ ਦੁਬਈ ਸਰਕਾਰ ਕੋਲ ਇਥੇ ਗੁਰਦੁਆਰਾ ਸਾਹਿਬ ਦੀ ਉਸਾਰੀ ਲਈ ਅਪਲਾਈ ਕੀਤਾ ਸੀ ਅਤੇ ਕਰੀਬ ਚਾਰ ਸਾਲ ਯਤਨਾਂ ਨਾਲ ਇਸ ਵਿਚ ਸਫਲਤਾ ਮਿਲੀ। ਅੱਜ ਤੋਂ ਸਾਢੇ ਛੇ ਸਾਲ ਪਹਿਲਾ ਦੁਬਈ ’ਚ ਰਹਿ ਰਹੇ ਸਿੱਖ ਭਾਈਚਾਰੇ ਨੂੰ ਦੁਬਈ ਸਰਕਾਰ ਵੱਲੋਂ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਨ ਦੀ ਇਜਾਜ਼ਤ ਦੇ ਦਿੱਤੀ ਗਈ। ਉਸਾਰੀ ਦੀ ਇਜਾਜ਼ਤ ਮਿਲਣ ਤੋਂ ਬਾਅਦ ਸੰਗਤ ਦੇ ਉਪਰਾਲੇ ਨਾਲ ਕੁਝ ਮਹੀਨਿਆਂ ਵਿਚ ਹੀ ਗੁਰਦੁਆਰਾ ਸਾਹਿਬ ਦੀ ਇਮਾਰਤ ਖੜ੍ਹੀ ਕਰ ਦਿੱਤੀ ਗਈ ਤੇ ਅੱਜ ਦੁਬਈ ਸਮੇਤ ਦੁਨੀਆ ਦੇ ਵੱਖ-ਵੱਖ ਹਿੱਸਿਆਂ ਤੋਂ ਸੈਲਾਨੀ ਅਤੇ ਗੁਰੂ ਘਰ ਦੇ ਪ੍ਰੇਮੀ ਗੁਰਦੁਆਰਾ ਸਾਹਿਬ ਮੱਥਾ ਟੇਕਣ ਜ਼ਰੂਰ ਆਉਂਦੇ ਹਨ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸਾਹਿਬ ’ਚ ਸੰਗਤ ਦੀ ਵੱਡੀ ਗਿਣਤੀ ’ਚ ਆਮਦ ਨੂੰ ਦੇਖਦੇ ਹੋਏ 35 ਵਿਅਕਤੀਆਂ ਦਾ ਸਟਾਫ ਰੱਖਿਆ ਗਿਆ ਹੈ ਜੋ ਸੰਗਤ ਦੀ ਸੇਵਾ ਲਈ ਹਰ ਸਮੇਂ ਹਾਜ਼ਰ ਰਹਿੰਦਾ ਹੈ।



**25,400 ਵਰਗ ਫੁੱਟ ’ਚ ਹੈ ਇਮਾਰਤ**

ਗੁਰਦੁਆਰਾ ਗੁਰੂ ਨਾਨਕ ਦਰਬਾਰ ਦੀ ਇਮਾਰਤ ਦਾ ਨਕਸ਼ਾ ਜੇਬਲ ਅਲੀ ਵੱਲੋਂ ਬਣਾਇਆ ਗਿਆ ਸੀ। ਗੁਰਦੁਆਰਾ ਸਾਹਿਬ ਦੀ ਆਲੀਸ਼ਾਨ ਇਮਾਰਤ 25 ਹਜ਼ਾਰ 400 ਵਰਗ ਫੁੱਟ ਰਕਬੇ ਵਿਚ ਹੈ ਤੇ। ਗੁਰਦੁਆਰਾ ਸਾਹਿਬ ਦੀ ਬੇਸਮੈਂਟ ਵਿਚ 145 ਗੱਡੀਆਂ ਪਾਰਕ ਕੀਤੇ ਜਾਣ ਦਾ ਪ੍ਰਬੰਧ ਹੈ। ਜ਼ਮੀਨੀ ਤਲ ’ਤੇ ਲੰਗਰ ਹਾਲ, ਰਸੋਈ ਘਰ ਅਤੇ ਸਟੋਰ ਹਨ, ਜੋ 21 ਹਜ਼ਾਰ ਵਰਗ ਫੁੱਟ ’ਚ ਬਣੇ ਹਨ। ਇਥੇ ਹੀ ਸਵਾਗਤੀ ਕਾਊਂਟਰ, ਬਾਥਰੂਮ ਅਤੇ ਜੋੜਾਘਰ ਹਨ। ਗੁਰਦੁਆਰਾ ਸਾਹਿਬ ਦੀ ਪਰਿਕਰਮਾ 54 ਮੀਟਰ ਹੈ।

### ਬਿਜਲੀ ਮੁਫ਼ਤ, ਲੰਗਰ ਦੀ ਰਸਦ ਵੈਟ-ਮੁਕਤ

ਦੁਬਈ ਸਰਕਾਰ ਵੱਲੋਂ ਗੁਰਦੁਆਰਾ ਸਾਹਿਬ ਦੇ ਲੰਗਰ ਲਈ ਖ਼ਰੀਦੀ ਜਾਣ ਵਾਲੀ ਰਸਦ ਨੂੰ ਵੈਟ ਤੋਂ ਮੁਕਤ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਲਈ ਬਿਜਲੀ ਸਪਲਾਈ ਵੀ ਮੁਫ਼ਤ ਹੈ। ਚੇਅਰਮੈਨ ਕੰਧਾਰੀ ਨੇ ਦੱਸਿਆ ਕਿ ਰੋਜ਼ਾਨਾ ਸਵੇਰੇ ਸਾਢੇ ਚਾਰ ਵਜੇ ਤੋਂ ਰਾਤ 10 ਵਜੇ ਤਕ ਸੰਗਤ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਦੀ ਹੈ। ਸੰਗਤ ਨੂੰ ਮੈਟਰੋ ਸਟੇਸ਼ਨ ਤੋਂ ਲਿਆਉਣ ਤੇ ਲਿਜਾਣ ਲਈ ਜਿੱਥੇ ਇਕ ਸਰਕਾਰੀ ਬੱਸ ਚੱਲ ਰਹੀ ਹੈ ਉੱਥੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵੱਲੋਂ ਵੀ ਸੰਗਤ ਦੀ ਸੇਵਾ ’ਚ ਮੁਫ਼ਤ ਬੱਸ ਦੀ ਸਹੂਲਤ ਮੁਹੱਈਆ ਕਰਵਾਈ ਗਈ ਹੈ। ਇਹ ਬੱਸ ਪੂਰਾ ਦਿਨ ਸੰਗਤ ਨੂੰ ਗੁਰਦੁਆਰਾ ਸਾਹਿਬ ਲਿਆਉਣ ਤੇ ਵਾਪਸ ਮੈਟਰੋ ਸਟੇਸ਼ਨ ਛੱਡਣ ਦਾ ਕੰਮ ਕਰਦੀ ਹੈ।

### ਗੁਰਦੁਆਰਾ ਪ੍ਰਬੰਧਕ ਕਮੇਟੀ

ਆਂਧਰਾ ਪ੍ਰਦੇਸ਼ ਦੇ ਵਿਜੇਵਾੜਾ ਨਾਲ ਸਬੰਧਤ ਕਰੀਬ 200 ਸਿੱਖ ਪਰਿਵਾਰ ਦੁਬਈ ਵਿਖੇ ਸਥਾਈ ਤੌਰ ’ਤੇ ਰਹਿ ਰਹੇ ਹਨ। ਕਰੀਬ 42 ਸਾਲ ਪਹਿਲਾ ਚੇਅਰਮੈਨ ਸੁਰਜੀਤ ਸਿੰਘ ਕੰਧਾਰੀ ਪਰਿਵਾਰ ਸਮੇਤ ਦੁਬਈ ਆ ਕੇ ਵਸੇ ਸਨ। ਉਨ੍ਹਾਂ ਦਾ ਇਥੇ ਬੈਟਰੀਆਂ ਅਤੇ ਟਾਇਰਾਂ ਦਾ ਵੱਡਾ ਕਾਰੋਬਾਰ ਹੈ। ਉਨ੍ਹਾਂ ਦੇ ਦੋ ਪੁੱਤਰ ਤੇ ਚਾਰ ਪੋਤਰੇ ਵੀ ਉਨ੍ਹਾਂ ਨਾਲ ਦੁਬਈ ਵਿਖੇ ਰਹਿ ਰਹੇ ਹਨ। ਗੁਰਦੁਆਰਾ ਸਾਹਿਬ ਦੀ ਮੈਨੇਜਮੈਂਟ ਕਮੇਟੀ ਵਿਚ ਬੀਬੀ ਗੁਰਿੰਦਰ ਕੌਰ ਕੰਧਾਰੀ ਚੇਅਰਪਰਸਨ ਹਨ ਤੇ ਜਨਰਲ ਮੈਨੇਜਰ ਸੁਰਿੰਦਰਪਾਲ ਸਿੰਘ ਹਨ। •

+9715-5786-2627

## ਗ਼ਜ਼ਲਾਂ



**ਡਾ. ਭੁਪਿੰਦਰ ਫੇਰੂਮਾਨ**
95309-58070

ਤਾਂਘ ਬੜੀ ਸੋਹਣਾ ਮਿਲ ਜਾਵੇ, ਪਰ ਥੋੜ੍ਹੀ ਅਜੇ ਰੁਕਾਵਟ ਹੈ।
ਅਜੇ ਨਹੀਂ ਮੈਂ ਪਾਕ ਪਵਿੱਤਰ, ਦਿਲ ਵਿਚ ਖੋਟ ਮਿਲਾਵਟ ਹੈ।

ਕਦੇ-ਕਦਾਈਂ ਕਿਸੇ ਨੂੰ, ਖ਼ੁਦ ਤੋਂ ਖ਼ੁਦਾ ਬਣਾਵੇ ਉਹ,
ਉਂਜ ਕਿਰਦਾਰ ਮਨੁੱਖ ਦਾ ਕੀ ਹੈ, ਉਸ ਵਿਚ ਸਦਾ ਗਿਰਾਵਟ ਹੈ।

ਅਰਥੀ ਨੂੰ ਮੈਂ ਅਰਥ ਕੀ ਦੇਵਾਂ, ਲੱਗਦੈ ਬੁੱਢਾ ਬਿਰਖ ਜਾ ਰਿਹਾ,
ਢੋਲ-ਢਮਕਾ ਆਤਿਸ਼ਬਾਜ਼ੀ, ਮੜ੍ਹੀਆਂ ਵੱਲ ਸਜਾਵਟ ਹੈ।

ਆਲ੍ਹਣਿਆਂ ਨੂੰ ਹੜ੍ਹ ਲੈ ਡੁੱਬਾ, ਭਿੱਜੇ ਪੰਛੀ ਬੇਘਰ ਨੇ,
ਦੂਰਦਰਸ਼ਨ ਖ਼ਬਰ ਦਿਖਾਵੇ, ਸੋਕਾ ਹੈ ਜਲ-ਸੰਕਟ ਹੈ।

ਹਾਥੀ ਚੜ੍ਹਿਆ, ਪੰਜਾ ਫੜਿਆ, ਹੁਣ ਝਾੜੂ ਨੂੰ ਚਿੰਬੜਿਆ,
ਇਸ ਨੇਤਾ ਨੇ ਦੇਸ਼ ਚਲਾਉਣਾ, ਜਿਸ ਦੇ ਅੰਦਰ ਗਿਰਗਟ ਹੈ।

ਸਿਵੇ ਕਬਰ ਨੂੰ ਨਾਂਹ ਨਹੀਂ ਹੈ, ਅਸਲੀ ਘਰ ਹੈ ਜਾਣਾ,
ਦਿਲ ਧੜਕਦਾ ਸਾਹ ਚਲਦੇ ਨੇ, ਬਾਸ ਏਨਾ ਹੀ ਝੰਝਟ ਹੈ।

ਅਸੀਂ ਇਬਾਦਤ ਇੰਨੀ ਕੀਤੀ, ਉਹ ਮਜਬੂਰਨ ਦਿਲ ਵਿਚ ਆਇਆ,
'ਫੇਰੂਮਾਨ' ਬਾਹਰ ਨਾ ਭਾਲੇ, ਅੰਦਰ ਝਾਕੇ ਪਰਗਟ ਹੈ।

---

ਵੇਖੀਂ ਹੁਣ ਨਾ ਲਾਰਾ ਲਾਵੀਂ।
ਸਾਵਣ ਆਇਆ ਆ ਵੀ ਜਾਵੀਂ।

ਬਾਹੀਂ ਚੂੜਾ ਹੱਥੀਂ ਮਹਿੰਦੀ,
ਆ ਕੇ ਖ਼ੁਸ਼ੀਆਂ ਝੋਲੀ ਪਾਵੀਂ।

ਤਰਸ ਗਏ ਨੇ ਦੀਦੇ ਮੇਰੇ,
ਛੇਤੀ-ਛੇਤੀ ਦਰਸ ਵਿਖਾਵੀਂ।

ਬਾਗ਼ਾਂ ਦੇ ਵਿਚ ਕੋਇਲਾਂ ਬੋਲਣ,
ਵਸਲਾਂ ਵਾਲਾ ਨਗ਼ਮਾਂ ਗਾਵੀਂ।

ਹਾਣ ਦੀਆਂ ਦੇ ਕੰਤ ਨੇ ਆਉਣੇ,
'ਕੱਲੀ ਨੂੰ ਨਾ ਹੌਲ਼ੀ ਪਾਵੀਂ।

ਮੋਹ ਦੀ ਸਰਗਮ ਛਿੜਨਾ ਚਾਹਵੇ,
ਆਵੀਂ ਤੇ ਫਿਰ ਤਾਰ ਹਿਲਾਵੀਂ।

ਸੋਹਣੇ ਦੇ ਨਾਲ ਸਾਵਣ ਸੋਂਹਦਾ,
ਪਾਰਸ ਸਾਵਣ ਯਾਦ ਬਣਾਵੀਂ

• **ਪ੍ਰਤਾਪ ਪਾਰਸ ਗੁਰਦਾਸਪੁਰੀ**
99888-11681

---

ਹਰ ਗਲੀ ਹਰ ਜਗ੍ਹਾ ਹੈ ਨਜ਼ਰ ਆ ਰਿਹਾ।
ਕੌਣ ਹੈ ਸ਼ਖ਼ਸ ਜੋ ਜ਼ਿਹਨ 'ਤੇ ਛਾ ਰਿਹਾ।

ਮਸਤ ਸੀ ਆਪਣੇ ਆਲ੍ਹਣੇ ਵਿਚ ਮੈਂ,
ਭੈਅ ਕਿਉਂ ਆਲ੍ਹਣੇ, ਉਹ ਮੇਰੇ ਪਾ ਰਿਹਾ।

ਆਮ ਨਹੀਂ ਖ਼ਾਸ ਉਹ ਦਿਲ ਮੇਰਾ ਆਖਦਾ,
ਦਿਲ ਵਿੱਚੋਂ ਤਾਂ ਹੀ ਤਾਂ ਉਹ ਨਹੀਂ ਜਾ ਰਿਹਾ।

ਦੇਖਦਾ ਫੁੱਲ ਖਿੜੇ ਆਪਣੇ ਬਾਗ਼ ਦੇ,
ਮਾਤ ਹਰ ਫੁੱਲ ਨੂੰ ਸ਼ਖ਼ਸ ਉਹ ਪਾ ਰਿਹਾ।

ਜਾਦੂਗਰ ਹੈ ਕੋਈ, ਸੱਪ ਹੈ ਉੱਡਣਾ,
ਡੰਗਦਾ ਜਿੰਦ ਨੂੰ ਫਿਰ ਵੀ ਹੈ ਭਾਅ ਰਿਹਾ।

ਕਾਮਨਾ ਬਸ ਇਹੋ ਉਹ ਰਹੇ ਹੱਸਦਾ,
'ਅਮਨ' ਤਾਂ ਛੱਡ ਕੇ ਇਹ ਜਹਾਂ ਜਾ ਰਿਹਾ।

• **ਅਮਨ ਦਾਤੇਵਾਸੀਆ**, 94636-09540

---



## ਰਾਖਾ

ਮਿੰਨੀ ਕਹਾਣੀ

ਕੁਝ ਮਹੀਨੇ ਪਹਿਲਾਂ ਰੱਖੀ ਝਾੜੂ-ਪੋਚਾ ਕਰਨ ਵਾਲੀ ਕੁੜੀ ਦੀ ਮਾਂ ਮਹੀਨੇ ਦੇ ਪੈਸੇ ਲੈਣ ਸਾਡੇ ਘਰ ਆਈ ਅਤੇ ਆਪਣੀ ਕੁੜੀ ਵੱਲੋਂ ਕੀਤੇ ਸਫ਼ਾਈ ਦੇ ਕੰਮ ਬਾਰੇ ਸਾਡੇ ਵਿਚਾਰ ਪੁੱਛਣ ਲੱਗੀ। ਮੇਰੀ ਪਤਨੀ ਦਾ ਉੱਤਰ ਸੀ "ਉਹ ਆਪਣੀ ਉਮਰ ਮੁਤਾਬਿਕ ਜਿੰਨੇ ਜੋਗੀ ਹੈ, ਵਧੀਆ ਕਰੀ ਜਾਂਦੀ ਹੈ। ਕਿੰਨਾ ਚੰਗਾ ਹੋਵੇ ਜੇ ਇਸ ਦੀ ਥਾਂ ਸਾਡੇ ਘਰ ਦਾ ਕੰਮ ਤੂੰ ਕਰਦਿਆ ਕਰੇ ਅਤੇ ਇਸ ਨੂੰ ਸਕੂਲ ਭੇਜਿਆ ਕਰ।" ਇਹ ਸੁਣ ਕੁੜੀ ਦੀ ਮਾਂ ਬੋਲੀ "ਬੀਬੀ ਜੀ ਇਕੱਲੇ ਸਫ਼ਾਈ ਦੇ ਪੈਸਿਆਂ ਨਾਲ ਮਹੀਨਾ ਕਿੱਥੇ ਲੰਘਦਾ ਹੈ। ਮੈਂ ਤਾਂ ਕਲੋਨੀਆਂ ਵਿਚ ਮਿਸਤਰੀ ਨਾਲ ਦਿਹਾੜੀ ਕਰਦੀ ਹਾਂ। ਇਨ੍ਹਾਂ ਨੇ ਪੜ੍ਹਕੇ ਕਿਹੜਾ ਅਫਸਰ ਬਨਣਾ ਹੈ। ਸਹੁਰੀਂ ਜਾ ਕੇ ਵੀ ਇਹੋ ਕੰਮ ਕਰਨੇ ਨੇ ਇਨ੍ਹਾਂ ਨੇ।" ਮੈਂ ਉਸ ਤੋਂ ਉਸ ਦੇ ਪਤੀ ਬਾਰੇ ਪੁੱਛਿਆ ਤਾਂ ਪਤਾ ਲੱਗਾ ਕਿ ਉਹ ਬਿਮਾਰੀ ਦਾ ਬਹਾਨਾ ਲਾ ਕੇ ਘਰੇ ਬੈਠਾ ਇਨ੍ਹਾਂ ਦੀ ਕਮਾਈ ਦੇ ਸਿਰ 'ਤੇ ਨਸ਼ਾ ਕਰ ਛੱਡਦਾ ਹੈ। ਜਦੋਂ ਨਸ਼ੇ ਲਈ ਇਨ੍ਹਾਂ ਤੋਂ ਪੈਸੇ ਨਹੀਂ ਮਿਲਦੇ ਤਾਂ ਇਨ੍ਹਾਂ ਨੂੰ ਇੱਥੇ ਇਕੱਲਿਆਂ ਛੱਡ ਕੇ ਵਾਪਸ ਬਿਹਾਰ ਜਾਣ ਬਾਰੇ ਕਹਿਣ ਲੱਗ ਜਾਂਦਾ ਹੈ। ਜਦੋਂ ਮੈਂ ਕਿਹਾ ਕਿ "ਜੇ ਜਾਂਦਾ ਹੈ ਤਾਂ ਜਾਣ ਦੇ, ਕਿੰਨਾ ਚਿਰ ਵਿਹਲੜ ਦੇ ਨਸ਼ੇ ਦਾ ਖ਼ਰਚਾ ਸਹਾਰੀ ਜਾਏਂਗੀ।" ਤਾਂ ਉਹ ਸਾਨੂੰ ਸਮਝਾਉਂਦੀ ਹੋਈ ਕਹਿਣ ਲੱਗੀ, "ਦੇਖੋ ਜੀ, ਜੈਸਾ ਵੀ ਹੈ ਉਹ ਸਾਡੇ ਘਰ ਦਾ ਮਾਲਿਕ ਹੈ। ਮੈਂ ਸਵੇਰ ਦੀ ਗਈ ਸ਼ਾਮ ਨੂੰ ਘਰ ਵਾਪਸ ਆਉਂਦੀ ਹਾਂ। ਮੇਰੇ ਘਰ ਵਾਲਾ ਤਾਂ ਘਰ ਦਾ ਅਤੇ ਸਾਡੇ ਦੋਹਾਂ ਦਾ ਰਾਖਾ ਹੈ ਜਿਸ ਕਰਕੇ ਮੈਂ ਅਤੇ ਮੇਰੀ ਕੁੜੀ ਬੇਫ਼ਿਕਰ ਹਾਂ।"

• **ਹਰਜੀਤ ਸਿੰਘ ਸਿੱਧੂ**, 99155-41219

---

*ਪਿਆਰ ਦਾ ਸਰੋਕਾਰ ਜਗਤਾਰ ਦੀ ਗ਼ਜ਼ਲਕਾਰੀ ਦਾ ਮੁੱਖ ਥੀਮ ਹੈ। ਉਸ ਦੇ ਪਿਆਰ ਦਾ ਇਕ ਸਿਰਾ ਸਮਾਜਿਕ ਵਰਜਣਾਵਾਂ ਵਿਚ ਘਿਰੀ ਹੋਂਦ ਨਾਲ ਜੁੜਿਆ ਹੈ ਤਾਂ ਦੂਸਰਾ ਇਨ੍ਹਾਂ ਨੂੰ ਉਲੰਘਣ ਵਾਲੀ ਨਾਲ...*

# ਪੰਜਾਬੀ ਗ਼ਜ਼ਲ ਦਾ ਸ਼ਾਹ-ਅਸਵਾਰ

## ਡਾ. ਜਗਤਾਰ



**ਜਗਵਿੰਦਰ ਜੋਧਾ**
94654-64502

ਜਗਤਾਰ ਪੰਜਾਬੀ ਗ਼ਜ਼ਲ ਸਿਰਜਣਾ ਵਿਚ ਸਿਰਫ਼ ਇਕ ਨਾਂ ਨਹੀਂ ਸਗੋਂ ਐਸਾ ਦੌਰ ਜੋ ਪੰਜਾਬੀ ਭਾਸ਼ਾ ਵਿਚ ਲਿਖੀ ਜਾ ਰਹੀ ਗ਼ਜ਼ਲ ਉੱਪਰ ਬੜੇ ਗੂੜ੍ਹੇ ਤੇ ਸਥਾਈ ਪ੍ਰਭਾਵ ਅੰਕਿਤ ਕਰਦਾ ਹੈ। ਉਸ ਦੀ ਗ਼ਜ਼ਲਕਾਰੀ ਦਾ ਸਫ਼ਰ ਕਰੀਬ ਸਾਢੇ ਚਾਰ ਦਹਾਕਿਆਂ ਤਕ ਜਾਰੀ ਰਿਹਾ ਤੇ ਇਤਿਹਾਸ ਦੇ ਇਸ ਕਾਲ ਖੰਡ ਵਿਚ ਆਈਆਂ ਤਬਦੀਲੀਆਂ ਦੇ ਨਕਸ਼ ਵੀ ਉਸ ਦੀ ਗ਼ਜ਼ਲ ਰਚਨਾ ਵਿੱਚੋਂ ਬੜੇ ਸਪੱਸ਼ਟ ਪਛਾਣੇ ਜਾ ਸਕਦੇ ਹਨ। ਜਗਤਾਰ ਦੀ ਗ਼ਜ਼ਲਕਾਰੀ ਭਾਵੇਂ ਕਿਤਾਬੀ ਰੂਪ ਵਿਚ ਸ਼ੀਸ਼ੇ ਦਾ ਜੰਗਲ ਨਾਲ ਪਾਠਕਾਂ ਸਾਹਮਣੇ ਆਈ ਤੇ ਮੋਮ ਦੇ ਲੋਕ ਤਕ ਬਦਸਤੂਰ ਜਾਰੀ ਰਹੀ। ਪਰ ਇਹ ਦੋਵੇਂ ਪੁਸਤਕਾਂ ਉਸ ਦੀ ਗ਼ਜ਼ਲ ਰਚਨਾ ਦੇ ਆਦਿ ਤੇ ਅੰਤ ਬਿੰਦੂ ਨਹੀਂ। 'ਸ਼ੀਸ਼ੇ ਦਾ ਜੰਗਲ' ਵਿਚ ਉਸ ਨੇ ਲਗਪਗ ਡੇਢ ਦਹਾਕੇ ਦੌਰਾਨ ਲਿਖੀਆਂ ਗ਼ਜ਼ਲਾਂ ਨੂੰ ਸ਼ਾਮਲ ਕੀਤਾ ਸੀ। 'ਮੋਮ ਦੇ ਲੋਕ' ਤੋਂ ਬਾਅਦ ਵੀ ਜਗਤਾਰ ਨੇ ਬਹੁਤ ਸਾਰੀਆਂ ਗ਼ਜ਼ਲਾਂ ਲਿਖੀਆਂ ਜੋ ਅਜੇ ਕਿਤੇ ਪ੍ਰਕਾਸ਼ਤ ਹੋਣ ਦੀ ਉਡੀਕ ਵਿਚ ਹਨ। ਸੋ ਜਗਤਾਰ ਦੀ ਗ਼ਜ਼ਲ ਚੇਤਨਾ ਉਸ ਦੀ ਹੋਂਦ ਦੇ ਇਰਦ ਗਿਰਦ ਛਾਈ ਹੋਈ ਅਜਿਹੀ ਪ੍ਰਕਿਰਿਆ ਹੈ, ਜਿਸ ਵਿੱਚੋਂ ਸਮਕਾਲ ਪ੍ਰਤੀ ਉਸ ਦਾ ਹੁੰਗਾਰਾ ਇਸ ਵਿਧਾ ਦੇ ਮਾਧਿਅਮ ਰਾਹੀਂ ਪਛਾਣਿਆ ਜਾ ਸਕਦਾ ਹੈ।

ਇਸ ਤੋਂ ਪਹਿਲਾਂ ਉਹ ਗੀਤ ਅਤੇ ਕਵਿਤਾ ਦੀਆਂ ਵਿਧਾਵਾਂ ਰਾਹੀਂ ਆਪਣੀ ਹਾਜ਼ਰੀ ਦਰਜ ਕਰਾ ਚੁੱਕਾ ਹੁੰਦਾ ਹੈ ਪਰ ਗ਼ਜ਼ਲ ਸਿਰਜਣਾ ਸਮੇਂ ਉਹ ਵਧੇਰੇ ਸੁਚੇਤ ਤੇ ਨਿਰਲੇਪ ਹੋ ਕੇ ਆਪਣੇ ਕਾਰਜ ਵਿਚ ਜੁੱਟ ਜਾਂਦਾ ਹੈ।

*ਗ਼ਿਲਾ ਹੈ ਜਿਸ ਨੂੰ ਗ਼ਿਲਾ ਰਹੇ,*
*ਕਿ ਮੈਂ ਖ਼ੁਸ਼ਕ ਰੁੱਖੇ ਕਿਆਸ ਲਿਖਦਾਂ।*
*ਖ਼ਿਜ਼ਾਂ ਦੇ ਮੱਥੇ ਬਹਾਰ ਲਿਖਦਾਂ,*
*ਉਦਾਸ ਚਿਹਰੇ 'ਤੇ ਆਸ ਲਿਖਦਾਂ।*
*ਹੈ ਫ਼ਖ਼ਰ ਮੈਨੂੰ ਕਿ ਮੇਰੀ ਹਰ ਇਕ*
*ਗ਼ਜ਼ਲ ਹੈ ਭੁੱਖੀ ਤੇ ਗੀਤ ਨੰਗਾ,*
*ਨਾ ਖ਼ੁਸ਼ਕ ਜ਼ੁਲਫ਼ਾਂ ਨੂੰ ਸ਼ਾਮ ਲਿਖਦਾਂ,*
*ਨਾ ਚਾਨਣੀ ਨੂੰ ਲਿਬਾਸ ਲਿਖਦਾਂ।*
*ਮੈਂ ਜ਼ਿੰਦਗੀ ਭਰ ਨਾ ਤਾਜਦਾਰਾਂ ਲਈ*
*ਹੈ ਲਿਖਿਆ, ਨਾ ਲਿਖ ਸਕਾਂਗਾ,*
*ਮੈਂ ਹਰ ਘਰੌਂਦੇ ਦੀ ਭੁੱਖ ਲਿਖਦਾਂ,*
*ਮੈਂ ਖ਼ੁਸ਼ਕ ਖੇਤਾਂ ਦੀ ਪਿਆਸ ਲਿਖਦਾਂ।*

ਜਗਤਾਰ ਆਪਣੀ ਗ਼ਜ਼ਲ ਰਚਨਾ ਵਿਚ ਮਕਾਨਕੀਅਤਾ ਦੇ ਵਿਰੋਧ ਦਾ ਜੋ ਪੈਂਤੜਾ ਸੱਠਵਿਆਂ ਦੇ ਅੱਧ ਵਿਚ ਲੈਂਦਾ ਹੈ ਆਖ਼ਰ ਤਕ ਉਸ 'ਤੇ ਡਟਿਆ ਰਹਿੰਦਾ ਹੈ। ਵੰਡ ਤੋਂ ਪਿਛੋਂ ਪੰਜਾਬ ਵਿਚ ਉਰਦੂ ਭਾਸ਼ਾ ਲਈ ਪੈਦਾ ਹੋਈ ਗ਼ਫ਼ਲਤ ਦੀ ਸਥਿਤੀ ਵਿਚ ਗ਼ਜ਼ਲ ਦੇ ਉਸਤਾਦ ਪਾਠਕ ਵਰਗ ਤਕ ਉਹੀ ਸ਼ਾਇਰੀ ਪ੍ਰਸਾਰਦੇ ਹਨ ਜਿਹੜੀ ਮੁੱਖ ਤੌਰ 'ਤੇ ਉਰਦੂ ਦੀ ਸਿਖਲਾਈ ਦੇਣ ਵਾਲੇ ਮਦਰੱਸਿਆ ਦੀ ਕਸੀਦਾਕਾਰੀ ਵਿਚੋਂ ਪੈਦਾ ਹੋਈ ਸੀ। ਇਸ ਗ਼ਜ਼ਲਗੋਈ ਦੀ ਮੂਲ ਸੁਰ ਦਰਬਾਰੀ ਅਦਬ ਦੇ ਪ੍ਰਚਾਰ ਵਾਲੀ ਤੇ ਨਵਾਬਸ਼ਾਹੀ ਦੀ ਹਿਤੈਸ਼ੀ ਸੀ। ਅਰੂਜ਼ ਤੇ ਗ਼ਜ਼ਲੀਆ ਮਿਜ਼ਾਜ ਨੂੰ ਇਕ ਬੰਦ ਪ੍ਰਬੰਧ ਵਾਂਗ ਪੇਸ਼ ਕਰਨਾ, ਕਾਫ਼ੀਆ ਪੈਮਾਈ ਤੇ ਜ਼ੋਰ, ਵਿਸ਼ਿਆਂ ਦਾ ਨਿਰਧਾਰਣ ਤੇ ਸਰੋਤਾਮੁਖਤਾ ਇਸ ਸ਼ੈਲੀ ਦੀ ਸ਼ਾਇਰੀ ਦੇ ਉਭਰਵੇਂ ਗੁਰੂ ਸਨ। ਮੀਰ, ਗਾਲਿਬ, ਜ਼ੌਕ, ਇਕਬਾਲ ਤੇ ਫੈਜ਼ ਦੀ ਸ਼ਾਇਰੀ ਇਨ੍ਹਾਂ ਉਸਤਾਦਾਂ ਲਈ ਗੁੰਝਲਦਾਰ ਸੀ। ਪੰਜਾਬੀ ਉਸਤਾਦਾਂ ਨੇ ਵੀ ਗ਼ਜ਼ਲ ਦੇ ਗੁਣਾਂ ਦੀ ਗੱਲ ਕਰਦਿਆਂ ਸੰਚਾਰ ਦੀ ਸੌਖ ਤੇ ਅਭਿਧਾਮੂਲਕ ਅਰਥ ਪ੍ਰਬੰਧ ਨੂੰ ਗ਼ਜ਼ਲ ਦੇ ਮੀਰੀ ਗੁਣ ਕਿਹਾ। ਜਗਤਾਰ ਨੇ ਇਸ ਸਾਡੀ ਰਾਹ ਤੋਂ ਅੱਡ ਹੋ ਕੇ ਤੁਰਦਿਆਂ ਰੂਪ ਦੇ ਢਾਂਚੇ ਵਿਚ ਅਤੀਤ ਤੇ ਕਲਬੂਤ ਨੂੰ ਫਿੱਟ ਕਰਨ ਦੀ ਇਸ ਤਕਨੀਕ ਨੂੰ ਰੱਦ ਕੀਤਾ। ਉਸ ਨੇ ਸਮਕਾਲੀ ਯੁੱਗ ਚੇਤਨਾ ਪ੍ਰਤਿ ਚਿੰਤਨੀ ਨੀਝ ਨਾਲ ਵੇਖਦਿਆਂ ਗ਼ਜ਼ਲ ਦੇ ਮਿਜ਼ਾਜ ਨਾਲ ਸੰਵਾਦ ਰਚਾਇਆ। ਜਗਤਾਰ ਕੋਲ ਪ੍ਰਗਤੀਵਾਦੀ ਦੌਰ ਦੀ ਗ਼ਜ਼ਲ ਦੀ ਨਾਅਰਾਮੁਖੀ ਰਚਨਾ ਵੀ ਹੈ, ਸਕੂਲਾਂ ਵਾਲੀ ਮਕਾਨਗੀ ਗ਼ਜ਼ਲ ਵੀ। ਨਜ਼ਮ ਦੀਆਂ ਕੁਝ ਕਿਤਾਬਾਂ ਉਹ ਪਹਿਲਾਂ ਹੀ ਪੰਜਾਬੀ ਸਾਹਿਤ ਨੂੰ ਦੇ ਚੁੱਕਾ ਹੈ। ਸੋ ਉਹ ਆਪਣਾ ਪੂਰਾ ਫੋਕਸ ਗ਼ਜ਼ਲ ਰਚਨ ਦੇ ਉਨ੍ਹਾਂ ਤੱਤਾਂ 'ਤੇ ਕਰਦਾ ਹੈ। ਜਿਹੜੇ ਉਸ ਨੇ ਰੱਦ ਕਰਨੇ ਹਨ ਤੇ ਵਿਸ਼ਿਆਂ ਪੱਖੋਂ ਨਵੀਂ ਧਰਾਤਲ ਦੀ ਤਲਾਸ਼ ਕਰਦਾ ਹੈ। ਉਹ ਗ਼ਜ਼ਲ ਦੀ ਭਾਸ਼ਾ ਤੇ ਪੰਜਾਬ ਲਈ ਇਕਦਮ ਉਪਰੇ ਬਿੰਬ, ਪ੍ਰਤੀਕ ਤੇ ਮੈਟਾਫਰ ਤਿਆਗ ਕੇ ਸਮਕਾਲ ਵਿੱਚੋਂ ਆਪਣੀ ਭਾਸ਼ਾ ਘੜਦਾ ਹੈ। ਜਗਤਾਰ ਨਾਲ ਹੀ ਪੰਜਾਬੀ ਵਿਚ ਸਾਕੀ, ਪੈਮਾਨਾ, ਮੈਖਾਨਾ, ਰਿੰਦ, ਗੁਲ, ਬੁਲਬੁਲ ਜਿਹੇ ਬਿੰਬਾਂ ਦਾ ਤਬਾਦਲਾ ਦਰਿਆ, ਦੀਵਾ, ਖੰਡਰ, ਟਟਹਿਣਾ, ਸਫ਼ਰ, ਨਦੀ ਜਿਹੇ ਵਧੇਰੇ ਗਤੀਸ਼ੀਲ ਤੇ ਦੇਸੀ ਬਿੰਬਾਂ ਨਾਲ ਹੁੰਦਾ ਹੈ। ਗ਼ਜ਼ਲੀਆ ਜ਼ੁਬਾਨ ਵਿਚ ਲਤਾਫ਼ਤ ਸਰਕਲ ਬਿਆਨੀ ਤੇ ਸੰਚਾਰ ਸੌਖ ਨੂੰ ਕਿਹਾ ਜਾਂਦਾ ਹੈ ਪਰ ਜਗਤਾਰ ਲਤੀਫ਼ ਦੀ ਨਵੀਂ ਪਰਿਭਾਸ਼ਾ ਆਪਣੀ ਸ਼ਾਇਰੀ ਰਾਹੀਂ ਪੇਸ਼ ਕਰਦਾ ਹੈ। ਉਹ ਚਿੱਥ ਦੇ ਚੁੱਟੇ ਵਿਸ਼ਿਆਂ ਬਾਸੀ ਸ਼ਬਦਾਵਲੀ ਤੇ ਅਰਥ ਪ੍ਰਬੰਧ ਦੀ ਇਕਹਿਰੀ ਦਿਸ਼ਾ ਨੂੰ ਤੋੜ ਕੇ ਪਾਠਕਮੁਖੀ ਗ਼ਜ਼ਲਕਾਰੀ ਸਾਹਮਣੇ ਲਿਆਉਂਦਾ ਹੈ। ਜਗਤਾਰ ਦੀ ਗ਼ਜ਼ਲ ਸਾਢੇ ਚਾਰ ਦਹਾਕਿਆਂ ਦੇ ਇਤਿਹਾਸ ਵਿੱਚੋਂ ਕਸ਼ੀਦੀ ਹੋਈ ਚੇਤਨਾ ਦਾ ਪਰਤੌਅ ਹੈ। ਉਹ ਗ਼ਜ਼ਲ ਨੂੰ ਪੰਜਾਬੀ ਸੂਬਾ ਵਿਚ ਵਸੀ ਪ੍ਰਗਤੀਕਤਾ ਨਾਲ ਇਕਸੁਰ ਕਰਦਾ ਹੈ। ਫ਼ਾਰਸੀ, ਅਰਬੀ 'ਚੋਂ ਆਈਆਂ ਬਹਿਸ ਇਸ ਤਰ੍ਹਾਂ ਪੰਜਾਬੀ ਸਾਰ ਤੇ ਸਭਾ ਨਾਲ ਵਧੇਰੇ ਰਚੀਆਂ ਵਸੀਆਂ ਲਗਦੀਆਂ ਹਨ। ਉਰਦੂ ਵਿੱਚੋਂ ਆਈ ਗ਼ਜ਼ਲਕਾਰੀ ਕਈ ਗਾਇਨ ਸ਼ੈਲੀਆਂ ਦੀ ਵੀ ਅਨੁਸਾਰੀ ਸੀ, ਇਸ ਲਈ ਉਸ ਵਿਚ ਹਰ ਸ਼ਿਅਰ ਕੋਲੋਂ ਵੱਖਰੇ ਮਿਜ਼ਾਜ ਤੇ ਵੱਖਰੇ ਵਿਸ਼ੇ ਦੀ ਮੰਗ ਕੀਤੀ ਜਾਂਦੀ ਸੀ। ਇਸ ਵਿਧੀ ਦਾ ਉਦੇਸ਼ ਸ਼ਬਦ ਨਾਲੋਂ ਵੱਧ ਗਾਇਨ ਕਲਾ ਨੂੰ ਪ੍ਰਮੁੱਖਤਾ ਦੇਣਾ ਸੀ ਤਾਂ ਜੋ ਗ਼ਜ਼ਲਕਾਰੀ ਦਰਬਾਰੀ ਹਿੱਤਾਂ ਦੀ ਅਨੁਕੂਲ ਰਹੇ। ਪੰਜਾਬੀ ਦੀ ਸਕੂਲੀ ਗ਼ਜ਼ਲ ਭਾਵੇਂ ਕਿਸੇ ਗਾਇਨਸ਼ੈਲੀ ਨੂੰ ਉਭਾਰਨ ਵਿਚ ਕਾਮਯਾਬ ਨਹੀਂ ਹੋਈ ਪਰ ਇਸ ਰਵਾਇਤ ਦੀ ਅੰਨ੍ਹੇਵਾਹ ਪੈਰਵੀ ਕਰਦੀ ਰਹੀ। ਇਸ ਦੇ ਮੁਕਾਬਲੇ ਜਗਤਾਰ ਦੀ ਗ਼ਜ਼ਲ ਉਸ ਧਾਰਾ ਦੇ ਵਧੇਰੇ ਨੇੜੇ ਹੈ ਜਿਹੜੀ ਸ਼ਿਅਰਾਂ ਨੂੰ ਰਚਨਾ ਦੇ ਵਿਭਿੰਨ ਯੂਨਿਟ ਮੰਨਦਿਆਂ ਵੀ ਖ਼ਿਆਲ ਦੀ ਮੁਸੱਲਸਲਤਾ 'ਤੇ ਜ਼ੋਰ ਦਿੰਦੀ ਹੈ। ਇਸ ਨਾਲ ਗ਼ਜ਼ਲ ਦੀ ਰੂਪਕਤਾ ਸ਼ਾਇਰ ਦੀ ਵਿਚਾਰਧਾਰਾ ਦਾ ਸਿੱਧਾ ਮਾਧਿਅਮ ਬਣਦੀ ਹੈ। ਇਸੇ ਲਈ ਜਗਤਾਰ ਦੇ ਸ਼ਿਅਰਾਂ ਵਿਚ ਵਿਸ਼ੇਸ਼ ਮੂਡ ਦੀ ਥਾਂ ਦਸ਼ਾ ਹੁੰਦੀ ਹੈ ਤੇ ਅਰਥਾਂ ਦੇ ਨਿਸ਼ਚਿਤ ਤੇ ਭਕੀਰੀ ਪ੍ਰਸਾਰ ਦੀ ਥਾਂ ਚਿੰਤਨੀ ਠਹਿਰਾਉ ਹੈ।

*ਰਾਤ ਦੀ ਬਸ ਰਾਤ*
*ਮੇਲਾ ਜੁਗਨੂੰਆਂ ਦਾ ਦੇਖਿਆ,*
*ਫੇਰ ਜੀਵਨ ਭਰ ਲਈ*
*ਕਾਲਖ ਮੁਕੱਦਰ ਹੋ ਗਏ।*
*ਜਦੋਂ ਆਇਆ ਉੱਡਣ ਦਾ ਵਕਤ*
*ਤਾਂ ਖ਼ੁਦ ਬੇਪਰਾ ਸਾਂ,*
*ਕੀ ਕਰ ਬੈਠਾ ਮੈਂ ਲੱਕੜ ਦੀ*
*ਚਿੜੀ ਨੂੰ ਖੰਭ ਲਾ ਕੇ।*

ਜਗਤਾਰ ਆਪਣੀ ਗ਼ਜ਼ਲ ਨਵੀਂ ਭਾਸ਼ਾ ਦੀ ਸਿਰਜਣਾ ਲਈ ਤਤਕਾਲੀ ਭਾਰੂ ਰਚਨਾਕਾਰੀ ਵਾਂਗ ਉਰਦੂ ਫ਼ਾਰਸੀ ਵੱਲ ਨਹੀਂ ਵੇਖਦਾ ਸਗੋਂ ਉਸ ਦੀ ਭਾਸ਼ਾ ਅਣਵੰਡੇ ਪੰਜਾਬ ਦੇ ਸਭਿਆਚਾਰਕ ਤੇ ਭਾਸ਼ਾਈ ਵਿਰਸੇ ਵਿੱਚੋਂ ਆਉਂਦੀ ਹੈ। ਭਾਸ਼ਾ ਦਾ ਇਹ ਮਾਡਲ ਬਸਤੀਵਾਦੀ ਸ਼ਾਸਨ ਖਿਲਾਫ਼ ਪੰਜਾਬੀ ਬੰਦੇ ਦੀ ਆਵਾਜ਼ ਬਣਿਆ ਸੀ। ਇਸ ਸਮੇਂ ਤਕ ਮੰਦੀ ਢੰਗ ਦੀ ਕਵਿਤਾ ਆਪਣੀ ਉੱਚੀ ਸੁਰ ਨੂੰ ਕਰੀਬ-ਕਰੀਬ ਤਿਆਗ ਚੁੱਕੀ ਸੀ ਤੇ ਸ਼ਿਵ ਕੁਮਾਰ ਤੇ ਹਰਿਭਜਨ ਸਿੰਘ ਪ੍ਰਗੀਤਕਤਾ ਨੂੰ ਨਵੇਂ ਸਿਰੇ ਤੋਂ ਪੇਸ਼ ਕਰ ਰਹੇ ਸਨ। ਸ਼ਿਵ ਕੁਮਾਰ ਨਿੱਜੀ ਵੇਦਨਾ ਨੂੰ ਲੋਕਧਾਰਾਈ ਪਿਛੋਕੜ ਵਿਚ ਪੇਸ਼ ਕਰਦਿਆਂ ਵੈਦਿਕ ਅੰਸ਼ਾਂ ਦੀ ਪੁਨਰ ਸੁਰਜੀਤੀ ਕਰ ਰਿਹਾ ਸੀ। ਜਦਕਿ ਡਾ. ਹਰਿਭਜਨ ਸਿੰਘ ਆਜ਼ਾਦੀ ਦੇ ਸੁਪਨੇ ਦੇ ਟੁੱਟਣ ਦੀ ਹਕੀਕਤ ਦਾ ਬਦਲ ਆਪਣੇ ਅੰਤਰਮੁਖੀ ਪ੍ਰਗੀਤੀ ਰਾਹੀਂ ਪੇਸ਼ ਕਰ ਕੇ ਨਵੀਂ ਵਿਅਕਤੀ ਕੇਂਦਰਿਤ ਸੁਰਜਾਤਮਕਤਾ ਸਿਰਜ ਰਿਹਾ ਸੀ। ਜਗਤਾਰ ਇਸ ਦੇ ਸਮਾਂਤਰ ਸਥਾਪਤੀ ਦਾ ਵਿਰੋਧ ਕਰਨ ਵਾਲੀ ਭਾਸ਼ਾ ਚੁਣਦਾ ਹੈ। ਆਧੁਨਿਕਤਾਵਾਦ ਦੀ ਹਨੇਰੀ ਵਿਚ ਸਮੂਹ ਤੋਂ ਨਿਰਾਸ਼ ਕਾਵਿ ਪਾਤਰ ਜਗਤਾਰ ਦੀ ਗ਼ਜ਼ਲ ਵਿਚ ਵੀ ਹੈ ਪਰ ਉਹ ਨਿਰਾਸ਼ ਅੰਦਰ ਵੱਲ ਮੁੜਿਆ, ਰੁਦਨਮਈ ਜਾਂ ਵਿਅਕਤੀਵਾਦੀ ਨਹੀਂ। ਸਗੋਂ ਵਿਯੋਗਿਆ ਹੋਇਆ ਹੈ। ਇਸ ਵਿਯੋਗ ਕਾਵਿ ਮੈਂ ਦੀ ਚੇਤਨਾ ਨੂੰ ਧੁੰਦਿਆਂ ਨਹੀਂ ਸਗੋਂ ਪ੍ਰਚੰਡ ਕਰਦਾ ਹੈ। ਕਾਵਿ ਮੈਂ ਸਭਿਆਚਾਰ, ਭਾਸ਼ਾਈ ਵਿਰਸੇ 'ਤੇ ਟੇਕ ਤਾਂ ਰੱਖਦਾ ਹੈ ਪਰ ਰੁਦਨ ਨਹੀਂ ਕਰਦਾ ਸਗੋਂ ਉਸ ਰਹਿਤਲ ਦੇ ਸਾਂਝੇ ਤੱਤਾਂ ਦੀ ਤਲਾਸ਼ ਕਰਦਾ ਹੈ। ਜਗਤਾਰ ਗ਼ਜ਼ਲ ਕਾਵਿ ਦੀ ਭਾਸ਼ਾ ਪਾਕਿਸਤਾਨ ਦੀ ਦੇਸੀ ਭਾਸ਼ਾ ਵਾਲਾ ਵੀ ਨਹੀਂ ਸਗੋਂ ਵਿਯੋਗੇ ਮਨੁੱਖ ਦੇ ਹੇਰਵੇ ਦੇ ਹਾਣ ਦੀ ਭਾਸ਼ਾ ਜਗਤਾਰ ਗ਼ਜ਼ਲ ਦੀ ਵਿਸ਼ੇਸ਼ਤਾ ਹੈ :

*ਕਿਸ ਤਰ੍ਹਾਂ ਮੇਰੇ ਰਾਹਾਂ ਵਿਚ*
*ਅੱਜ ਕੱਲ੍ਹ ਉਤਰਦੀ ਸ਼ਾਮ ਲਿਖ।*
*ਕੀ ਅਜੇ ਕੱਚੇ ਘਰਾਂ ਵਿਚ ਹੈ*
*ਮੁਹੱਬਤ ਆਮ ਲਿਖ।*

'ਸ਼ੀਸ਼ੇ ਦਾ ਜੰਗਲ' ਵਿਚ ਇਹ ਮੈਂ ਇਕ ਕਸ਼ਮਕਸ਼ ਦੇ ਰੂਬਰੂ ਹੈ ਜਿੱਥੇ ਨਵੇਂ ਤੇ ਪੁਰਾਣੇ ਵਿਚਕਾਰ ਸਪੱਸ਼ਟ ਨਿਖੇੜਾ ਨਹੀਂ ਕਰ ਪਾਉਂਦੀ। ਅੱਗੇ ਜਾ ਕੇ ਬਾਹਰੀ ਸੰਕਟਾਂ ਸਾਹਮਣੇ ਇਹ ਕਾਵਿ ਪਾਤਰ ਗੁੰਝਲਦਾਰ ਬਣਦਾ ਹੈ। ਘਰ, ਪਿੰਡ, ਪਿਆਰ ਤੇ ਸੰਕਟ ਜਗਤਾਰ ਦੀ ਗ਼ਜ਼ਲ ਰਚਨਾ ਦੇ ਮੂਲ ਸਰੋਕਾਰ ਹਨ। ਉਸ ਦੀ ਸਮੁੱਚੀ ਗ਼ਜ਼ਲਕਾਰੀ ਵਿਚ ਘਰ ਤੇ ਸਫ਼ਰ ਦੋ ਆਹਮਣੇ-ਸਾਹਮਣੇ ਖੜ੍ਹੇ ਧੁਰੇ ਹਨ। ਘਰ ਦੀ ਰੂਹ ਮਾਰੂ ਖਸਲਤ ਸਫ਼ਰ ਲਈ ਮਜਬੂਰ ਕਰਦੀ ਹੈ। ਸਫ਼ਰ 'ਤੇ ਘਰ ਦਾ ਖ਼ਿਆਲ ਨਾਲ ਰਹਿੰਦਾ ਹੈ। ਘਰ ਸ਼ਖ਼ਸੀ ਆਜ਼ਾਦੀ ਵਿਚ ਰੁਕਾਵਟ ਉਪਜਾਉਂਦਾ ਹੈ। ਇਹ ਕਸ਼ਮਕਸ਼ ਉਸ ਆਰਥਿਕ ਸਥਿਤੀ ਵੱਲੋਂ ਘੜੇ



ਮਨੁੱਖ ਦੀ ਹੈ ਜਿਹੜੇ ਰਵਾਇਤੀ ਮੁੱਲਾਂ ਤੇ ਨਵੀਂ ਚੇਤਨਾ ਵਿਚਕਾਰ ਇਕ ਸਮਤੋਲ ਬਿਠਾਉਣ ਦੀ ਕੋਸ਼ਿਸ਼ ਕਰਦਾ ਰਿਹਾ ਹੈ। ਅੰਦਰੂਨੀ ਸੰਕਟਾਂ ਸਾਹਮਦੇ ਕਸ਼ਮਕਸ਼ ਦੀ ਸ਼ਿਕਾਰ ਜਗਤਾਰ ਦੀ ਗ਼ਜ਼ਲ ਚੇਤਨਾ ਸਮਾਜਿਕ ਸੰਕਆਂ ਸਾਹਮਣੇ ਵਧੇਰੇ ਇਕਾਗਰ ਤੇ ਦ੍ਰਿੜ੍ਹ ਹੈ। ਚਾਹੇ ਉਹ ਨਕਸਲੀ ਸੰਘਰਸ਼ ਦਾ ਦੌਰ ਹੋਵੇ, ਚਾਹੇ ਪੰਜਾਬ ਸੰਕਟ ਸਮੇਂ ਦੀ ਕਾਵਿ ਰਚਨਾ ਹੋਵੇ ਜਾਂ ਨਵੇਂ ਆਰਥਿਕ, ਰਾਜਸੀ ਤੰਤਰ ਦੇ ਵਿਰੋਧ ਦਾ ਪ੍ਰਵਚਨ ਉਸਾਰਨ ਦਾ ਹੋਵੇ ਜਗਤਾਰ ਵਧੇਰੇ ਸਪੱਸ਼ਟ ਲੱਗਦਾ ਹੈ। ਹਰ ਮੋੜ 'ਤੇ ਸਲੀਬਾਂ ਤੇ ਹਰ ਪੈਰ ਹਨੇਰੇ ਸਾਹਮਣੇ ਰੁਕਣਾ ਨਹੀਂ ਬੇੜੀਆਂ ਛਣਕਾ ਕੇ ਲੰਘਣਾ, ਜਸ਼ਨਾਂ ਦੇ ਮੇਲੇ ਦੀ ਥਾਂ ਸੜਦੇ ਘਰ, ਉਸ ਦੀ ਕਾਵਿ ਚੇਤਨਾ ਤੇ ਵਿਚਾਰਧਾਰਕ ਪੁਜ਼ੀਸ਼ਨ ਦੇ ਸਪੱਸ਼ਟ ਪੈਂਤੜੇ ਹਨ। ਬਾਹਰੀ ਸੰਕਟ ਦੇ ਸਨਮੁਖ ਜਗਤਾਰ ਦਾ ਕਾਵਿ ਪਾਤਰ ਵਧੇਰੇ ਸਾਬਤ ਕਦਮ ਲੱਗਦਾ ਹੈ। ਪੱਛਮੀ ਪੰਜਾਬ 'ਚ ਜਾ ਕੇ ਉਹ ਰਾਂਗਲੇ ਲਾਹੌਰ ਨੂੰ ਸਭਿਆਚਾਰਕ ਵਿਰਸੇ ਤੋਂ ਵੱਖਰਾ ਕਰਨ 'ਤੇ ਹੰਝੂ ਵਹਾਉਂਦਾ ਹੈ, ਦਰਗਾਹਾਂ ਦੇ ਕਤਲਗਾਹਾਂ ਨਾਲ ਰਲ ਜਾਣ ਦੀ ਸੰਪ੍ਰਦਾਇਕ ਰੁਚੀ ਦਾ ਨਿਖੇਧ ਕਰਦਾ ਹੈ। 'ਜੁਗਨੂੰ ਦੀਵਾ ਤੇ ਦਰਿਆ' ਦੀ ਸ਼ਾਇਰੀ ਪੰਜਾਬ ਸੰਕਟ ਦੇ ਮਾਰੂ ਪਲਾਂ ਵਿਚ ਤਣੀ ਹੋਈ ਮਾਨਸਿਕਤਾ ਦੀ ਗ਼ਜ਼ਲੋਗਈ ਹੈ। ਜਗਤਾਰ ਗ਼ਜ਼ਲ ਕਾਵਿ ਦਾ ਇਕ ਪੱਖ ਕੁਦਰਤ ਤੇ ਮਨੁੱਖ ਦੇ ਸੰਤੁਲਨ ਨਾਲ ਜੁੜਿਆ ਹੋਇਆ ਹੈ। ਸਮਾਜ ਤੋਂ ਵਿਯੋਗਿਆ ਮਨੁੱਖ ਜਗਤਾਰ ਕਾਵਿ ਵਿਚ ਕੁਦਰਤ ਦੀ ਸ਼ਰਣ ਵਿਚ ਜਾਂਦਾ ਹੈ। ਕੁਦਰਤ ਬਹੁਤ ਸਾਰੇ ਮੈਟਾਫਰਾਂ ਸਾਗਰ, ਪਹਾੜਾ, ਸਹਿਰਾ, ਦਰਿਆ, ਦਰੱਖ਼ਤ ਆਦਿ ਦੇ ਰੂਪ ਵਿਚ ਉਸ ਦੀ ਸ਼ਾਇਰੀ ਵਿਚ ਹੈ। ਵਿਸ਼ੇਸ਼ ਗੱਲ ਇਹ ਹੈ ਕਿ ਬਹੁਤੀ ਪੰਜਾਬੀ ਗ਼ਜ਼ਲ ਵਾਂਗ ਜੰਗਲ ਉਸ ਲਈ ਸਥਾਪਤੀ ਵੱਲੋਂ ਸਥਾਪਤ ਨਿਜ਼ਾਮ ਦੇ ਸਮਵਿੱਥ ਡਰਾਉਣਾ ਜਾਂ ਪਛੜਿਆ ਨਹੀਂ ਨਾ ਹੀ ਸੱਭਿਆਚਾਰ ਦੇ ਬਦਲ ਵਾਂਗ ਕੁਦਰਤੀ ਵਰਤਾਰੇ ਉਸ ਦੀ ਗ਼ਜ਼ਲ ਕਾਵਿ ਵਿਚ ਹਾਜ਼ਰ ਹਨ, ਸਗੋਂ ਉਹ ਮਨੁੱਖ ਦੀ ਹੋਂਦ ਤੇ ਕੁਦਰਤ ਵਿਚਕਾਰ ਇਕ ਸਮਤੋਲ ਪੇਸ਼ ਕਰਦਾ ਹੈ। ਕੁਦਰਤ ਦੇ ਸੰਸਕ੍ਰਿਤੀ ਕਰਨ ਦੀ ਪ੍ਰਕਿਰਿਆ ਦੌਰਾਨ ਸਥਾਪਤੀ ਦੀ ਭੂਮਿਕਾ ਉਸ ਦੇ ਤਨਜ਼ ਦੀ ਧਾਰ ਹੇਠ ਰਹਿੰਦੀ ਹੈ। ਜਗਤਾਰ ਦੀ ਗ਼ਜ਼ਲ ਵਿਚਲਾ ਕਾਵਿ ਪਾਤਰ ਆਪਣੀ ਅਪੂਰਕਤਾ ਤੇ ਖਲਾਅ ਦੀ ਪੂਰਤੀ ਲਈ ਕੁਦਰਤ ਦੇ ਸਨਮੁਖ ਹੈ। ਇਸ ਵਿੱਚੋਂ ਕੁਦਰਤ ਦਾ ਜਸ਼ਨ ਗ਼ੈਰਹਾਜ਼ਰ ਹੈ ਤੇ ਸ਼ੋਸ਼ਣ ਦਾ ਵਿਸ਼ਲੇਸ਼ਣ ਕੇਂਦਰ ਵਿਚ ਆ ਜਾਂਦਾ ਹੈ।

ਜਗਤਾਰ ਦੀ ਗ਼ਜ਼ਲ ਵਿਚ ਪੇਸ਼ ਹੋ ਰਿਹਾ ਮਨੁੱਖ ਪ੍ਰਬੰਧ ਤੋਂ ਮਿਲੀ ਅਪੂਰਨਤਾ ਦਾ ਭੋਗਣਹਾਰ ਹੈ। ਇਸ ਅਪੂਰਨਤਾ ਵਿੱਚੋਂ ਹੀ ਉਹ ਸਥਿਤੀਆਂ ਨਾਲ ਸੰਵਾਦ ਰਚਾਉਂਦਾ, ਉਨ੍ਹਾਂ 'ਤੇ ਵਿਅੰਗ ਕਰਦਾ ਤੇ ਉਨ੍ਹਾਂ ਨੂੰ ਰਚਦਾ ਹੈ। ਪਿਆਰ ਦਾ ਸਰੋਕਾਰ ਜਗਤਾਰ ਦੀ ਗ਼ਜ਼ਲਕਾਰੀ ਦਾ ਮੁੱਖ ਥੀਮ ਹੈ। ਉਸ ਦੇ ਪਿਆਰ ਦਾ ਇਕ ਸਿਰਾ ਸਮਾਜਿਕ ਵਰਜਣਾਵਾਂ ਵਿਚ ਘਿਰੀ ਹੋਂਦ ਨਾਲ ਜੁੜਿਆ ਹੈ ਤਾਂ ਦੂਸਰਾ ਇਨ੍ਹਾਂ ਵਰਜਣਾਵਾਂ ਨੂੰ ਉਲੰਘਣ ਵਾਲੀ ਨਾਲ। ਪ੍ਰਕਿਰਤੀ ਇਸੇ ਲਈ ਜਗਤਾਰ ਗ਼ਜ਼ਲ ਕਾਵਿ ਵਿਚ ਪਿਆਰ ਨਾਲ ਇਕਸੁਰ ਹੋ ਕੇ ਪੇਸ਼ ਹੋਈ ਹੈ। ਅਪੂਰਨਤਾ ਦਾ ਅਹਿਸਾਸ ਜਿਹੜਾ ਨੈਤਿਕ ਵਲਗਣ ਵਿੱਚੋਂ ਉਪਜਦਾ ਹੈ ਪ੍ਰਾਚਿਤਕ ਰਿਸ਼ਤੇ ਉਸ ਨੂੰ ਰੱਦ ਕਰ ਕੇ ਪੂਰਨਤਾ ਵੱਲ ਤੋਰਦੇ ਹਨ। ਗ਼ਜ਼ਲ ਦੇ ਰਵਾਇਤੀ ਪ੍ਰੇਮ ਭਾਵਾਂ ਵਿਚ ਸਵੈ ਦੇ ਪ੍ਰਵਚਨ ਦੀ ਰੁਦਨਮਈ ਸਥਿਤੀ ਦੇ ਮੁਕਾਬਲੇ ਜਗਤਾਰ ਕੋਲ ਇਸ ਅਪੂਰਨਤਾ ਦੇ ਅਹਿਸਾਸ ਪ੍ਰਤੀ ਇਕ ਖਿਝ ਹੈ। ਸਮਾਜਿਕ ਰਿਸ਼ਤਿਆਂ ਦੀ ਪਾਲਣਾ ਸਿਥਲ ਸਥਿਤੀਆਂ ਨੂੰ ਸਵੀਕਾਰ ਕਰਨਾ ਹੈ। ਜਿਨ੍ਹਾਂ ਨੂੰ ਜਗਤਾਰ ਦੀ ਗ਼ਜ਼ਲ ਚੇਤਨਾ ਸਫ਼ਰ ਦੇ ਬਦਲ ਵਿਚ ਵਟਾਉਣਾ ਚਾਹੁੰਦੀ ਹੈ। ਉਸ ਦੇ ਆਖ਼ਰੀ ਸੰਗ੍ਰਹਿ ਮੋਮ ਦੇ ਲੋਕ ਤਕ ਜਾਂਦਿਆਂ ਇਹ ਪ੍ਰੇਮ ਭਾਵ ਦੇਹ ਦੀ ਪਰਿਕਮਾ ਕਰਨ ਲੱਗਦੇ ਹਨ। ਪ੍ਰੇਮ ਦੀ ਭਾਸ਼ਾ ਬਣਨ ਦੀ ਭਾਸ਼ਾ ਵਿਚ ਵਟਣ ਲੱਗਦੀ ਹੈ। ਇੱਥੇ ਪੂਰਨਤਾ ਦੀ ਇੱਛਾ ਦੈਹਿਕ ਭੋਗ ਵਿਚ ਵਟ ਕੇ ਪ੍ਰੇਮ ਦੀ ਨਵੀਂ ਵਿਆਕਰਣ ਰਚਨ ਵੱਲ ਰੁਚਿਤ ਹੁੰਦੀ ਹੈ। ਪਰ ਸਮੁੱਚੇ ਤੌਰ 'ਤੇ ਜਗਤਾਰ ਦੀ ਗ਼ਜ਼ਲ ਵਿਚ ਪ੍ਰੇਮ ਦਾ ਸੰਕਲਪ ਪ੍ਰਬੰਧ ਨਾਲ ਟਕਰਾ ਦੇ ਇਕ ਜੁਜ਼ ਵਜੋਂ ਸਾਹਮਣੇ ਆਉਂਦਾ ਹੈ। •

---

## ਨਜ਼ਮਾਂ



**ਫ਼ਕੀਰ ਚੰਦ ਜਲੰਧਰੀ**
90419-19908

### ਬੁੱਲ੍ਹੇ ਸ਼ਾਹ ਦਾ ਮਾਹੀਆ

ਇਕ ਆਰ-ਉਰਾਰ ਕੁੜੇ
ਬੇੜੀ ਵਿਚ ਬੁੱਲ੍ਹਾ ਹੈ
ਬੁੱਲ੍ਹੇ ਵਿਚ ਯਾਰ ਕੁੜੇ।

ਬੁੱਲ੍ਹੇ ਵਿਚ ਯਾਰ ਕੁੜੇ
ਬੇੜੀ ਵਿਚ ਬੁੱਲ੍ਹਾ ਹੈ
ਪੱਤਣ ਤੋਂ ਪਾਰ ਕੁੜੇ।

ਪੱਤਣ ਤੋਂ ਪਾਰ ਕੁੜੇ
ਬੁੱਲ੍ਹੇ ਵਿਚ ਤੁਣ-ਤੁਣ ਹੈ
ਤੂੰਬੇ ਦੀ ਤਾਰ ਕੁੜੇ।

ਤੂੰਬੇ ਦੀ ਤਾਰ ਕੁੜੇ
ਤੱਕੜੀ ਤੋਲ ਰਹੀ
ਪੱਲੜੇ ਨਿਰਭਾਰ ਕੁੜੇ।

ਤੂੰਬੇ ਦੀ ਤਾਰ ਕੁੜੇ
ਬੁੱਲ੍ਹੇ ਸ਼ਾਹ ਦੀ ਤੁਣ-ਤੁਣ ਤੋਂ
ਮਰਨਾ ਵਿਚਕਾਰ ਕੁੜੇ।



**ਤ੍ਰੈਲੋਚਨ ਲੋਚੀ**
98142-53315

### ਸਤਲੁਜ ਅਤੇ ਬਿਆਸ

ਸਤਲੁਜ ਅਤੇ ਬਿਆਸ ਮਿਲੇ ਸੀ
ਦੋਵੇਂ ਬਹੁਤ ਉਦਾਸ ਮਿਲੇ ਸੀ..
ਮੇਰੇ ਵੱਨੀ ਝਾਕ ਰਹੇ ਸੀ
ਜਿੱਦਾਂ ਮੈਨੂੰ ਆਖ ਰਹੇ ਸੀ

ਕਿੱਥੇ ਸਾਡੇ ਸੁੱਚੇ ਪਾਣੀ
ਇੰਝ ਨਾ ਕਰ ਤੂੰ ਖ਼ਤਮ ਕਹਾਣੀ

ਸੁਣ ਓਏ ਬੰਦਿਆ
ਬੋਲ ਓਏ ਬੰਦਿਆ
ਕਿਉਂ ਤੂੰ ਸਾਨੂੰ
ਸੂਲੀ ਟੰਗਿਆ

ਸੁਣ ਕੇ ਸੱਚੇ ਬੋਲ ਉਨ੍ਹਾਂ ਦੇ
ਸਾਹ ਸੀ ਸੁੱਕੇ
ਦਿਲ ਸੀ ਕੰਬਿਆ

ਦਰਿਆਵਾਂ ਦਾ ਸੁਣ ਕੇ ਮਿਹਣਾ
ਸਿੱਧੇ ਤੀਰ ਕਲੇਜੇ ਵੱਜੇ
ਭੱਜਣ ਨੂੰ ਨਾ ਥਾਂ ਸੀ ਕਿੱਧਰੇ
ਨਾ ਖੱਬੇ ਤੇ ਨਾ ਹੀ ਸੱਜੇ

ਸੁਣਕੇ ਉਨ੍ਹਾਂ ਦੀ ਇਹ ਬੋਲੀ
ਮੈਂ ਤਾਂ ਪਾਣੀਓਂ ਪਾਣੀ ਹੋਇਆ
ਧਰਤੀ ਦਿੰਦੀ ਵਿਹਲ ਨਹੀ ਸੀ
ਉਨ੍ਹਾਂ ਐਸਾ ਕਿੱਸਾ ਛੋਹਿਆ

ਦਿਲ ਚਾਹੁੰਦਾ ਸੀ
ਧਰਤੀ ਪਾਟੇ
ਛੇਤੀ ਧਰਤੀ ਵਿਚ ਸਮਾਵਾਂ
ਪਾਣੀਓਂ ਪਾਣੀ ਹੋਇਆ ਮੈਂ ਵੀ
ਜਾ ਕੇ ਪਾਣੀ ਵਿਚ ਰਲ ਜਾਵਾਂ
ਪਾਣੀ ਵਰਗਾ ਹੀ ਹੋ ਜਾਵਾਂ
ਪਾਣੀ ਵਰਗਾ ਹੀ ਹੋ ਜਾਵਾਂ...



**ਨਿਰੰਜਣ ਬੋਹਾ**
89682-82700

### ਸਵੈ-ਸੰਵਾਦ

ਆਪਣੀ ਦਰਿਆ ਦਿਲੀ
ਸਾਬਤ ਕਰਨ ਲਈ
ਤੁਸੀਂ ਚਾਹੁੰਦੇ ਹੋ ਕਿ
ਅਸੀਂ ਸਵੈ-ਸੰਵਾਦ ਤਾਂ ਕਰੀਏ
ਪਰ ਸਾਡੇ ਸਵੈ-ਸੰਵਾਦ 'ਤੇ
ਲੂਣ ਤੇਲ ਲਕੜੀਆਂ ਦੇ
ਫ਼ਿਕਰ ਹੀ ਹਾਵੀ ਰਹੇ।
ਤੁਸੀਂ ਸਾਨੂੰ
ਸੋਚਣ ਦੀ ਇਜਾਜ਼ਤ ਤਾਂ ਦਿੰਦੇ ਹੋ
ਪਰ ਤੁਹਾਡੀ ਕੋਸ਼ਿਸ਼ ਹੈ
ਕਿ ਸਾਡੀ ਸੋਚ
ਸਾਡੇ ਕੰਗਰੋੜ ਜਿਹੇ 'ਤੇ
ਭੁੱਖ ਨਾਲ ਵਿਲਕ ਰਹੇ
ਮਾਸੂਮ ਬੱਚੇ ਲਈ
ਅੱਧ ਪਾ ਦੁੱਧ ਦਾ ਪ੍ਰਬੰਧ ਕਰਨ ਤੋਂ
ਅੱਗੇ ਨਾ ਜਾਵੇ।
ਉਮਰਾਂ ਬੀਤ ਗਈਆਂ ਸਾਡੀਆਂ
ਤੁਹਾਡੀ ਮਕਾਰ ਚਾਹਤ ਅਨੁਸਾਰ
ਸਵੈ-ਸੰਵਾਦ ਕਰਦਿਆਂ
ਤੇ ਤੁਹਾਡੀ ਸੁਝਾਈ
ਸੋਚ ਅਨੁਸਾਰ ਸੋਚਦਿਆਂ
ਹੁਣ ਕਦੇ-ਕਦੇ ਇਹ ਸੋਚ ਵੀ
ਸਾਡੇ ਮੱਥੇ ਵਿਚ ਉੱਗ ਖਲ੍ਹੋਂਦੀ ਹੈ
ਕਿ ਪਹਿਲੀ ਪੱਕੀ ਵਿਚ
ਸਾਡੇ ਨਾਲ ਪੜ੍ਹਦਾ ਰਿਹਾ
ਮਾਸਟਰਾਂ ਦੀਆਂ ਨਜ਼ਰਾਂ ਵਿਚ
ਮਹਾਂਨਲਾਇਕ
ਜਗੀਰਦਾਰਾਂ ਦਾ ਝੋਲੂ
ਹੁਣ ਇੰਨਾ ਲਾਈਕ
ਕਿਵੇਂ ਬਣ ਗਿਆ ਹੈ
ਕਿ ਜ਼ਿਲ੍ਹੇ ਦਾ ਡੀਸੀ ਵੀ
ਉਸ ਨੂੰ ਸਲੂਟ ਮਾਰਦਾ ਹੈ
ਤੇ ਬਾਘੜ ਬਿੱਲੇ ਜਿਹੇ
ਸੇਠਾਂ ਦੇ ਦੀਵਾਨੇ ਨੂੰ
ਅਜਿਹੀ ਗਿਦੜ ਸਿੰਗੀ
ਕਿੱਥੋਂ ਲੱਭ ਗਈ ਹੈ
ਕਿਉਂ ਸਦੀ ਛੋਟੀ ਜਿਹੀ
ਪਰਚੂਨ ਦੀ ਦੁਕਾਨ ਨੇ
ਪੋਸ਼ ਏਰੀਏ ਵਿਚ ਪਲਾਂਟੇ
ਮਾਲ ਦਾ ਰੂਪ ਧਾਰ ਲਿਆ ਹੈ।
ਸਵੈ-ਸੰਵਾਦ ਕਰਦਿਆਂ
ਅਸੀਂ ਹੁਣ ਇਹ ਵੀ
ਆਪਣੇ ਆਪ ਨੂੰ ਪੁੱਛਦੇ ਹਾਂ
ਕਿ ਸਾਡੇ ਵਿਚ
ਆਖ਼ਰ ਕਮੀ ਕੀ ਹੈ
ਤੇ ਤੁਹਾਡੇ ਵਿਚ
ਆਖ਼ਰ ਵਾਧਾ ਕਿਹੜਾ ਹੈ?
ਬੇਸ਼ਕ ਸਾਡਾ ਅੱਜ ਦਾ ਸਵੈ ਸੰਵਾਦ
ਤੁਹਾਨੂੰ ਸਾਡਾ ਮਸਤੇਵਾਂ ਲੱਗਦਾ ਹੈ
ਤੇ ਤੁਸੀ ਮੂੰਹ ਪਾੜ ਕੇ ਆਖ ਵੀ ਦਿੰਦੇ ਹੋ
ਕਿ 'ਬਹੁਤ ਚਾਂਭਲ ਗਏ ਹੋ ਤੁਸੀਂ'
ਤੁਸੀਂ ਕੁਝ ਵੀ ਕਹੋ
ਤੇ ਸਾਡੇ ਬਾਰੇ ਕੁਝ ਵੀ ਸੋਚੋ
ਪਰ ਇਹ ਗੱਲ ਪੱਕੀ ਹੈ ਕਿ
ਜਦੋਂ ਤਕ ਸਾਨੂੰ ਸਾਡੇ ਸੋਚਾਂ ਵਿਚ ਉੱਗੇ
ਸਵਾਲਾਂ ਦੇ ਜਵਾਬ ਨਹੀਂ ਮਿਲ ਜਾਂਦੇ
ਅਸੀ ਇਸੇ ਤਰ੍ਹਾਂ ਸੋਚਦੇ ਰਹਾਂਗੇ
ਸਵੈ-ਸੰਵਾਦ ਵੀ ਰਚਾਵਾਂਗੇ
ਤੇ ਸਿਰ ਨਾਲ ਸਿਰ ਜੋੜ ਕੇ ਵੀ ਸੋਚਾਂਗੇ

---

ਸ਼ਬਦੋਂ ਵਣਜਾਰਿਓ

## ਮਸਜਿਦ



**ਪਰਮਜੀਤ ਢੀਂਗਰਾ**
94173-58120

ਹਰ ਧਾਰਮਿਕ ਸਮੁਦਾਏ ਵਿਚ ਪੂਜਾ ਪਾਠ ਕਰਨ ਦੀਆਂ ਵਿਧੀਆਂ ਵੱਖ ਵੱਖ ਹਨ। ਮੁਸਲਿਮ ਸਮੁਦਾਏ ਵਿਚ ਮਸੀਤ ਜਾਂ ਮਸਜਿਦ ਵਿਚ ਜਾ ਕੇ ਨਮਾਜ਼ ਅਦਾ ਕੀਤੀ ਜਾਂਦੀ ਹੈ। ਮਸਜਿਦ ਵਿਚ ਸਾਰੇ ਲੋਕ ਕਤਾਰਾਂ ਵਿਚ ਬਹਿ ਕੇ ਪੱਛਮ ਵੱਲ ਮੂੰਹ ਕਰ ਕੇ ਨਮਾਜ਼ ਪੜ੍ਹਦੇ ਹਨ ਕਿਉਂਕਿ ਇਹ ਮਾਨਤਾ ਹੈ ਕਿ ਇਸਲਾਮ ਦੀ ਪਵਿਤਰ ਇਬਾਦਤਗਾਹ ਮੱਕਾ ਉਸ ਦਿਸ਼ਾ ਵਿਚ ਹੈ। ਫ਼ਾਰਸੀ ਕੋਸ਼ ਅਨੁਸਾਰ-ਮਸਜਿਦ ਦਾ ਅਰਥ ਹੈ-ਸਿਜਦਾ ਕਰਨ ਦੀ ਥਾਂ ਅਥਵਾ ਮੁਸਲਮਾਨਾਂ ਦਾ ਪੂਜਾ ਘਰ। ਇਹ ਸ਼ਬਦ ਮੂਲ ਰੂਪ ਵਿਚ ਅਰਬੀ ਸ਼ਬਦ ਸਜਦਾ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਝੁਕ ਕੇ ਪ੍ਰਾਥਨਾ ਕਰਨੀ। ਇਹ ਇਬਾਦਤ ਕਰਨ ਦੀ ਇਕ ਵਿਧੀ ਹੈ ਜਿਸ ਵਿਚ ਮੱਥਾ, ਨੱਕ ਗੋਡੇ, ਕੂਹਣੀਆਂ ਅਤੇ ਪੈਰਾਂ ਦੀਆਂ ਉਂਗਲਾਂ ਜ਼ਮੀਨ ਨਾਲ ਛੋਂਹਦੀਆਂ ਹਨ।

ਅਰਬੀ ਦੇ ਇਸ ਸ਼ਬਦ ਦਾ ਭਾਵ ਹੈ ਪ੍ਰਾਥਨਾ ਕਰਨ ਸਮੇਂ ਗੋਡਿਆਂ ਪਰਨੇ ਝੁਕਣਾ। ਇਹ ਡੰਡਵਤ ਪ੍ਰਨਾਮ ਕਰਨ ਵਾਂਗ ਹੀ ਹੈ। ਅਰਬੀ ਦਾ ਇਕ ਉਪਸਰਗ ਹੈ -'ਮ' ਜਿਸ ਦਾ ਭਾਵ ਹੈ ਸਹਿਤ ਜਾਂ ਵਿਚ ਜਾਂ ਸ਼ਾਮਲ। ਇਹ 'ਮ' ਲਗਣ ਨਾਲ ਸਜਦਾ ਬਣਦਾ ਹੈ - ਮ + ਸ + ਜ + ਦ ਅਰਥਾਤ ਮਸਜਿਦ ਜਿਸ ਦਾ ਅਰਥ ਬਣਦਾ ਹੈ-ਇਬਾਦਤਗਾਹ। ਜਿੱਥੇ ਸਜਦਾ ਕੀਤਾ ਜਾਂਦਾ ਹੈ-ਉਹ ਹੈ ਮਸਜਿਦ। ਭਾਸ਼ਾ ਵਿਗਿਆਨੀਆਂ ਦਾ ਮੱਤ ਹੈ ਕਿ ਮੂਲ ਰੂਪ ਵਿਚ ਇਹ ਧਾਤੂ ਸੈਮੇਟਿਕ ਪਰਿਵਾਰ ਦੀ ਭਾਸ਼ਾ ਆਰਮੇਈਕ ਵਿੱਚੋਂ ਆਈ ਹੈ-ਜਿਸ ਵਿਚ ਇਹਦਾ ਭਾਵ ਹੈ ਪਵਿੱਤਰ ਥੰਮ ਤੇ ਅਰਾਧਨਾ ਜਾਂ ਭਗਤੀ। ਦਰਗਾਹਾਂ ਨੂੰ ਸਾਂਭਣ ਵਾਲੇ ਨੂੰ ਸਜਦਾਨਸ਼ੀਂ ਕਿਹਾ ਜਾਂਦਾ ਹੈ ਜਿਸ ਦਾ ਅਰਥ ਗੱਦੀਨਸ਼ੀਨ ਵੀ ਬਣਦਾ ਹੈ। ਸਜਾਦ ਮੁਸਲਮਾਨੀ ਨਾਂ ਵੀ ਇਸ ਤੋਂ ਬਣਿਆ ਹੈ। ਸਜਦਾ ਕਰਨ ਦੀ ਥਾਂ ਨੂੰ ਵੀ ਸਜਦਾਗਾਹ ਕਿਹਾ ਜਾਂਦਾ ਹੈ। ਪੰਜਾਬੀ ਵਿਚ ਮਸਜਿਦ ਲਈ ਮਸੀਤ ਸ਼ਬਦ ਵੀ ਵਰਤਿਆ ਜਾਂਦਾ ਹੈ-ਉਹ ਥਾਂ ਜਿੱਥੇ ਮੁਸਲਮਾਨ ਇਕੱਠੇ ਹੋ ਕੇ ਨਮਾਜ਼ ਪੜ੍ਹਦੇ ਹਨ। ਮਸੀਤੜ-ਜੋ ਬਿਨਾਂ ਨਾਗਾ ਮਸੀਤ ਵਿਚ ਜਾਵੇ। ਮਸੀਤੀਂ-ਮਸੀਤ ਵਿਚ, ਮਸੀਤੇ-ਮਸੀਤ ਵਿਚ ਜੋ ਸੰਜੋਗਾਤਮਕ ਰੂਪ ਹਨ। ਇਨ੍ਹਾਂ ਦੀ ਵਰਤੋਂ ਪੰਜਾਬੀ ਕਿੱਸਾ ਕਾਵਿ ਵਿਚ ਬੇਸ਼ੁਮਾਰ ਹੋਈ ਹੈ।

ਮਸੀਤ ਨਾਲ ਜੁੜੇ ਕਈ ਮੁਹਾਵਰੇ ਤੇ ਅਖਾਣ ਵੀ ਪ੍ਰਚਲਤ ਹਨ ਜਿਵੇਂ ਅੰਨ੍ਹੀ ਮਾਂ ਮਸੀਤੀ ਸੁੱਟ ਗਈ; ਹੇਠ ਮਸੀਤ ਉੱਤੇ ਮੰਦਿਰ; ਹੇਠਾਂ ਮਸੀਤ ਉੱਤੇ ਠਾਕੁਰਦੁਆਰਾ-ਜਦੋਂ ਕੋਈ ਬੇਜੋੜ ਲਿਬਾਸ ਪਾਵੇ; ਕੁੱਤੇ ਦੀ ਮੌਤ ਆਏ ਤਾਂ ਮਸੀਤੇ ਚੜ੍ਹ ਕੇ ਮੂਤਦਾ ਹੈ-ਅਰਥਾਤ ਜਦੋਂ ਕਿਸੇ ਦੇ ਬੁਰੇ ਦਿਨ ਆਂਦੇ ਹਨ ਤਾਂ ਉਹ ਪੁੱਠੇ ਕੰਮ ਕਰਨ ਲੱਗ ਜਾਂਦਾ ਹੈ; ਕੌਡੀ ਪਿੱਛੇ ਮਸੀਤ ਢਾਹੁਣੀ ਅਰਥਾਤ ਨਿਗੂਣੇ ਲਈ ਵੱਡਾ ਨੁਕਸਾਨ ਕਰ ਦੇਣਾ; ਦੋ ਇੱਟਾਂ ਦੀ ਵੱਖਰੀ ਮਸੀਤ ਬਣਾਉਣੀ ਜਾਂ ਡੇਢ ਇੱਟ ਦੀ ਮਸਜਿਦ ਖੜੀ ਕਰਨੀ, ਅਰਥਾਤ ਨਿਗੂਣਾ ਜਾਂ ਮਹੱਤਵਹੀਨ ਕੰਮ ਕਰਨਾ; ਨਵੀਂ ਮਸੀਤ ਨੂੰ ਰੰਗ ਲੱਗਾ, ਮਿਲ-ਮਿਲ ਬਹਿੰਦੇ ਰੋੜੇ, ਚੁਣਿਆਂ ਤੋਂ ਇਨਕਾਰ ਕਰੇਂਦੇ ਜਿਓਂ ਡਾਚੀ ਦੇ ਟੋਡੇ ਅਰਥਾਤ ਜਦੋਂ ਕਿਸੇ ਦੇ ਨਵੇਂ ਚਾਅ ਬਾਰੇ ਦੱਸਣਾ ਹੋਵੇ।

ਜੁੰਮਾ ਮਸੀਤ-ਜਿੱਥੇ ਜੁੰਮੇ ਦੀ ਨਮਾਜ਼ ਪੜ੍ਹੀ ਜਾਵੇ; ਮਸੀਤੀ ਲੋਟਾ-ਨਮਾਜ਼ੀਆਂ ਦਾ ਟੂਟੀਦਾਰ ਧਾਤ ਜਾਂ ਮਿੱਟੀ ਦਾ ਗੜਵਾ। ਲਾਈਲਗ ਵਿਅਕਤੀ ਲਈ ਵੀ ਮਸੀਤੀ ਲੋਟਾ ਸ਼ਬਦ ਵਰਤਿਆ ਜਾਂਦਾ ਹੈ। ਮਸਜਿਦ ਜਾਂ ਮਸੀਤ ਨੂੰ ਇਬਾਦਤਗਾਹ ਜਾਂ ਰੱਬ ਦੀ ਥਾਂ ਵੀ ਕਿਹਾ ਜਾਂਦਾ ਹੈ। ਇਹ ਬਣਿਆ ਹੈ ਅਰਬੀ ਸ਼ਬਦ ਇਬਾਦਾ ਤੋਂ, ਜਿਸ ਦਾ ਅਰਥ ਹੈ ਪੂਜਾ ਦੀ ਥਾਂ। ਅਰਬੀ ਦੀ ਇਕ ਧਾਤੂ ਹੈ-ਅਬਾਦ ਜਿਸ ਦਾ ਇਕ ਅਰਥ ਹੈ ਸੇਵਕ, ਚਾਕਰ, ਭਗਤ। ਅਬਦ ਦੇ ਬਹੁਵਚਨ ਤੋਂ ਇਬਾਦਾ ਬਣਿਆ ਹੈ। ਇਹ ਕਿਰਿਆ ਵੀ ਹੈ ਜਿਸ ਵਿਚ ਸੇਵਾ, ਚਾਕਰੀ ਆਦਿ ਦੇ ਭਾਵ ਹਨ। ਫ਼ਾਰਸੀ ਵਿਚ ਇਹ ਇਬਾਦਤ ਦਾ ਰੂਪ ਧਾਰਦਾ ਹੈ ਜਿਸ ਦਾ ਅਰਥ ਹੈ-ਬੰਦਗੀ, ਪੂਜਾ ਆਦਿ। ਇਸ ਦਾ ਇਕ ਰੂਪ ਹੈ-ਅਬਦਾ ਅਰਥਾਤ ਬੰਦਗੀ ਕਰਨ ਵਾਲੇ ਲੋਕ।

ਇਸ ਤੋਂ ਆਬਿਦਾ ਨਾਂ ਬਣਿਆ। ਇਬਾਦਤਖਾਨਾ ਵੀ ਬਣਿਆ ਭਾਵ ਪੂਜਾ ਕਰਨ ਦੀ ਥਾਂ। ਅੰਗਰੇਜ਼ੀ ਵਿਚ ਮਸਜਿਦ ਦਾ ਪਰਿਆਏ ਹੈ-ਮੌਸਕ। ਪੱਛਮੀ ਵਿਦਵਾਨ ਮੌਸਕ ਦੀ ਵਿਉਂਤਪਤੀ ਮਾਸਕਿਟੋ ਅਰਥਾਤ ਮੱਛਰ ਤੋਂ ਮੰਨਦੇ ਹਨ। ਇਹਦੇ ਪਿੱਛੇ ਤਰਕ ਇਹ ਹੈ ਕਿ ਪੰਦਰਵੀਂ ਸਦੀ ਵਿਚ ਜਦੋਂ ਸਪੇਨ 'ਤੇ ਮੁਸਲਮਾਨਾਂ ਨੇ ਹਮਲਾ ਕੀਤਾ ਤਾਂ ਓਥੋਂ ਦੇ ਰਾਜੇ ਫਰਡੀਨੈਂਡ ਨੇ ਰਾਣੀ ਇਸਾਬੇਲਾ ਨੂੰ ਜੋਸ਼ 'ਚ ਆ ਕੇ ਕਿਹਾ ਉਹਦੀਆਂ ਫ਼ੌਜਾਂ ਨੇ ਮੁਸਲਮਾਨਾਂ ਦੀਆਂ ਮਸੀਤਾਂ ਨੂੰ ਮਾਸਕਿਟੋ ਵਾਂਗ ਕੁਚਲ ਦਿੱਤਾ ਹੈ ਭਾਵ ਤਬਾਹ ਕਰ ਦਿਤਾ ਹੈ। ਜਿਸ ਸਮੇਂ ਸਪੇਨ ਵਿਚ ਕਿੰਗ ਫਰਡੀਨੈਂਡ ਦਾ ਰਾਜ ਸੀ ਉਸ ਤੋਂ ਪਹਿਲਾਂ ਓਥੇ ਇਸਲਾਮ ਦਾ ਪ੍ਰਵੇਸ਼ ਹੋ ਚੁੱਕਾ ਸੀ ਤੇ ਮਸੀਤਾਂ ਬਣ ਚੁੱਕੀਆਂ ਸਨ। ਅਰਬੀ ਮਸਜਿਦ ਦਾ ਸਪੇਨੀ ਰੂਪਾਂਤਰ ਮੇਜ਼ਕਿਤਾ ਤੋਂ ਬਣਿਆ ਹੈ। ਅੰਗਰੇਜ਼ੀ ਸ਼ਬਦ ਫ਼ਰ੍ਹੇਂਚਕ ਫਰੈਂਚ ਸ਼ਬਦ ਫ਼ਰ੍ਹੇਂਚਕਕ ਦਾ ਰੂਪਾਂਤਰ ਹੈ ਜਿਸ ਨੂੰ ਇਸ ਨੇ ਇਤਾਲਵੀ ਸ਼ਬਦ ਮੋਸਚੇਟਾ ਫ਼ਰਤਫੀਕਵ ਤੋਂ ਰੂਪਾਂਤਰਿਤ ਕੀਤਾ ਹੈ।

ਸੰਭਵ ਹੈ ਕਿ ਇਤਾਲਵੀਆਂ ਨੇ ਇਹ ਸਿੱਧੇ ਅਰਬੀ ਦੇ ਮਸਜਿਦ ਜਾਂ ਸਪੇਨੀ ਦੇ ਮੇਸਕਿਟਾ ਤੋਂ ਲਿਆ ਹੋਵੇ। ਅਰਬ ਦੇ ਬਹੁਤ ਸਾਰੇ ਖੇਤਰਾਂ ਵਿਚ 'ਜ' ਦਾ ਉਚਾਰਨ 'ਗ' ਕੀਤਾ ਜਾਂਦਾ ਹੈ। ਊਠ ਦਾ ਅਰਬੀ ਸ਼ਬਦ ਹੈ ਜਮਲ ਜੋ ਮਿਸਰੀ ਵਿਚ ਜਾ ਕੇ ਗਮਲ ਤੇ ਫਿਰ ਫਰੈਂਚ, ਸਪੇਨੀ ਤੇ ਇਤਾਲਵੀ 'ਚ ਕੈਮਲ ਬਣ ਜਾਂਦਾ ਹੈ। ਇਸੇ ਤਰ੍ਹਾਂ ਮਸਜਿਦ ਸ਼ਬਦ ਮਿਸਰ ਵਿਚ ਜਾ ਕੇ ਮਸਗਿਦ ਬਣ ਜਾਂਦਾ ਹੈ। ਸਪਸ਼ਟ ਹੈ ਕਿ ਪੁਰਾਣੀ, ਸਪੇਨਿਸ਼ ਵਿਚ ਮਸਜਿਦ ਲਈ ਮੇਸਕਿਟਾ ਸ਼ਬਦ ਬਣਿਆ ਜੋ ਮਿਸਰੀ ਪ੍ਰਭਾਵ ਵਿਚ ਜਾ ਕੇ ਮਸਗਿਦ ਹੋ ਗਿਆ। •

---

# ਨਵੀਆਂ ਪੈੜਾਂ ਸਿਰਜਦੀ ਵਰਿੰਦਰ ਕੌਰ ਰੰਧਾਵਾ

• **ਪ੍ਰੀਤਮ ਲੁਧਿਆਣਵੀ**
98764-28641

ਵਰਿੰਦਰ ਕੌਰ ਰੰਧਾਵਾ ਪੰਜਾਬੀ ਸਾਹਿਤ ਤੇ ਸੱਭਿਆਚਾਰਕ ਖੇਤਰ ਦਾ ਵਗਦਾ ਸ਼ੀਤਲ ਝਰਨਾ ਹੈ, ਜਿਹੜਾ ਕਹਾਣੀ, ਕਵਿਤਾ, ਗੀਤ ਅਤੇ ਰੁਬਾਈਆਂ ਦੇ ਰੂਪ ਵਿਚ ਪਾਠਕਾਂ ਦੇ ਹਿਰਦਿਆਂ ਨੂੰ ਸਕੂਨ ਦੇ ਰਿਹਾ ਹੈ। ਇਹੀ ਝਰਨਾ ਜਦੋਂ ਸਟੇਜੀ ਰੂਪ ਵਿਚ ਵਿਚਰਦਾ ਹੈ ਤਾਂ ਕਦੀ ਗਿੱਧਿਆਂ ਦੀ ਰਾਣੀ, ਕਦੀ ਲਾ-ਜੁਵਾਬ ਸਟੇਜ-ਸੰਚਾਲਕਾ ਅਤੇ ਕਦੀ ਲੋਕ-ਗਾਇਕਾ ਵਜੋਂ ਨਾਮਨਾ ਖੱਟ ਰਿਹਾ ਹੁੰਦਾ ਹੈ। ਲਿਖਣ ਅਤੇ ਸੱਭਿਆਚਾਰਕ ਗਤੀ-ਵਿਧੀਆਂ ਦਾ ਸ਼ੌਕ ਭਾਵੇਂ ਉਸ ਨੂੰ ਸਕੂਲ ਸਮੇਂ ਤੋਂ ਹੀ ਲੱਗ ਗਿਆ ਸੀ ਪਰ ਇਸ ਸ਼ੌਕ ਨੂੰ ਪੂਰਾ ਕਰਨ ਲਈ ਖੁੱਲ੍ਹ ਕੇ ਸਟੇਜੀ ਪਲੇਟਫਾਰਮ ਨਹੀਂ ਸੀ ਮਿਲ ਰਿਹਾ। ਫਿਰ ਚੱਲਦਿਆਂ-ਚੱਲਦਿਆਂ ਉਸ ਦਾ ਸਬੰਧ ਸਾਹਿਤਕ ਹਲਕਿਆਂ ਦੀ ਜਾਣੀ-ਪਛਾਣੀ ਸੰਸਥਾ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਨਾਲ ਹੋਇਆ। ਉਸ ਦੀ ਕਲਮ ਅੱਜ ਹੋਰ ਤੇ ਕੱਲ੍ਹ ਹੋਰ, ਭਾਵ ਕਲਮ ਵਿਚ ਲਗਾਤਾਰ ਸੁਧਾਰ ਤੇ ਨਿਖਾਰ ਆਉਂਦਾ ਗਿਆ, ਨਤੀਜੇ ਵਜੋਂ ਉਸ ਨੇ 'ਸੱਚ ਦਾ ਸੂਰਜ' (ਨਾਵਲ) ਅਤੇ 'ਕਲਮ ਦੀਆਂ ਕਿਰਨਾਂ' (ਕਾਵਿ-ਸੰਗ੍ਰਹਿ) ਦੀ ਸਿਰਜਣਾ ਕੀਤੀ।

ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਕਹਿੰਦਿਆਂ ਖੁੱਲ੍ਹ ਕੇ ਲਿਖਣ ਦੀ ਹਿੰਮਤ ਕਰਨ ਵਾਲੀ, ਜ਼ਿਲ੍ਹਾ ਗੁਰਦਾਸਪੁਰ ਦੇ ਬਟਾਲਾ ਸ਼ਹਿਰ ਵਿਚ ਅਧਿਆਪਕਾ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੀ, ਲਾਗਲੇ ਪਿੰਡ ਜੈਤੋ ਸਰਜਾ ਵਿਚ ਡੇਰੇ ਲਾਈ ਬੈਠੀ, ਇਹ ਮੁਟਿਆਰ ਨੇ 'ਬੁਝਦੇ ਦੀਵੇ ਦੀ ਲੋਅ' ਸਾਹਿਤ ਦੀ ਝੋਲੀ ਪਾਇਆ ਹੈ। ਜਿਸ ਨੂੰ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਨੇ ਲੋਕ-ਅਰਪਣ ਕਰਦਿਆਂ ਉਸ ਨੂੰ 'ਦਲੀਪ ਕੌਰ ਟਿਵਾਣਾ ਐਵਾਰਡ-2018' ਨਾਲ ਨਿਵਾਜਿਆ ਹੈ। ਵਰਿੰਦਰ ਦੀਆਂ ਜਿੱਥੇ ਕਵਿਤਾਵਾਂ ਅਤੇ ਗੀਤ



ਸਮਾਜਿਕ ਕੁਰੀਤੀਆਂ ਦੇ ਵਿਰੁੱਧ ਬੁਲੰਦ ਆਵਾਜ਼ ਉਠਾਉਂਦੇ ਹਨ, ਉੱਥੇ ਉਸ ਦੀਆਂ ਕਹਾਣੀਆਂ ਅਤੇ ਨਾਵਲ 'ਸੱਚ ਦਾ ਸੂਰਜ' ਵੀ ਸਮਾਜਿਕ ਕੁਰੀਤੀਆਂ ਦੀ ਵਿਰੋਧਤਾ ਅਤੇ ਆਪਣੇ ਸੱਭਿਆਚਾਰਕ ਵਿਰਸੇ ਦੀ ਸੰਭਾਲ ਦੇ ਵਿਸ਼ਿਆਂ ਦੁਆਲੇ ਹੀ ਘੁੰਮਦਾ ਹੈ। ਖ਼ੁਦ ਨਾਰੀ-ਵਰਗ ਨਾਲ ਸਬੰਧਤ ਹੋਣ ਕਰਕੇ ਨਾਰੀ-ਵਰਗ ਨੂੰ ਸਮਾਜ ਵਿਚ ਪੈਰ-ਪੈਰ ਉੱਤੇ ਦਰਪੇਸ਼ ਮੁਸ਼ਕਲਾਂ, ਉਸ ਨਾਲ ਹੋ ਰਹੇ ਜ਼ੁਲਮ ਅਤੇ ਵਧੀਕੀਆਂ ਨੂੰ ਭਲੀ-ਭਾਂਤ ਸਮਝਦੀ ਹੈ ਉਹ। ਇਸੇ ਕਰਕੇ ਨਾਰੀ-ਵਰਗ ਦੇ ਦੁਖਾਂਤ ਨੂੰ ਉਸ ਦੀ ਕਲਮ ਨੇ ਖੁੱਲ੍ਹ ਕੇ ਛੋਹਿਆ ਹੈ।

ਵਰਿੰਦਰ ਨੇ 'ਕਲਮਾਂ ਦਾ ਸਫ਼ਰ' 'ਜੋੜੀਆਂ ਜਗ ਥੋੜ੍ਹੀਆਂ' ਅਤੇ 'ਹੋਕਾ ਕਲਮਾਂ ਦਾ' ਆਦਿ ਵਿਚ ਵੀ ਭਰਵੀਂ ਹਾਜ਼ਰੀ ਲੱਗਵਾ ਚੁੱਕੀ ਹੈ। ਇਸ ਤੋਂ ਇਲਾਵਾ ਸੰਪਾਦਨਾ ਦੇ ਖੇਤਰ ਵਿਚ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਦੇ 254 ਕਲਮਾਂ ਦੇ ਕਾਵਿ-ਸੰਗ੍ਰਹਿ 'ਕਲਮਾਂ ਦਾ ਸਫ਼ਰ' ਅਤੇ ਇਸੇ ਸੰਸਥਾ ਦੀ 906 ਕਲਾ-ਪ੍ਰੇਮੀਆਂ ਦੀ ਟੈਲੀਫੋਨ ਡਾਇਰੈਕਟਰੀ, 'ਵਿਰਸੇ ਦੇ ਪੁਜਾਰੀ' ਦੇ ਸੰਪਾਦਕੀ ਬੋਰਡ ਵਿਚ ਵੀ ਅਹਿਮ ਰੋਲ ਨਿਭਾਇਆ ਹੈ। ਰੱਬ ਕਰੇ, ਮਾਂ-ਬੋਲੀ ਦੀ ਸੇਵਾ ਲਈ ਸੰਘਰਸ਼ਸ਼ੀਲ ਕਲਾ ਤੇ ਸੱਭਿਆਚਾਰ ਦੀ ਪੁਜਾਰਨ ਵਰਿੰਦਰ ਕੌਰ ਰੰਧਾਵਾ ਇਵੇਂ ਹੀ ਨਵੀਆਂ ਪੈੜਾਂ ਸਿਰਜਦੀ ਰਹੇ। •

---

ਛੋਟੀ ਕਹਾਣੀ



## ਸੁਪਨਿਆਂ ਵਾਲੀ ਸਾਂਝ

• **ਵਿਸ਼ਵਜੀਤ ਸਿੰਘ**, 97809-66297

ਸਵੇਰ ਹੋ ਗਈ ਸੀ ਤੇ ਠੰਡੀ ਵਗਦੀ ਹਵਾ ਨੀਂਦਰੋਂ ਉੱਠਣੇ ਦੀਆਂ ਸਭ ਕੋਸ਼ਿਸ਼ਾਂ ਨੂੰ ਨਾਕਾਮ ਕਰਦੀ ਜਾਪ ਰਹੀ ਸੀ। ਘੁੱਗੀ ਨੇ ਕੰਬਲ 'ਚੋਂ ਮੂੰਹ ਬਾਹਰ ਕੱਢਿਆ ਪਰ ਨੀਂਦ ਦੀਆਂ ਲੋਰਾਂ ਨੇ ਉਸ ਨੂੰ ਆਪਣੀ ਨਿੱਘੀ ਬੁੱਕਲ ਵਿੱਚੋਂ ਨਿਕਲਣ ਦੀ ਉੱਕਾ ਇਜਾਜ਼ਤ ਨਾ ਦਿੱਤੀ। ਉਹ ਸੁਪਨਿਆਂ ਦੀ ਦੁਨੀਆ ਵਿਚ ਗਵਾਚਾ ਆਪਣੇ ਹਰੇ-ਭਰੇ ਖੇਤਾਂ ਵਿਚ ਆਪਣੇ ਬਾਪੂ ਅਤੇ ਪੁੱਤਰ ਜੱਗੀ ਨਾਲ ਪਾਣੀ ਦਾ ਨੱਕਾ ਮੋੜ ਹੀ ਰਿਹਾ ਸੀ ਕਿ ਉਸ ਦੇ ਕੰਨੀਂ ਆਪਣੀ ਘਰਵਾਲੀ ਮੇਲੋ ਦੀ ਆਵਾਜ਼ ਪਈ ਕਿ ਅੱਜ ਕੰਮ 'ਤੇ ਨਹੀਂ ਜਾਣਾ? ਉਹ ਅੰਗੜਾਈਆਂ ਲੈਂਦਾ ਮੰਜੇ ਤੋਂ ਉੱਠਿਆ ਤੇ ਪੈਰੀਂ ਚੱਪਲ ਪਾ ਕੇ ਨਲਕੇ ਵੱਲ ਨੂੰ ਹੋ ਤੁਰਿਆ। ਪਾਣੀ ਦੇ ਛਿੱਟੇ ਮੂੰਹ 'ਤੇ ਮਾਰ ਉਸ ਨੇ ਪਾਣੀ ਨਾਲ ਭਰਿਆ ਡੱਬਾ ਚੁੱਕਿਆ ਤੇ ਖੇਤਾਂ ਵੱਲ ਲੰਘ ਗਿਆ। ਰਾਹ ਜਾਂਦਿਆਂ ਉਸ ਨੂੰ ਆਪਣੀ ਪੁੱਤਾਂ ਵਾਂਗ ਪਾਲੀ ਜ਼ਮੀਨ ਦਾ ਚੇਤਾ ਆਇਆ ਜਿਸ ਦੇ ਸੁਪਨੇ ਲੈਂਦਾ ਉਹ ਅੱਜ ਵੀ ਦੇਰ ਨਾਲ ਉੱਠਿਆ ਸੀ। ਵਾਪਸ ਘਰ ਪਰਤਦਿਆਂ ਉਸ ਨੇ ਦਾਤਣ ਕੀਤੀ ਤੇ ਮੇਲੋ ਨੇ ਉਸ ਨੂੰ ਚਾਹ ਦੀ ਕੱਪੀ ਫੜਾਈ। ਉਹ ਚਾਹ ਦੀ ਚੁਸਕੀ ਲੈਣ ਹੀ ਲੱਗਿਆ ਸੀ ਕਿ ਮੇਲੋ ਕਹਿਣ ਲੱਗੀ ਕਿ ਸਰਪੰਚ ਆਇਆ ਸੀ, ਆਖਦਾ ਸੀ ਸਮੇਂ ਸਿਰ ਕੰਮ 'ਤੇ ਆ ਜਾਇਆ ਕਰੇ, ਨਹੀਂ ਤਾਂ ਅੱਧੀ ਦਿਹਾੜੀ ਹੀ ਦੇਵਾਂਗਾ। ਇਹ ਸੁਣਦਿਆਂ ਹੀ ਘੁੱਗੀ ਨੇ ਫਟਾਫਟ ਚਾਹ ਮੁਕਾਈ ਤੇ ਥਾਲੀ 'ਚ ਪਈ ਰੋਟੀ 'ਤੇ ਲੂਣ ਧਰਿਆ ਅਤੇ ਗੋਲ ਕਰ ਖਾਂਦਾ ਹੋਇਆ ਸਰਪੰਚ ਦੀ ਕੋਠੀ ਵੱਲ ਨੂੰ ਕਾਹਲੀ-ਕਾਹਲੀ ਹੋ ਤੁਰਿਆ। ਉਸ ਨੇ ਜਿਵੇਂ ਹੀ ਕੋਠੀ ਅੰਦਰ ਪੈਰ ਧਰਿਆ, ਦੂਰੋਂ ਸਰਪੰਚ ਦਾ ਬੋਲ ਸੁਣਾਈ ਦਿੱਤਾ। ਤੇਰੇ ਰੋਜ਼-ਰੋਜ਼ ਦੇ ਨਖ਼ਰੇ ਨਹੀਂ ਹੁਣ ਝੱਲ ਹੋਣੇ। ਸਮੇਂ 'ਤੇ ਆਇਆ ਕਰ, ਨਹੀਂ ਤਾਂ ਦਿਹਾੜੀ ਦੀ ਆਸ ਮੇਰੇ ਤੋਂ ਨਾ ਰੱਖੀਂ। ਦੁਪਹਿਰ ਵੇਲੇ ਘੁੱਗੀ ਘਰ ਪਰਤ ਆਇਆ ਅਤੇ ਰੋਟੀ ਲਈ ਮੇਲੋ ਨੂੰ ਆਵਾਜ਼ ਮਾਰੀ। ਛਾਬੇ 'ਚ ਪਈਆਂ 2 ਰੋਟੀਆਂ ਦੇਖ ਉਸ ਨੇ ਮੇਲੋ ਨੂੰ ਪੁੱਛਿਆ, 'ਕੀ ਗੱਲ ਰੋਟੀ ਨਹੀਂ ਬਣਾਈ?' ਮੇਲੋ ਨੇ ਦੱਸਿਆ ਕਿ ਆਟਾ ਮੁੱਕ ਗਿਆ ਹੈ ਸੋ ਆਉਂਦੇ ਹੋਏ ਲੈ ਆਉਣਾ। ਘੁੱਗੀ ਡੂੰਘੀ ਸੋਚ ਵਿਚ ਗੁਆਚ ਗਿਆ ਕਿਉਂਕਿ ਉਸ ਦੀ ਜੇਬ ਵਿਚ ਤਾਂ ਧੇਲਾ ਵੀ ਨਹੀਂ ਸੀ। ਕੰਮ ਕਰਦਾ ਘੁੱਗੀ ਮਿਸਤਰੀ ਤੋਂ ਪੁੱਛ ਰਿਹਾ ਸੀ ਕਿ ਉਸ ਨੂੰ ਕੀ ਲੱਗਦਾ ਹੈ, ਸਰਪੰਚ ਦਿਹਾੜੀ ਦੇਵੇਗੇ ਜਾਂ ਨਹੀਂ? ਦਿਨ ਢਲ਼ਦਿਆਂ ਹੀ ਘੁੱਗੀ ਨੇ ਦਿਹਾੜੀ ਲੈਣ ਲਈ ਜਿਉਂ ਹੀ ਹੱਥ ਸਰਪੰਚ ਵੱਲ ਵਧਾਇਆ, ਸਰਪੰਚ ਨੇ ਅੱਗੋਂ ਇਹ ਕਹਿ ਪੱਲਾ ਛੁਡਾ ਲਿਆ ਕਿ ਪੈਸੇ ਕੰਮ ਖ਼ਤਮ ਹੋਏ 'ਤੇ ਹੀ ਮਿਲਣੇ। ਘੁੱਗੀ ਨੇ ਤਰਲੇ ਕਰਦਿਆਂ ਕਿਹਾ ਕਿ ਉਸ ਨੂੰ ਕੁਝ ਕੁ ਰੁਪਏ ਤਾਂ ਦੇ ਦੇਵੇ, ਘਰ ਆਟਾ ਮੁੱਕਿਆ ਹੈ। ਅੱਗੋਂ ਸਰਪੰਚ ਨੇ ਉਸ ਨੂੰ ਦਬਕਾ ਮਾਰਦਿਆਂ ਕਿਹਾ ਕਿ ਜੇ ਉਹ ਅੱਗੇ ਵੀ ਦੇਰੀ ਨਾਲ ਆਉਂਦਾ ਰਿਹਾ ਤਾਂ ਉਸ ਦੀ ਜਗ੍ਹਾ ਕਿਸੇ ਹੋਰ ਨੂੰ ਕੰਮ 'ਤੇ ਰੱਖ ਲਵੇਗਾ। ਘੁੱਗੀ ਮੂੰਹ ਲਟਕਾਈ ਘਰ ਵੱਲ ਤੁਰ ਪਿਆ। ਉਹ ਮਨ ਹੀ ਮਨ ਸੋਚਾਂ ਵਿਚ ਗੁਆਚਾ ਸੋਚ ਰਿਹਾ ਸੀ ਕਿ ਮੇਲੋ ਦੇ ਪੁੱਛਣ 'ਤੇ ਉਹ ਕੀ ਜਵਾਬ ਦੇਵੇਗੇ? ਘੁੱਗੀ ਅੱਜ ਕਾਫ਼ੀ ਬੇਬੱਸ ਮਹਿਸੂਸ ਕਰ ਰਿਹਾ ਸੀ। ਨਹਿਰ ਕੋਲ ਖਲੋਤਾ ਉਹ ਆਤਮ ਹੱਤਿਆ ਕਰਨ ਬਾਰੇ ਸੋਚ ਲੱਗਾ। ਬਾਪੂ ਦੀ ਕੈਂਸਰ ਦੀ ਬਿਮਾਰੀ ਅਤੇ ਪੁੱਤਰ ਦੇ ਨਸ਼ਿਆਂ ਨੇ ਉਸ ਤੋਂ ਸਭ ਕੁਝ ਖੋਹ ਲਿਆ ਸੀ। ਜ਼ਮੀਨ ਵੇਚ ਕੇ ਵੀ ਉਹ ਉਨ੍ਹਾਂ ਦੋਹਾਂ ਨੂੰ ਬਚਾ ਨਹੀਂ ਸੀ ਸਕਿਆ। ਅਚਾਨਕ ਨਹਿਰ ਦੇ ਪਾਣੀ ਉੱਤੇ ਤੈਰਦੀ ਆ ਰਹੀ ਲਾਸ਼ ਨੂੰ ਦੇਖ ਉਸ ਅੰਦਰ ਕੰਬਣੀ ਛਿੜ ਗਈ ਤੇ ਉਸ ਨੂੰ ਮੇਲੋ ਦਾ ਖ਼ਿਆਲ ਆਇਆ। ਉਸ ਨੇ ਹੁਣ ਕਾਹਲ਼ੀ-ਕਾਹਲ਼ੀ ਘਰ ਵੱਲ ਨੂੰ ਪੈਰ ਪੁੱਟਣੇ ਸ਼ੁਰੂ ਕਰ ਦਿੱਤੇ। ਘੁੱਗੀ ਘਰ ਤਾਂ ਪਹੁੰਚ ਗਿਆ ਪਰ ਉਹ ਮੇਲੋ ਨਾਲ ਅੱਖਾਂ ਨਾ ਮਿਲਾ ਸਕਿਆ। ਮੇਲੋ ਉਸ ਦੀਆਂ ਝੁਕੀਆਂ ਨਜ਼ਰਾਂ ਨੂੰ ਪਲਾਂ ਵਿਚ ਹੀ ਤਾੜ ਗਈ ਸੀ। ਮੇਲੋ ਨੇ ਉਦਾਸ ਬੈਠੇ ਘੁੱਗੀ ਮੋਹਰੇ ਥਾਲੀ ਧਰਦਿਆਂ ਕਿਹਾ ਕਿ ਉਹ ਗੁਆਂਢਣ ਤੋਂ ਡੰਗ ਸਾਰਨ ਜੋਗਾ ਆਟਾ ਲੈ ਆਈ ਸੀ। ਘੁੱਗੀ ਮਨੋ-ਮਨ ਰੱਬ ਦਾ ਸ਼ੁਕਰੀਆ ਅਦਾ ਕਰਦਾ ਰੋਟੀ ਖਾਣ ਲੱਗਾ। ਥੱਕਿਆ ਹਾਰਿਆ ਕੰਬਲ ਵਿਚ ਪਿਆ ਘੁੱਗੀ ਅੱਜ ਸੌਣ ਤੋਂ ਵੀ ਘਬਰਾ ਰਿਹਾ ਸੀ। ਮਾੜੇ ਵਕਤ ਅਤੇ ਕੱਲ੍ਹ ਦੀ ਰੋਟੀ ਦੇ ਫ਼ਿਕਰ ਨੇ ਅੱਜ ਉਸ ਕੋਲੋਂ ਬਾਪੂ ਅਤੇ ਜੱਗੀ ਨਾਲ ਹੁੰਦੀ ਸੁਪਨਿਆਂ ਵਾਲੀ ਸਾਂਝ ਵੀ ਖੋਹ ਲਈ ਸੀ। •

# ਸਿਹਤ ਲਈ ਗੁਣਕਾਰੀ ਖਜੂਰ

ਦੁਨੀਆ ਦਾ ਸਭ ਤੋਂ ਪੁਰਾਣਾ ਦਰਖ਼ਤ ਖਜੂਰ। ਇਸ ਦੀ ਖੇਤੀ ਸਭ ਤੋਂ ਪਹਿਲਾਂ ਤਕਰੀਬਨ 10, 000 ਪਹਿਲਾਂ ਸਾਊਥ ਅਰਬ 'ਚ ਕੀਤੀ ਗਈ ਸੀ। ਇਸਲਾਮ ਧਰਮ 'ਚ ਇਸ ਦਰਖ਼ਤ ਨੂੰ ਬਹੁਤ ਜ਼ਿਆਦੀ ਮਹੱਤਤਾ ਦਿੱਤੀ ਜਾਂਦੀ ਹੈ। ਇਸਲਾਮ ਧਰਮ 'ਚ ਹਰ ਕੋਈ ਵਿਅਕਤੀ ਆਪਣਾ ਰੋਜ਼ ਖਜੂਰ ਖਾ ਕੇ ਖੋਲ੍ਹ ਦੇ ਹਨ। ਖਜੂਰ 'ਚ ਅਨੇਕਾਂ ਪ੍ਰਕਾਰ ਦੇ ਗੁਣ ਪਾਏ ਜਾਂਦੇ ਹਨ ਜਿਵੇਂ- ਕੈਲਸ਼ੀਅਮ, ਆਇਰਨ, ਫਾਸਫੋਰਸ, ਸੋਡੀਅਮ ਆਦਿ ਤੱਤਾਂ ਨਾਲ ਭਰਪੂਰ। ਖਜੂਰ ਕੋਲੈਸਟ੍ਰੋਲ ਮੁਕਤ ਹੁੰਦੀ ਹੈ। ਆਓ ਜਾਣਦੇ ਹਾਂ ਇਸ ਦੇ ਫ਼ਾਇਦੇ

### ਕਬਜ਼ ਤੋਂ ਰਾਹਤ

ਖਜੂਰ ਨੂੰ ਲੈਕਸਟਿਵ ਫੂਡ ਦੀ ਸ਼੍ਰੇਣੀ 'ਚ ਰੱਖਿਆ ਜਾਂਦਾ ਹੈ। ਇਸ 'ਚ ਬਹੁਤ ਜ਼ਿਆਦਾ ਮਾਤਰਾ 'ਚ ਘੁਲਣਸ਼ੀਲ ਫਾਇਬਰ ਪਾਏ ਜਾਂਦੇ ਹਨ, ਜੋ ਪਾਚਨ ਕਿਰਿਆ ਨੂੰ ਠੀਕ ਰੱਖਦੇ ਹਨ। ਇਸ ਕਰਕੇ ਕਬਜ਼ ਦੀ ਸਮੱਸਿਆ ਤੋਂ ਰਾਹਤ ਪਾਉਣ ਲਈ ਖਜੂਰ ਦਾ ਸੇਵਨ ਕੀਤਾ ਜਾਂਦਾ ਹੈ। ਖਜੂਰ ਦਾ ਭਰਪੂਰ ਫ਼ਾਇਦਾ ਚੁਕਣ ਲਈ ਸਾਰੀ ਰਾਤ ਇਨ੍ਹਾਂ ਨੂੰ ਪਾਣੀ 'ਚ ਡੋਬ ਕੇ ਰੱਖਣਾ ਚਾਹੀਦਾ ਹੈ ਤੇ ਸਵੇਰੇ ਪਾਣੀ ਦੇ ਨਾਲ ਇਸ ਦਾ ਸੇਵਨ ਕਰੋ।

### ਖ਼ੂਨ ਦੀ ਘਾਟ ਤੋਂ ਨਿਜਾਤ

ਖਜੂਰ 'ਚ ਆਇਰਨ ਕਾਫ਼ੀ ਮਾਤਰਾ 'ਚ ਪਾਇਆ ਜਾਂਦਾ ਹੈ। ਇਹ ਖ਼ੂਨ 'ਚ ਆਇਰਨ ਦੀ ਮਾਤਰਾ ਨੂੰ ਵਧਾਉਂਦਾ ਹੈ। ਇਸ ਲਈ ਐਨੀਮੀਆ ਭਾਵ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਲਈ ਖਜੂਰ ਦਾ ਸੇਵਨ ਕੀਤਾ ਜਾਂਦਾ ਹੈ।

### ਐਲਰਜੀ ਤੋਂ ਛੁਟਕਾਰਾ

ਇਸ 'ਚ ਔਰਗੈਨੀਕ ਸਲਫਰ ਪਾਇਆ ਜਾਂਦਾ ਹੈ, ਜੋ ਬਹੁਤ ਘੱਟ ਖਾਦ ਪਦਾਰਥਾਂ 'ਚ ਮੌਜੂਦ ਹੈ। ਇਹ ਮੌਸਮੀ ਐਲਰਜੀ ਦੇ ਖ਼ਤਰੇ ਨੂੰ ਘੱਟ ਕਰਦਾ ਹੈ।

### ਹੱਡੀਆਂ ਨੂੰ ਮਜ਼ਬੂਤ ਕਰਨਾ

ਖਜੂਰ 'ਚ ਭਰਪੂਰ ਮਾਤਰਾ 'ਚ ਪੋਟਾਸ਼ੀਅਮ ਤੇ ਬਹੁਤ ਘੱਟ ਮਾਤਰਾ 'ਚ ਸੋਡੀਅਮ ਪਾਇਆ ਜਾਂਦਾ ਹੈ। ਇਸ ਲਈ ਇਹ ਸਾਡੇ ਨਰਵਸ ਸਿਸਟਮ ਤੇ ਹੱਡੀਆਂ ਨੂੰ ਮਜ਼ਬੂਤ ਕਰਨ 'ਚ ਮਦਦ ਕਰਦੀ ਹੈ।



ਮੁਨੀਸ਼ ਕੁਮਾਰ



# ਹਲਕਾਅ ਜਾਨਵਰਾਂ ਤੇ ਮਨੁੱਖਾਂ ਦੀ ਖ਼ਤਰਨਾਕ ਬਿਮਾਰੀ

*ਇਹ ਰੋਗ ਪਾਲਤੂ, ਬੇਘਰੇ ਅਤੇ ਜੰਗਲੀ ਜਾਨਵਰਾਂ, ਜਿਵੇਂ ਕੁੱਤੇ, ਬਿੱਲੀਆਂ, ਗਾਵਾਂ, ਮੱਝਾਂ, ਘੋੜੇ, ਭੇਡਾਂ, ਬੱਕਰੀਆਂ, ਸੂਰ, ਬਾਂਦਰ, ਲੂਬੜੀ, ਨਿਓਲਾ ਅਤੇ ਚਮਗਿਦੜ ਆਦਿ ਨੂੰ ਪ੍ਰਭਾਵਿਤ ਕਰਦਾ ਹੈ। ਰੋਗ ਦਾ ਫੈਲਾਅ ਹਲਕੇ ਹੋਏ ਜਾਨਵਰ ਦੇ ਕੱਟਣ ਜਾਂ ਨਹੁੰਦਰਾਂ ਮਾਰਨ ਨਾਲ ਹੁੰਦਾ ਹੈ...*

ਹਲਕਾਅ ਨੂੰ ਅੰਗਰੇਜ਼ੀ ਭਾਸ਼ਾ ਵਿਚ ਰੇਬੀਜ਼ ਵੀ ਆਖਦੇ ਹਨ। ਇਕ ਭਿਆਨਕ ਬਿਮਾਰੀ ਹੈ ਜੋ ਜਾਨਵਰ ਅਤੇ ਮਨੁੱਖ ਦੋਵਾਂ ਨੂੰ ਪ੍ਰਭਾਵਿਤ ਕਰਦੀ ਹੈ। ਇਹ ਇਕ ਵਿਸ਼ਾਣੂ ਰੋਗ ਹੈ, ਜੋ ਪ੍ਰਭਾਵਿਤ ਜਾਨਵਰ ਅਤੇ ਮਨੁੱਖ ਦੇ ਦਿਮਾਗ਼ ਦੀਆਂ ਨਾੜੀਆਂ ਨੂੰ ਸੋਜ਼ਿਸ਼ ਕਰ ਦਿੰਦਾ ਹੈ। ਜੇ ਕਿਸੇ ਮਨੁੱਖ ਜਾਂ ਜਾਨਵਰ ਅੰਦਰ ਇਕ ਵਾਰੀ ਇਸ ਰੋਗ ਦੇ ਲੱਛਣ ਪੈਦਾ ਹੋ ਜਾਣ ਤਾਂ ਇਹ ਰੋਗ ਜਾਨਲੇਵਾ ਸਿੱਧ ਹੁੰਦਾ ਹੈ ਕਿਉਂਕਿ ਹਲਕਾਅ ਦਾ ਕੋਈ ਇਲਾਜ ਅਜੇ ਤਕ ਸੰਭਵ ਨਹੀਂ ਹੈ। ਇਸ ਲਈ ਇਸ ਰੋਗ ਤੋਂ ਬਚਾਅ ਦਾ ਇੱਕੋ-ਇਕ ਤਰੀਕਾ ਹੈ। ਹਲਕਾਅ ਤੋਂ ਬਚਾਅ ਲਈ ਸਭ ਤੋਂ ਅਹਿਮ ਗੱਲ ਇਹ ਹੈ ਕਿ ਇਸ ਬਾਰੇ ਸਾਨੂੰ ਵੱਧ ਤੋਂ ਵੱਧ ਜਾਣਕਾਰੀ ਹੋਵੇ। ਇਹ ਜਾਣਕਾਰੀ ਸਾਨੂੰ ਅਤੇ ਸਾਡੇ ਪਾਲਤੂ ਜਾਨਵਰਾਂ ਨੂੰ ਇਸ ਭਿਆਨਕ ਰੋਗ ਤੋਂ ਬਚਾਉਣ 'ਚ ਸਹਾਈ ਸਿੱਧ ਹੁੰਦੀ ਹੈ।

### ਕਾਰਨ

ਹਲਕਾਅ ਇਕ ਆਲਮੀ ਸਮੱਸਿਆ ਹੈ। ਇਹ ਸਾਰੀ ਦੁਨੀਆ ਵਿਚ ਪਾਇਆ ਜਾਂਦਾ ਹੈ ਪਰ ਇਸ ਨਾਲ ਹੋਣ ਵਾਲੀਆਂ 95 ਫ਼ੀਸਦੀ ਮੌਤਾਂ ਏਸ਼ੀਆ ਅਤੇ ਅਫਰੀਕਾ ਵਿਚ ਹੁੰਦੀਆਂ ਹਨ ਕਿਉਂਕਿ ਇਨ੍ਹਾਂ ਖਿੱਤਿਆਂ ਵਿਚ ਗ਼ਰੀਬੀ ਵਧੇਰੇ ਹੈ ਅਤੇ ਜਾਗਰੂਕਤਾ ਦੀ ਘਾਟ ਹੈ। ਇਹ ਰੋਗ ਪਾਲਤੂ, ਬੇਘਰੇ ਅਤੇ ਜੰਗਲੀ ਜਾਨਵਰਾਂ, ਜਿਵੇਂ ਕੁੱਤੇ, ਬਿੱਲੀਆਂ, ਗਾਵਾਂ, ਮੱਝਾਂ, ਘੋੜੇ, ਭੇਡਾਂ, ਬੱਕਰੀਆਂ, ਸੂਰ, ਬਾਂਦਰ, ਲੂਬੜੀ, ਨਿਓਲਾ ਅਤੇ ਚਮਗਿਦੜ ਆਦਿ ਨੂੰ ਪ੍ਰਭਾਵਿਤ ਕਰਦਾ ਹੈ। ਰੋਗ ਦਾ ਫੈਲਾਅ ਹਲਕੇ ਹੋਏ ਜਾਨਵਰ ਦੇ ਕੱਟਣ ਜਾਂ ਨਹੁੰਦਰਾਂ ਮਾਰਨ ਨਾਲ ਹੁੰਦਾ ਹੈ। ਇਸ ਦੇ ਵਿਸ਼ਾਣੂ ਹਲਕੇ ਹੋਏ ਜਾਨਵਰ ਦੀ ਲਾਰ ਜਾਂ ਥੁੱਕ ਵਿਚ ਹੁੰਦਾ ਹੈ। ਆਮ ਤੌਰ 'ਤੇ ਮਨੁੱਖਾਂ ਵਿਚ ਇਹ ਰੋਗ ਹਲਕਾਏ ਹੋਏ ਕੁੱਤਿਆਂ ਰਾਹੀਂ ਫ਼ੈਲਦਾ ਹੈ। ਜਦ ਕਿਸੇ ਨੂੰ ਹਲਕਿਆ ਹੋਇਆ ਜਾਨਵਰ ਵੱਢ ਦਿੰਦਾ ਹੈ ਤਾਂ ਹਲਕਾਅ ਦਾ ਵਿਸ਼ਾਣੂ ਤੰਤੂਆਂ ਨਰਵਜ਼ ਰਾਹੀਂ ਦਿਮਾਗ਼ ਤਕ ਪਹੁੰਚਦਾ ਹੈ। ਜ਼ਖ਼ਮ ਜਿੰਨਾਂ ਦਿਮਾਗ਼ ਦੇ ਨੇੜੇ ਹੁੰਦਾ ਹੈ ਓਨੀਂ ਛੇਤੀ ਇਹ ਸਰੀਰ ਵਿਚ ਫੈਲਦਾ ਹੈ।

### ਲੱਛਣ

ਹਲਕਾਏ ਹੋਏ ਜਾਨਵਰਾਂ ਵਿਚ ਇਸ ਬਿਮਾਰੀ ਦੇ ਲੱਛਣ ਦਿਮਾਗ਼ ਦੀ ਪ੍ਰਣਾਲੀ (ਸੈਂਟਰਲ ਨਰਵਸ ਸਿਸਟਮ) ਨਾਲ ਜੁੜੇ ਹੋਏ ਹੁੰਦੇ ਹਨ, ਜਿਵੇਂ ਕਿ ਸਭ ਤੋਂ ਮਹੱਤਵਪੂਰਣ ਹਨ-ਪੀੜਤ ਵਿਅਕਤੀ ਜਾ ਜਾਨਵਰ ਦੇ ਸੁਭਾਅ ਵਿਚ ਤਬਦੀਲੀ ਆਉਣਾ ਅਤੇ ਅਧਰੰਗ। ਇਸ ਤੋਂ ਇਲਾਵਾ ਆਵਾਜ਼ ਦਾ ਬਦਲ ਜਾਣਾ ਅਤੇ ਵਧੇਰੇ ਗੁੱਸਾ ਆਉਣਾ ਵੀ ਇਸ ਦੇ ਮੁੱਖ ਲੱਛਣ ਹਨ। ਆਮ ਤੌਰ 'ਤੇ ਸ਼ਾਂਤ ਸੁਭਾਅ ਜਾਨਵਰ ਵੀ ਹਲਕਾਅ ਦਾ ਸ਼ਿਕਾਰ ਹੋਣ 'ਤੇ ਇਕਦਮ ਗੁੱਸੇਖ਼ੋਰ ਹੋ ਜਾਂਦਾ ਹੈ। ਰੋਗ ਦੀਆਂ ਦੋ ਮੁੱਖ ਕਿਸਮਾਂ ਹਨ :

**ਗੁੱਸੇ ਵਾਲੀ ਕਿਸਮ** : ਇਸ ਵਿਚ ਰੋਗੀ ਚਿੜਚਿੜਾ ਹੋ ਜਾਂਦਾ ਹੈ ਅਤੇ ਉਹ ਦੰਦ, ਨਹੁੰਦਰਾਂ, ਸਿੰਗ ਜਾਂ ਖੁਰ ਮਾਰਦਾ ਹੈ। ਕੁੱਤੇ ਆਮਤੌਰ 'ਤੇ ਜ਼ਿਆਦਾ ਘੁੰਮਦੇ ਹਨ ਅਤੇ ਦੂਸਰੇ ਜਾਨਵਰਾਂ ਜਾਂ ਲੋਕਾਂ ਨੂੰ ਵੱਢਦੇ ਹਨ। ਉਹ ਪੱਥਰ, ਡੰਡੇ ਆਦਿ ਪਦਾਰਥ ਨੂੰ ਵੀ ਖਾ ਜਾਂਦੇ ਹਨ। ਰੋਗ ਵਧਣ ਨਾਲ ਚੱਲਣ ਵਿਚ ਮੁਸ਼ਕਲ ਆਉਂਦੀ ਹੈ ਅਤੇ ਦੌਰੇ ਵੀ ਪੈਂਦੇ ਹਨ।

**ਗੂੰਗੀ ਕਿਸਮ** : ਇਸ ਕਿਸਮ ਵਿਚ ਰੋਗੀ ਜਾਨਵਰ ਦੇ ਗਲ਼ੇ ਦੀਆਂ ਮਾਸਪੇਸ਼ੀਆਂ ਦਾ ਅਧਰੰਗ ਹੋ ਜਾਂਦਾ ਹੈ, ਜਿਸ ਕਰਕੇ ਰੋਗੀ ਕੁਝ ਵੀ ਖਾ ਜਾਂ ਪੀ ਨਹੀਂ ਸਕਦਾ ਅਤੇ ਮੂੰਹ ਵਿੱਚੋਂ ਲਾਰ ਜਾਂ ਥੁੱਕ ਬਾਹਰ ਡਿੱਗਣ ਲਗਦੀ ਹੈ। ਅਜਿਹੀ ਹਾਲਤ ਵਿਚ ਕਈ ਵਾਰ ਜਾਨਵਰ ਦੇ ਮਾਲਕ ਨੂੰ ਲਗਦਾ ਹੈ ਕਿ ਜਾਨਵਰ ਦੇ ਮੂੰਹ ਵਿਚ ਕੁਝ ਫਸ ਗਿਆ ਹੈ ਅਤੇ ਉਹ ਉਸ ਦੇ ਮੂੰਹ ਵਿਚ ਹੱਥ ਪਾ ਕੇ ਉਸ ਨੂੰ ਕੱਢਣ ਦੀ ਕੋਸ਼ਿਸ਼ ਕਰਦਾ ਹੈ ਤੇ ਇਸ ਦੌਰਾਨ ਜਾਨਵਰ ਦੇ ਗੁੱਸੇਖ਼ੋਰ ਸੁਭਾਅ ਕਾਰਨ ਉਸ ਦੇ ਵੱਢਣ ਕਾਰਨ ਖ਼ੁਦ ਹਲਕਾਅ ਦੀ ਲਾਗ ਜਾਂ ਇਨਫੈਕਸ਼ਨ ਕਰਵਾ ਲੈਂਦਾ ਹੈ। ਅਖ਼ੀਰ ਵਿਚ ਅਧਰੰਗ ਪੀੜਤ ਵਿਅਕਤੀ ਜਾਂ ਜਾਨਵਰ ਦੇ ਸਾਰੇ ਸਰੀਰ ਵਿਚ ਫ਼ੈਲ ਜਾਂਦਾ ਹੈ ਤੇ ਉਸ ਦੀ ਮੌਤ ਹੋ ਜਾਂਦੀ ਹੈ।

### ਮਨੁੱਖਾਂ ਵਿਚ ਹਲਕਾਅ ਦੇ ਲੱਛਣ

***ਮਨੁੱਖਾਂ ਵਿਚ ਵੀ ਇਸ ਰੋਗ ਦੇ ਲੱਛਣ ਦਿਮਾਗ਼ ਦੀਆਂ ਨਾੜੀਆਂ ਦੀ ਸੋਜ਼ਿਸ਼ ਕਾਰਨ ਕਰੀਬ ਇਸ ਤਰ੍ਹਾਂ ਦੇ ਹੁੰਦੇ ਹਨ :***

*ਹਲਕਾਅ ਦੇ ਸ਼ਿਕਾਰ ਹੋਏ ਵਿਅਕਤੀ ਦੇ ਸੁਭਾਅ ਵਿਚ ਕਾਫ਼ੀ ਤਬਦੀਲੀ ਆ ਜਾਂਦੀ ਹੈ। ਉਹ ਚਿੜਚਿੜਾ ਹੋ ਜਾਂਦਾ ਹੈ। ਉਹ ਕਿਸੇ ਵੀ ਵਿਅਕਤੀ ਉੱਪਰ ਅਚਾਨਕ ਹਮਲਾ ਕਰ ਸਕਦਾ ਹੈ। ਵਿਅਕਤੀ ਬੇਚੈਨੀ ਅਤੇ ਪਰੇਸ਼ਾਨੀ ਮਹਿਸੂਸ ਕਰਦਾ ਹੈ। ਪੀੜਤ ਵਿਅਕਤੀ ਪਾਣੀ ਤੋਂ ਡਰਦਾ ਹੈ, ਉਸ ਦੇ ਮੂੰਹ ਵਿੱਚੋਂ ਲਾਰ ਜਾਂ ਥੁੱਕ ਵਗਣ ਲਗਦਾ ਹੈ ਅਤੇ ਅੰਤ ਉਸ ਦੀ ਮੌਤ ਹੋ ਜਾਂਦੀ ਹੈ। ਇਥੇ ਇਹ ਗੱਲ ਦੁਹਰਾਉਣੀ ਲਾਜ਼ਮੀ ਹੈ ਕਿ ਹਲਕਾਅ ਦਾ ਕੋਈ ਇਲਾਜ ਨਹੀਂ ਹੈ, ਨਾ ਪਸ਼ੂਆਂ ਵਿਚ ਅਤੇ ਨਾ ਹੀ ਮਨੁੱਖਾਂ ਵਿਚ, ਪ੍ਰੰਤੂ ਕੁਝ ਅਹਿਮ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਇਸ ਤੋਂ ਬਚਿਆ ਜਾ ਸਕਦਾ ਹੈ।*





### ਕੁੱਤੇ ਦੇ ਵੱਢਣ 'ਤੇ ਮੁੱਢਲੀ ਸਹਾਇਤਾ

ਕਿਸੇ ਕੁੱਤੇ ਦੁਆਰਾ ਨਹੁੰਦਰਾਂ ਮਾਰਨ ਜਾਂ ਵੱਢਣ ਦੀ ਹਾਲਤ 'ਚ ਪ੍ਰਭਾਵਿਤ ਵਿਅਕਤੀ ਜਾਂ ਜਾਨਵਰ ਦੇ ਜ਼ਖ਼ਮ ਨੂੰ ਕੱਪੜੇ ਧੋਣ ਵਾਲੇ ਸਾਬਣ (ਜਿਸ ਵਿਚ ਕਾਸਟਿਕ ਸੋਡੇ ਦੀ ਮਾਤਰਾ ਵਧੇਰੇ ਹੋਵੇ) ਅਤੇ ਖੁੱਲ੍ਹੇ ਪਾਣੀ ਨਾਲ (ਘੱਟ ਤੋਂ ਘੱਟ 15 ਮਿੰਟ ਚੱਲ ਰਹੀ ਟੂਟੀ ਹੇਠ) ਧੋਣਾ ਚਾਹੀਦਾ ਹੈ। ਸ਼ੱਕੀ ਜਾਨਵਰ ਦੇ ਸੰਪਰਕ ਤੋਂ ਬਾਅਦ ਸਾਬਣ ਅਤੇ ਪਾਣੀ ਨਾਲ ਸਾਫ਼ ਕੀਤਾ ਜ਼ਖ਼ਮ ਜ਼ਿੰਦਗੀ ਨੂੰ ਬਚਾਉਣ 'ਚ ਸਹਾਈ ਹੋ ਸਕਦੇ ਹਨ। ਜ਼ਖ਼ਮ ਨੂੰ ਧੋਣ ਤੋਂ ਬਾਅਦ ਇਸ ਉੱਪਰ ਐਂਟੀਸੈਪਟਿਕ ਦਵਾਈ (ਆਇਓਡੀਨ ਦਾ ਘੋਲ) ਲਗਾਓ। ਜਿੱਥੋਂ ਤਕ ਸੰਭਵ ਹੋਵੇ ਜ਼ਖ਼ਮ ਉੱਪਰ ਪੱਟੀ ਜਾਂ ਟਾਂਕੇ ਨਹੀਂ ਲਗਾਉਣੇ ਚਾਹੀਦੇ। ਕੁੱਤੇ ਦੁਆਰਾ ਵੱਢਣ ਦੇ ਮਾਮਲੇ ਵਿਚ ਕਦੇ ਅਣਗੌਲੀ ਨਾ ਕਰੋ। ਜਿਸ ਦਿਨ ਕੁੱਤੇ ਨੇ ਵੱਢਿਆ ਹੋਵੇ, ਉਸੇ ਦਿਨ ਜਲਦੀ ਤੋਂ ਜਲਦੀ ਡਾਕਟਰ ਨਾਲ ਸੰਪਰਕ ਕਰ ਕੇ ਟੀਕਾਕਰਨ ਸ਼ੁਰੂ ਕਰਵਾ ਦਿਉ। ਕੁੱਤੇ ਦੇ ਵੱਢਣ (ਪੋਸਟ ਐਕਸਪੋਜ਼ਰ) ਤੋਂ ਬਾਅਦ ਦਾ ਟੀਕਾਕਰਨ ਨਿਰਧਾਰਿਤ ਸਮੇਂ 'ਤੇ ਕਰਵਾਉਣਾ ਬਹੁਤ ਜ਼ਰੂਰੀ ਹੈ।

94637-21182

### ਟੀਕਾਕਰਨ

*ਆਪਣੇ ਪਾਲਤੂ ਕੁੱਤੇ ਨੂੰ ਨਿਯਮਿਤ ਤੌਰ 'ਤੇ ਹਲਕਾਅ ਤੋਂ ਬਚਾਅ ਦੇ ਟੀਕੇ ਜ਼ਰੂਰ ਲਗਵਾਉ। ਪਹਿਲਾ ਟੀਕਾ ਕੁੱਤੇ ਦੀ ਤਿੰਨ ਮਹੀਨੇ ਦੀ ਉਮਰ 'ਤੇ ਲਗਵਾਉਣਾ ਚਾਹੀਦਾ ਹੈ, ਦੂਸਰਾ ਟੀਕਾ (ਬੂਸਟਰ ਡੋਜ਼) 6 ਮਹੀਨੇ ਦੀ ਉਮਰ 'ਤੇ ਅਤੇ ਇਸ ਤੋਂ ਬਾਅਦ ਹਰ ਸਾਲ ਇਕ ਟੀਕਾ ਨਿਯਮਿਤ ਲਗਵਾਉਣਾ ਚਾਹੀਦਾ ਹੈ। ਆਪਣੇ ਪਾਲਤੂ ਕੁੱਤੇ ਨੂੰ ਅਵਾਰਾ ਕੁੱਤਿਆਂ ਦੇ ਸੰਪਰਕ 'ਚ ਨਾ ਆਉਣ ਦਿਉ। ਜੰਗਲੀ ਜਾਨਵਰਾਂ ਨਿਓਲ, ਚਮਗਾਦੜ ਆਦਿ ਦੇ ਸੰਪਰਕ 'ਚ ਆਉਣ ਤੋਂ ਖ਼ੁਦ ਵੀ ਬਚੋ ਅਤੇ ਆਪਣੇ ਪਾਲਤੂ ਜਾਨਵਰਾਂ ਨੂੰ ਵੀ ਬਚਾਉ। ਜੇ ਘਰ ਦੇ ਪਾਲਤੂ ਕੁੱਤੇ ਜਾਂ ਪਸ਼ੂ ਨੂੰ ਹਲਕਿਆ ਹੋਇਆ ਕੁੱਤਾ ਵੱਢ ਜਾਵੇ ਤਾਂ ਵੈਟਰਨਰੀ ਡਾਕਟਰ ਨਾਲ ਸੰਪਰਕ ਕਰ ਕੇ ਉਸ ਦਾ ਫ਼ੌਰੀ ਤੌਰ 'ਤੇ ਟੀਕਾਕਰਨ ਕਰਵਾਉ। ਇਨ੍ਹਾਂ ਵਿੱਚੋਂ ਇਕ ਟੀਕਾ ਜਿਸ ਦਿਨ ਹਲਕੇ ਹੋਏ ਕੁੱਤੇ ਨੇ ਵੱਢਿਆ ਹੋਵੇ ਉਸੇ ਦਿਨ ਲੱਗਣਾ ਚਾਹੀਦਾ ਹੈ ਅਤੇ ਇਸ ਤੋਂ ਬਾਅਦ 3, 7, 14, 28 ਅਤੇ 90 ਦਿਨ ਦੇ ਵਕਫ਼ੇ 'ਤੇ ਟੀਕਾ ਲਗਵਾ ਕੇ ਟੀਕਾਕਰਨ ਦੇ ਇਸ ਕੋਰਸ ਨੂੰ ਮੁਕੰਮਲ ਕਰ ਲੈਣਾ ਚਾਹੀਦਾ ਹੈ। ਇਨਫੈਕਸ਼ਨ ਵਾਲੀ ਸਮੱਗਰੀ ਜਾਂ ਜਾਨਵਰ ਨਾਲ ਸਬੰਧਤ ਵਿਅਕਤੀ ਨੂੰ ਪ੍ਰੋਫਾਈਲੈਕਟਿਕ (ਬਚਾਅ ਲਈ) ਟੀਕਾਕਰਨ ਲਾਜ਼ਮੀ ਕਰਵਾਉਣਾ ਚਾਹੀਦਾ ਹੈ।*

# ਹਰ-ਰੋਜ਼ ਕਿਉਂ ਖਾਣਾ ਚਾਹੀਦਾ ਹੈ ਕੇਲਾ



ਵਿਟਾਮਿਨ, ਪ੍ਰੋਟੀਨ, ਆਇਰਨ, ਪੋਟਾਸ਼ੀਅਮ, ਫਾਇਬਰ ਤੇ ਬਹੁਤ ਸਾਰੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਕੇਲਾ ਸਿਹਤ ਲਈ ਬਹੁਤ ਹੀ ਲਾਭਕਾਰੀ ਹੈ ਤੇ ਇਹ ਆਸਾਨੀ ਨਾਲ ਹਰ ਇਕ ਮੌਸਮ 'ਚ ਮਿਲ ਜਾਂਦਾ ਹੈ। ਕੀ ਤੁਸੀ ਜਾਣਦੇ ਹੋ ਕਿ ਰੋਜ਼ ਇਕ ਕੇਲਾ ਖਾਣ ਨਾਲ ਬਲੱਡ ਪ੍ਰੈਸ਼ਰ ਤੋਂ ਲੈ ਕੇ ਭਾਰ ਵਧਾਉਣ ਦੀ ਸਮੱਸਿਆ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਨ੍ਹਾਂ ਹੀ ਨਹੀਂ ਇਸ ਨਾਲ ਸਰੀਰ ਨੂੰ ਐਨਰਜੀ ਮਿਲਦੀ ਹੈ ਤੇ ਕਬਜ਼ ਦੀ ਸਮੱਸਿਆ ਵੀ ਦੂਰ ਹੁੰਦੀ ਹੈ। ਅੱਜ ਅਸੀਂ ਤੁਹਾਨੂੰ ਕੇਲੇ ਦੇ ਫ਼ਾਇਦਿਆਂ ਬਾਰੇ ਜਾਗਰੂਕ ਕਰਾਗੇ ਜੋ ਸਰੀਰ ਸਬੰਧੀ ਕਈ ਤਰ੍ਹਾਂ ਦੀਆਂ ਬਿਮਾਰੀਆਂ ਨੂੰ ਦੂਰ ਕਰਦਾ ਹੈ।

### ਪਾਚਨ-ਤੰਤਰ

ਕੇਲੇ 'ਚ ਪਾਏ ਜਾਣ ਵਾਲੇ ਫਾਇਬਰ ਨਾਲ ਪਾਚਨ ਤੰਤਰ ਸਹੀਂ ਰਹਿੰਦਾ ਹੈ। ਇਸ ਨਾਲ ਤੁਸੀ ਅਨੇਕਾਂ ਬਿਮਾਰੀਆਂ ਤੋਂ ਬਚ ਸਕਦੇ ਹੋ। ਇਸ ਨਾਲ ਪੇਟ ਸਬੰਧੀ ਪਰੇਸ਼ਾਨੀਆਂ ਤੇ ਐਸਿਡੀਟੀ ਤੋਂ ਵੀ ਨਿਜਾਤ ਪਾ ਸਕਦੇ ਹੋ।

### ਭਾਰ ਵਧਾਏ

ਭਾਰ ਵਧਾਉਣ ਲਈ ਕੇਲਾ ਬਹੁਤ ਗੁਣਕਾਰੀ ਹੈ। ਹਰ ਰੋਜ਼ 2-3 ਕੇਲੇ ਖਾਣ ਨਾਲ ਜਾਂ ਇਸ ਦਾ ਸ਼ੇਕ ਪੀਣ ਨਾਲ ਪਤਲੇ ਲੋਕ ਮੋਟੇ ਹੋ ਸਕਦੇ ਹਨ। ਇਸ ਲਈ ਪਤਲੇ ਲੋਕਾਂ ਨੂੰ ਭਾਰ ਵਧਾਉਣ ਲਈ ਕੇਲੇ ਦਾ ਸੇਵਨ ਜ਼ਰੂਰ ਕਰਨਾ ਚਾਹੀਦਾ ਹੈ।

### ਯਾਦਦਾਸ਼ਤ ਵਧਾਏ

ਕੇਲੇ 'ਚ ਵਿਟਾਮਿਨ ਬੀ6 ਗੁਣ ਪਾਇਆ ਜਾਂਦਾ ਹੈ, ਜੋ ਬਰੇਨ ਨੂੰ ਤੇਜ਼ ਕਰਨ 'ਚ ਮਦਦਗਾਰ ਹੈ। ਇਸ ਲਈ ਕੇਲੇ ਦੇ ਸ਼ੇਕ ਦਾ ਸੇਵਨ ਜ਼ਰੂਰ ਕਰਨਾ ਚਾਹੀਦਾ ਹੈ।

### ਭੁੱਖ ਕਰੇ ਕੰਟਰੋਲ

ਸਵੇਰੇ ਨਾਸ਼ਤੇ 'ਚ 2-3 ਕੇਲਿਆਂ ਦਾ ਸੇਵਨ ਕਰੋ। ਇਸ ਨਾਲ ਤੁਹਾਨੂੰ ਦੁਪਹਿਰ ਤਕ ਭੁੱਖ ਨਹੀਂ ਲਗਦੀ। ਇਸ 'ਚ ਮੌਜੂਦ ਪੋਟਾਸ਼ੀਅਮ ਤੇ ਫਾਇਬਰ ਭੁੱਖ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ। ਇਸ ਦੇ ਇਲਾਵਾ ਸਰੀਰ ਨੂੰ ਐਨਰਜੀ ਵੀ ਮਿਲਦੀ ਹੈ।

### ਕਬਜ਼ ਕੁਸ਼ਾ

ਕੇਲੇ ਦੇ ਸੇਵਨ ਨਾਲ ਕਬਜ਼ ਤੋਂ ਰਾਹਤ ਪਾਈ ਜਾ ਸਕਦੀ ਹੈ। ਰਾਤ ਨੂੰ ਸੌਣ ਤੋਂ ਪਹਿਲਾਂ ਦੁੱਧ ਨਾਲ ਕੇਲੇ ਦਾ ਸੇਵਨ ਕਰਨਾ ਚਾਹੀਦਾ ਹੈ। ਸਵੇਰ ਤਕ ਕਬਜ਼ ਦੀ ਸਮੱਸਿਆ ਤੋਂ ਰਾਹਤ ਪਾਈ ਜਾ ਸਕਦੀ ਹੈ।

### ਬਲੱਡ ਪ੍ਰੈਸ਼ਰ ਤੇ ਸ਼ੂਗਰ ਕਰੇ ਕੰਟਰੋਲ

ਕੇਲੇ 'ਚ ਪਾਏ ਜਾਣ ਵਾਲੇ ਵਿਟਾਮਿਨ ਬੀ6 ਸਰੀਰ ਦੇ ਬਲੱਡ ਗੁਲੂਕੋਜ਼ ਲੈਵਲ ਨੂੰ ਠੀਕ ਰੱਖਦਾ ਹੈ ਜਿਸ ਨਾਲ ਤੁਹਾਡੀ ਸ਼ੂਗਰ ਕੰਟਰੋਲ 'ਚ ਰਹਿੰਦੀ ਹੈ। ਇਸ ਲਈ ਰੋਜ਼ 1 ਕੇਲੇ ਦਾ ਸੇਵਨ ਕਰੋ।

### ਤਣਾਅ ਤੋਂ ਰਾਹਤ

ਕੇਲਾ ਤਣਾਅ ਦੇ ਮਰੀਜ਼ ਲਈ ਬਹੁਤ ਵਧੀਆ ਹੈ। ਇਸ 'ਚ ਮੌਜੂਦ ਪ੍ਰੋਟੀਨ ਦਿਮਾਗ਼ 'ਚ ਸਟ੍ਰੈਸ ਪੈਦਾ ਕਰਨ ਵਾਲੇ ਹਾਰਮੋਨਜ਼ ਨੂੰ ਸ਼ਾਂਤ ਕਰਦਾ ਹੈ, ਜਿਸ ਨਾਲ ਤੁਹਾਡਾ ਤਣਾਅ ਦੂਰ ਹੋ ਜਾਂਦਾ ਹੈ।

ਗੁਰਭਿੰਦਰ ਗੁਰੀ



# ਘਰੇਲੂ ਨੁਸਖ਼ੇ

*ਵੱਖ-ਵੱਖ ਦਵਾਈਆਂ ਨਾਲੋਂ ਘਰੇਲੂ ਨੁਸਖ਼ਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਇਨ੍ਹਾਂ ਨਾਲ ਸਰੀਰ ਨੂੰ ਐਨਰਜੀ ਤਾਂ ਮਿਲਦੀ ਹੈ ਤੇ ਨਾਲ ਹੀ ਚੰਗੀ ਸਿਹਤ ਵੀ...*

ਘਰੇਲੂ ਨੁਸਖ਼ਿਆਂ ਦਾ ਪ੍ਰਯੋਗ ਕਰ ਕੇ ਕਈ ਸਮੱਸਿਆ ਦਾ ਹੱਲ ਚੁਟਕੀ ਵਿਚ ਹੋ ਸਕਦਾ ਹੈ ਅੱਜ ਤੁਹਾਨੂੰ ਦੱਸ ਰਹੇ ਹਾਂ ਕੁੱਝ ਅਜਿਹੇ ਹੀ ਨੇਸ਼ਖਿਆਂ ਬਾਰੇ।

- ਤੁਲਸੀ ਦੀਆਂ ਚਾਰ ਪੰਜ ਪੱਤੀਆਂ ਹਰ ਰੋਜ਼ ਸਵੇਰੇ ਸ਼ਾਮ ਚੱਬਾ ਕੇ ਖਾਣ ਨਾਲ ਮੂੰਹ ਦੀ ਬਦਬੂਹ ਦੂਰ ਹੁੰਦੀ ਹੈ
- ਹਰ ਰੋਜ਼ ਇਕ ਗਲਾਸ ਗਾਜਰ ਦਾ ਜੂਸ ਪੀਣ ਨਾਲ ਸਰੀਰ ਵਿਚ ਖ਼ੂਨ ਦਾ ਵਾਧਾ ਹੁੰਦਾ ਹੈ।
- ਅਮਰੂਦ ਦੇ ਪੱਤਿਆ ਦਾ ਕਾੜ੍ਹਾ ਬਣਾ ਕੇ ਕੁਰਲੀ ਕਰਨ ਨਾਲ ਮੂੰਹ ਦੇ ਛਾਲੇ ਅਤੇ ਮਸੂੜਿਆਂ ਦੇ ਦਰਦ ਤੋ ਆਰਾਮ ਮਿਲਦਾ ਹੈ।
- ਸਰੀਰ ਦੇ ਕਿਸੇ ਹਿੱਸੇ ਵਿਚ ਕੰਡਾ ਚੁੰਭਣ 'ਤੇ ਉਸ ਤੇ ਹਿੰਗ ਦਾ ਘੋਲ ਲਗਾਉਣ ਨਾਲ ਥੋੜ੍ਹੀ ਦੇਰ ਬਾਅਦ ਹੀ ਕੰਡਾ ਨਿਕਲ ਆਏਗਾ।
- ਖਾਂਸੀ ਹੋਣ 'ਤੇ ਤੁਲਸੀ ਅਤੇ ਅਜਵਾਇਣ ਦਾ ਰਸ ਅਤੇ ਸ਼ਹਿਦ ਇਕੋ ਜਿਹੀ ਮਾਤਰਾ ਵਿਚ ਲੈਣ ਨਾਲ ਆਰਾਮ ਮਿਲਦਾ ਹੈ।
- ਪੇਟ ਦਰਦ ਹੋਣ 'ਤੇ ਭੁੰਨੀ ਹੋਈ ਸੌਂਫ ਚੱਬਣ ਨਾਲ ਫ਼ਾਇਦਾ ਮਿਲਦਾ ਹੈ।
- ਨਾਰੀਅਲ ਦੇ ਤੇਲ ਵਿਚ ਲੌਂਗ ਦੇ ਤੇਲ ਦੀਆਂ ਕੁੱਝ ਬੂੰਦਾਂ ਮਿਲਾ ਕੇ ਮਾਲਿਸ਼ ਕਰਨ ਨਾਲ ਸਿਰ ਦਰਦ ਦੂਰ ਹੁੰਦਾ ਹੈ।
- ਰਾਤ ਵੇਲੇ ਨੀਂਦ ਨਾ ਆਵੇ ਤਾਂ ਪੈਰਾਂ 'ਤੇ ਤਿਲਾਂ ਦਾ ਤੇਲ ਲਗਾਓ।
- ਖਾਣਾ ਹਜ਼ਮ ਨਾ ਹੁੰਦਾ ਹੋਵੇ ਤਾਂ ਪਿਆਜ਼ ਦੇ ਰਸ ਵਿਚ ਥੋੜ੍ਹਾਂ ਜਿਹਾ ਨਮਕ ਮਿਲਾ ਕੇ ਪੀਣ ਨਾਲ ਲਾਭ ਹੋਵੇਗਾ।
- ਧੁੰਨੀ ਨੂੰ ਹਰ ਰੋਜ਼ ਸਰ੍ਹੋਂ ਦਾ ਤੇਲ ਲਗਾਉਣ ਨਾਲ ਬੁੱਲ੍ਹ ਨਹੀਂ ਫਟਦੇ।

9915727311



ਬਾਦਾਮ ਦੇ ਤੇਲ ਦਾ ਇਸਤੇਮਾਲ ਕਰਨ 'ਤੇ ਸਿਕਰੀ ਖ਼ਤਮ ਹੋ ਜਾਂਦੀ ਹੈ।



ਡਾ. ਫ਼ਕੀਰ ਚੰਦ ਸ਼ੁਕਲਾ

# ਬਦਹਜ਼ਮੀ ਦੇ ਲੱਛਣ



ਬਦਹਜ਼ਮੀ ਦਾ ਮਤਲਬ ਹੈ ਖਾਧੇ ਹੋਏ ਭੋਜਨ ਦਾ ਚੰਗੀ ਤਰ੍ਹਾਂ ਹਜ਼ਮ ਨਾ ਹੋਣਾ। ਸ਼ਾਇਦ ਹੀ ਕੋਈ ਅਜਿਹਾ ਵਿਅਕਤੀ ਹੋਵੇਗਾ ਜਿਸ ਦਾ ਬਦਹਜ਼ਮੀ ਜਾਂ ਗੈਸਟ੍ਰਾਇਈਟਿਸ ਨਾਲ ਵਾਹ ਨਾ ਪਿਆ ਹੋਵੇ। ਢਿੱਡ ਵਿਚ ਜਲਣ, ਖੱਟੇ ਡਕਾਰ ਅਤੇ ਪੇਟ ਵਿਚ ਗੈਸ ਬਣਨ ਵਰਗੀਆਂ ਅਲਾਮਤਾਂ ਤੋਂ ਸ਼ਾਇਦ ਹੀ ਕਦੇ ਕੋਈ ਬਚਿਆ ਹੋਵੇਗਾ। ਕਦੇ ਨਾ ਕਦੇ ਤਾਂ ਇਨ੍ਹਾਂ ਦੇ ਅੜਿੱਕੇ ਜ਼ਰੂਰ ਚੜ੍ਹਿਆ ਹੋਣਾ ਹੈ।

### ਕਾਰਨ

- ਤਣਾਅ ਪੂਰਨ ਜੀਵਨ ਬਤੀਤ ਕਰਨਾ।
- ਮਿਰਚ ਮਸਾਲਿਆਂ ਵਾਲੀਆਂ ਚੀਜ਼ਾਂ ਦੀ ਜ਼ਿਆਦਾ ਵਰਤੋਂ ਕਰਨੀ।
- ਰੋਟੀ ਖਾਣ ਮਗਰੋਂ ਇਕਦਮ ਲੰਮੇ ਪੈ ਜਾਣਾ ਜਾਂ ਗਰਦਨ ਝੁਕਾ ਕੇ ਕੰਮ ਕਰਨ ਲੱਗ ਜਾਣਾ।
- ਘਿਓ ਵਾਲੀਆਂ ਅਤੇ ਤਲ਼ੀਆਂ ਹੋਈਆਂ ਚੀਜ਼ਾਂ ਦੀ ਜ਼ਿਆਦਾ ਵਰਤੋਂ ਕਰਨੀ।
- ਚਾਹ, ਕੌਫੀ ਅਤੇ ਕੋਲਡ ਡਰਿੰਕਸ ਦੀ ਜ਼ਿਆਦਾ ਵਰਤੋਂ ਕਰਨ ਨਾਲ ਮਿਹਦੇ ਦੇ ਵਾਲਵ ਨੂੰ ਨੁਕਸਾਨ ਪਹੁੰਚਦਾ ਹੈ। ਇਨ੍ਹਾਂ ਪਦਾਰਥਾਂ ਵਿਚ ਮੌਜੂਦ ਕੈਫੀਨ ਵਾਲਵ ਦਾ ਸਤਿਆਨਾਸ ਕਰ ਦੇਂਦੀ ਹੈ।
- ਜ਼ਿਆਦਾ ਮਾਤਰਾ ਵਿਚ ਲਾਲ ਮਿਰਚ, ਕਾਲੀ ਮਿਰਚ, ਪਿਆਜ਼,ਟਮਾਟਰ,ਸੰਤਰਾ,ਪਿਪਰਾਮੈਂਟ,ਚੌਕਲੇਟ ਆਦਿ ਦੀ ਵਰਤੋਂ ਵੀ ਵਾਲਵ ਨੂੰ ਕਮਜ਼ੋਰ ਬਣਾਉਂਦੀ ਹੈ। ਇਸ ਲਈ ਇਨ੍ਹਾਂ ਦੀ ਵਰਤੋਂ ਸੀਮਤ ਮਾਤਰਾ ਵਿਚ ਹੀ ਕਰਨੀ ਚਾਹੀਦੀ ਹੈ।
- ਸ਼ਰਾਬ ਪੀਣ ਅਤੇ ਸਿਗਰਟਨੋਸ਼ੀ ਨਾਲ ਵੀ ਇਸ ਰੋਗ ਨੂੰ ਹੱਲਾਸ਼ੈਰੀ ਮਿਲਦੀ ਹੈ।
- ਬੇਲੋੜਾ ਖਾਣ ਨਾਲ ਅਤੇ ਸਮੇਂ ਸਿਰ ਭੋਜਨ ਨਾ ਕਰਨ ਨਾਲ ਵੀ ਬਦਹਜ਼ਮੀ ਦੀ ਸ਼ਿਕਾਇਤ ਹੋ ਜਾਂਦੀ ਹੈ।

### ਤਿੰਨ ਪ੍ਰਮੁੱਖ ਕਾਰਨ

#### ਹਰੀ

ਹਰੀ ਭਾਵ ਛੇਤੀ-ਛੇਤੀ ਖਾਣਾ। ਸਾਡੀ ਭੁੱਖ ਨੂੰ ਦਿਮਾਗ਼ ਕੰਟਰੋਲ ਕਰਦਾ ਹੈ ਅਤੇ ਦਿਮਾਗ਼ ਨੂੰ ਇਹ ਦੱਸਣ ਲਈ ਕਿ ਸਾਡਾ ਢਿੱਡ ਭਰ ਗਿਆ ਹੈ ਜਾਂ ਨਹੀਂ,ਵੀਹ ਮਿੰਟ ਦਾ ਸਮਾਂ ਲੱਗਦਾ ਹੈ ਪਰ ਜਦੋਂ ਅਸੀਂ ਛੇਤੀ-ਛੇਤੀ ਖਾਂਦੇ ਹਾਂ ਤਾਂ ਵੀਹ ਮਿੰਟ ਦਾ ਸਮਾਂ ਲੱਗਣ ਤੋਂ ਪਹਿਲਾਂ ਹੀ ਅਸੀਂ ਲੋੜ ਤੋਂ ਵੱਧ ਖਾ ਜਾਂਦੇ ਹਾਂ। ਇਸ ਤੋਂ ਇਲਾਵਾ ਤੇਜ਼-ਤੇਜ਼ ਖਾਣ ਨਾਲ ਅਸੀਂ ਭੋਜਨ ਨੂੰ ਚੰਗੀ ਤਰ੍ਹਾਂ ਚਿੱਥਦੇ ਵੀ ਨਹੀਂ। ਇਸ ਤਰ੍ਹਾਂ ਮੂੰਹ ਦੇ ਸਲਾਈਵਾ ਵਿਚ ਮੌਜੂਦ ਐਨਜਾਈਮਾਂ ਜਿਹੜੀਆਂ ਕਿ ਭੋਜਨ ਨੂੰ ਹਜ਼ਮ ਕਰਨ ਵਿਚ ਮਦਦ ਕਰਦੀਆਂ ਹਨ, ਭੋਜਨ ਤੇ ਪੂਰੀ ਤਰ੍ਹਾਂ ਅਸਰ ਨਹੀਂ ਕਰ ਪਾਉਂਦੀਆਂ ਅਤੇ ਇਸ ਤਰ੍ਹਾਂ ਬਦਹਜ਼ਮੀ ਹੋਣ ਦੀ ਪੂਰੀ ਸ਼ੰਕਾ ਰਹਿੰਦੀ ਹੈ। ਭੋਜਨ ਨੂੰ ਚੰਗੀ ਤਰ੍ਹਾਂ ਚਬਾ-ਚਬਾ ਕੇ ਖਾਣਾ ਚਾਹੀਦਾ ਹੈ। ਸਾਨੂੰ ਇਹ ਜ਼ਰੂਰ ਚੇਤੇ ਰੱਖਣਾ ਚਾਹੀਦਾ ਹੈ ਕਿ ਸਾਡੇ ਪੇਟ ਵਿਚ ਕੋਈ ਗਰਾਇੰਡਰ ਨਹੀਂ ਹੁੰਦਾ ਜਿਹੜਾ ਭੋਜਨ ਨੂੰ ਮਹੀਨ(ਬਾਰੀਕ) ਬਣਾ ਦੇਵੇਗਾ। ਇਸ ਲਈ ਸ਼ਾਂਤ ਮਨ ਨਾਲ ਹੌਲੀ-ਹੌਲੀ ਚੰਗੀ ਤਰ੍ਹਾਂ ਚਬਾ-ਚਬਾ ਕੇ ਭੋਜਨ ਕਰਨਾ ਚਾਹੀਦਾ ਹੈ। ਜੇ ਨੱਠ ਭੱਜ ਕਾਰਨ ਤੁਹਾਡੇ ਕੋਲ ਕਿਸੇ ਦਿਨ ਸਮੇਂ ਦੀ ਘਾਟ ਹੋਵੇ ਤਾਂ ਫਟਾਫਟ ਖਾਣ ਨਾਲੋਂ ਤਾਂ ਚੰਗਾ ਹੋਵੇਗਾ ਕਿ ਤੁਸੀਂ ਭੋਜਨ ਨਾ ਕਰੋ ਅਤੇ ਕੁਝ ਹਲਕਾ ਫੁਲਕਾ ਨਾਸ਼ਤਾ ਖਾ ਲਵੋ।

#### ਵਰੀ

ਵਰੀ ਭਾਵ ਚਿੰਤਾ, ਫਿਕਰ ਜਾਂ ਤਣਾਅ ਨਾਲ ਮਿਹਦੇ ਵਿਚ ਤੇਜ਼ਾਬ ਦੀ ਜ਼ਿਆਦਾ ਮਾਤਰਾ ਪੈਦਾ ਹੋ ਜਾਂਦੀ ਹੈ ਅਤੇ ਤੇਜ਼ਾਬ ਦੀ ਵਾਧੂ ਮਾਤਰਾ ਕਰਕੇ ਪੇਟ ਵਿਚ ਜਲਣ,ਦਰਦ ਹੋਣ ਲੱਗਦੀ ਹੈ ਅਤੇ ਖੱਟੇ ਡਕਾਰ ਆਉਣ ਲੱਗਦੇ ਹਨ। ਇਸ ਲਈ ਆਪਣੀ ਸੋਚ ਅਤੇ ਜੀਵਨ ਪੱਧਤੀ ਵਿਚ ਤਬਦੀਲੀ ਲਿਆ ਕੇ ਤਣਾਅ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

#### ਕਰੀ

ਕਰੀ ਭਾਵ ਜ਼ਿਆਦਾ ਮਿਰਚ ਮਸਾਲਿਆਂ ਵਾਲੇ ਪਦਾਰਥ ਖਾਣੇ। ਜੀਭ ਦੇ ਸੁਆਦ ਲਈ ਅਸੀਂ ਭੋਜਨ ਵਿਚ ਮਿਰਚ ਮਸਾਲਿਆਂ ਦੀ ਬੇਲੋੜੀ ਵਰਤੋਂ ਕਰਨ ਤੋਂ ਸੰਕੋਚ ਨਹੀਂ ਕਰਦੇ। ਘੱਟ ਮਾਤਰਾ ਵਿਚ ਮਿਰਚ ਮਸਾਲਿਆਂ ਦੀ ਵਰਤੋਂ ਸਰੀਰ ਲਈ ਲਾਭਦਾਇਕ ਹੈ ਪਰ ਜ਼ਿਆਦਾ ਮਾਤਰਾ ਵਿਚ ਮਿਰਚ ਮਸਾਲਿਆਂ ਅਤੇ ਖੱਟੀਆਂ ਚੀਜ਼ਾਂ ਦੀ ਵਰਤੋਂ ਬਦਹਜ਼ਮੀ ਪੈਦਾ ਕਰਦੀ ਹੈ ਤੇ ਬਦਹਜ਼ਮੀ ਕਰਕੇ ਪੇਟ ਵਿਚ ਗੈਸ ਬਣਨੀ ਸੁਭਾਵਿਕ ਹੈ। ਸਰੀਰ ਵਿਚ ਗੈਸ ਖਾਰਿਜ ਹੋਣ ਦੇ ਦੋ ਹੀ ਰਾਹ ਹਨ-ਮੂੰਹ ਰਾਹੀਂ ਭਾਵ ਡਕਾਰ ਆਉਣਾ ਅਤੇ ਦੂਜਾ ਰਾਹ ਗੁਦਾ ਦੁਆਰ ਤੋਂ ਪੱਦ ਰਾਹੀਂ। ਦੂਜੇ ਰਾਹ ਰਾਹੀਂ ਜਦੋਂ ਗੈਸ ਨਿਕਲਦੀ ਹੈ ਤਾਂ ਲਾਗੇ ਬੈਠਾ ਬੰਦਾ ਨੱਕ ਢਕਣ ਤੇ ਮਜਬੂਰ ਹੋ ਜਾਂਦਾ ਹੈ ਅਤੇ ਰੋਗੀ ਵਿਅਕਤੀ ਨੂੰ ਸ਼ਰਮਿੰਦਾ ਵੀ ਹੋਣਾ ਪੈਂਦਾ ਹੈ ਪਰ ਉਹ ਵੀ ਕੀ ਕਰ ਸਕਦਾ ਹੈ। ਗੈਸ ਨੂੰ ਸਰੀਰ ਤੋਂ ਨਿਕਲਣ ਤੋਂ ਤਾਂ ਨਹੀਂ ਰੋਕ ਸਕਦਾ। ਜੇ ਪੇਟ ਵਿਚੋਂ ਗੈਸ ਖਾਰਿਜ ਨਾ ਹੋਵੇ ਤਾਂ ਬੰਦੇ ਦੀ ਉਂਜ ਹੀ ਬੱਸ ਕਰਵਾ ਦੇਂਦੀ ਹੈ।

ਪੇਟ ਵਿਚ ਗੈਸ ਕਰ ਕੇ ਢਿੱਡ ਦਰਦ, ਸਿਰਦਰਦ, ਸਾਹ ਲੈਣ ਵਿਚ ਦਿੱਕਤ ਵਰਗੀਆਂ ਤਕਲੀਫ਼ਾਂ ਬੰਦੇ ਨੂੰ ਝੱਲਣੀਆਂ ਪੈਂਦੀਆਂ ਹਨ। ਹਰੀ,ਵਰੀ ਅਤੇ ਕਰੀ ਤੋਂ ਇਲਾਵਾ ਪੇਟ ਵਿਚ ਗੈਸ ਬਣਨਾ ਇਸ ਗੱਲ 'ਤੇ ਵੀ ਨਿਰਭਰ ਕਰਦਾ ਹੈ ਕਿ ਅਸੀਂ ਕਿਸ ਤਰ੍ਹਾਂ ਦੇ ਖ਼ੁਰਾਕੀ ਪਦਾਰਥਾਂ ਦੀ ਵਰਤੋਂ ਕਰਦੇ ਹਨ।

ਫੁੱਲਗੋਭੀ,ਬੰਦਗੋਭੀ,ਮੂਲੀ,ਪਿਆਜ਼,ਮਟਰ, ਸਕਰਕੰਦੀ ਵਾਲੇ ਪਦਾਰਥ ਬਾਦੀ ਕਰਨ ਵਾਲੇ ਪਦਾਰਥ ਹਨ। ਇਸੇ ਤਰ੍ਹਾਂ ਕਾਬਲੀ ਛੋਲੇ,ਮਾਂਹ ਅਤੇ ਕਾਲੇ ਛੋਲਿਆਂ ਦੀ ਵਰਤੋਂ ਨਾਲ ਵੀ ਗੈਸ ਪੈਦਾ ਹੁੰਦੀ ਹੈ ਅਤੇ ਪੇਟ ਵਿਚ ਅਫਰੇਵਾਂ ਹੋ ਜਾਂਦਾ ਹੈ ਅਤੇ ਪੇਟ ਵਿਚੋਂ ਗੈਸ ਖਾਰਿਜ ਹੋਣ ਮਗਰੋਂ ਹੀ ਬੰਦੇ ਨੂੰ ਅਰਾਮ ਮਹਿਸੂਸ ਹੁੰਦਾ ਹੈ। ਆਮ ਤੌਰ 'ਤੇ ਪੇਟ ਵਿਚ ਗੈਸ ਹੋਣ ਤੇ ਅਸੀਂ ਕੋਲਡ ਡਰਿੰਕਸ ਭਾਵ ਸੋਡਾ ਪੀਂਦੇ ਹਾਂ ਪਰ ਸ਼ਾਇਦ ਅਸੀਂ ਨਹੀਂ ਜਾਣਦੇ ਕਿ ਇਸ ਦੀ ਵਰਤੋਂ ਨਾਲ ਗੈਸ ਦੀ ਮਾਤਰਾ ਘਟਦੀ ਨਹੀਂ ਸਗੋਂ ਵੱਧਦੀ ਹੈ। ਬੀਅਰ,ਸੋਡਾ,ਕਾਰਬੋਨੇਟਿਡ ਬੇਵਰੇਜਿਜ ਜਿਵੇਂ ਕਿ ਕੋਲਡ ਡਰਿੰਕਸ,ਦੀ ਵਰਤੋਂ ਨਾਲ ਆਂਤਾਂ ਵਿਚ ਗੈਸ ਵਧਦੀ ਹੈ ਘਟਦੀ ਨਹੀਂ। ਇਸ ਦਾ ਕੁਝ ਹਿੱਸਾ ਤਾਂ ਤੁਸੀਂ ਡਕਾਰ ਰਾਹੀਂ ਬਾਹਰ ਕੱਢ ਦੇਂਦੇ ਹੋ ਪਰ ਗੈਸ ਦੀ ਕਾਫ਼ੀ ਮਾਤਰਾ ਅੰਦਰ ਹੀ ਰਹਿ ਜਾਂਦੀ ਹੈ। ਬਹੁਤ ਜ਼ਿਆਦਾ ਗਰਮ ਭੋਜਨ ਕਰਨਾ ਵੀ ਨੁਕਸਾਨ ਦੇਹ ਹੈ। ਇਸ ਨਾਲ ਸਰੀਰ ਵਿਚ ਹਵਾ ਵੀ ਜ਼ਿਆਦਾ ਜਾਂਦੀ ਹੈ ਅਤੇ ਖਾਣੇ ਦੀ ਨਾਲੀ 'ਤੇ ਵੀ ਮਾੜਾ ਅਸਰ ਪੈ ਸਕਦਾ ਹੈ। ਹੋਟਲਾਂ ਵਿਚ ਸਿਜ਼ਲਰ ਫੂਡ(ਗਰਮਾ ਗਰਮ ਖਾਣਾ) ਖਾਣ ਨਾਲ ਤੁਸੀਂ ਆਪਣਾ ਹੀ ਨੁਕਸਾਨ ਕਰਦੇ ਹੋ ਭਾਵੇਂ ਕੁਝ ਪਲਾਂ ਲਈ ਜੀਭ ਦਾ ਚਸਕਾ ਪੂਰਾ ਹੋ ਜਾਂਦਾ ਹੈ। ਹਰ ਵੇਲੇ ਕੁਝ ਨਾ ਕੁਝ ਚੱਬੀ ਜਾਣ ਨਾਲ ਵੀ ਗੈਸ ਦੀ ਮਾਤਰਾ ਵੱਧ ਜਾਂਦੀ ਹੈ। ਚਿਊਂਗਮ,ਪਾਨ ਮਸਾਲਾ,ਸਪਾਰੀ ਖਾਣ ਨਾਲ ਅਤੇ ਸਿਗਰਟ ਪੀਣ ਨਾਲ ਵੀ ਪੇਟ ਵਿਚ ਵਾਧੂ ਹਵਾ ਚਲੀ ਜਾਂਦੀ ਹੈ। ਜਿੰਨ੍ਹੀਆਂ ਜ਼ਿਆਦਾ ਕੋਈ ਸਿਗਰਟਾਂ ਪੀਂਦਾ ਹੈ ਉਨ੍ਹੀ ਹੀ ਜ਼ਿਆਦਾ ਹਵਾ ਉਹ ਆਪਣੇ ਸਰੀਰ ਵਿਚ ਖਿੱਚੀ ਜਾਂਦਾ ਹੈ। ਟਾਈਟ ਕਪੜੇ ਪਾਉਣ ਨਾਲ ਭਾਵੇਂ ਤੁਹਾਡੀ ਟੌਰ ਬਣ ਜਾਂਦੀ ਹੈ ਪਰ ਗੈਸ ਆਉਣ ਜਾਣ ਲਈ ਰੁਕਾਵਟ ਪਾਉਂਦੇ ਹਨ ਅਤੇ ਬੰਦੇ ਨੂੰ ਬੇਵਜ੍ਹਾ ਕਈ ਤਕਲੀਫ਼ਾਂ ਹੋਣ ਲੱਗਦੀਆਂ ਹਨ,ਖ਼ਾਸ ਕਰ ਕੇ ਢਿੱਡ ਦਰਦ ਅਤੇ ਸਾਹ ਚੜ੍ਹਨਾ। ਇਸ ਤਰ੍ਹਾਂ ਉਸ ਬੰਦੇ ਦੀ ਪਰੇਸ਼ਾਨੀ ਵਿਚ ਹੋਰ ਵਾਧਾ ਹੋ ਜਾਂਦਾ ਹੈ।

### ਅਲਾਮਤਾਂ

- *ਪੇਟ ਵਿਚ ਗੈਸ ਬਣਨੀ।*
- *ਖੱਟੇ ਡਕਾਰ ਆਉਣੇ।*
- *ਪੇਟ ਵਿਚ ਜਲਣ ਹੋਣੀ।*
- *ਛਾਤੀ ਦੇ ਹੇਠਲੇ ਹਿੱਸੇ ਵਿਚ ਦਰਦ ਹੋਣੀ। ਕਈ ਵਾਰੀ ਬੰਦਾ ਇਸ ਨੂੰ ਹਾਰਟ ਪਰਾਬਲਮ ਸਮਝ ਕੇ ਖ਼ੁਦ ਵੀ ਘਬਰਾ ਜਾਂਦਾ ਹੈ ਅਤੇ ਘਰਦਿਆਂ ਨੂੰ ਵੀ ਭਾਜੜਾਂ ਪਾ ਦੇਂਦਾ ਹੈ।*
- *ਲੰਮੇ ਸਮੇਂ ਤਕ ਗੈਸਟ੍ਰਾਈਟਿਸ ਰਹਿਣ ਨਾਲ ਖੰਘ, ਸਾਹ ਫੁੱਲਣਾ,ਅਵਾਜ਼ ਭਾਰੀ ਹੋਣੀ,ਗਲ਼ੇ ਵਿਚ ਖਾਰਿਸ਼ ਅਤੇ ਕੰਨਾਂ ਵਿਚ ਦਰਦ ਹੋ ਸਕਦਾ ਹੈ। ਅਜਿਹੀ ਪਰੇਸ਼ਾਨੀ ਕਰ ਕੇ ਰੋਗੀ ਚਿੜਚਿੜਾ ਹੋ ਜਾਂਦਾ ਹੈ।*
- *ਲਗਾਤਾਰ ਗੈਸਟ੍ਰਾਈਟਿਸ ਦਾ ਰੋਗ ਰਹਿਣ ਨਾਲ ਖਾਣੇ ਵਾਲੀ ਨਾਲੀ ਦਾ ਹੇਠਲਾ ਪਾਸਾ ਸੁੰਗੜ ਸਕਦਾ ਹੈ ਜਿਸ ਕਰਕੇ ਕੈਂਸਰ ਹੋਣ ਦਾ ਖ਼ਤਰਾ ਕਈ ਗੁਣਾ ਵੱਧ ਜਾਂਦਾ ਹੈ।*
- *ਕੁਝ ਲੋਕਾਂ ਨੂੰ ਖਾਣ ਵਿਚ ਮੁਸ਼ਕਿਲ ਹੁੰਦੀ ਹੈ ਅਤੇ ਖੱਟੇ ਡਕਾਰਾਂ ਕਰ ਕੇ ਮੂੰਹ ਦਾ ਸੁਆਦ ਵੀ ਵਿਗੜ ਜਾਂਦਾ ਹੈ ਅਤੇ ਲਗਾਤਾਰ ਹਿਚਕੀਆਂ ਵੀ ਆ ਸਕਦੀਆਂ ਹਨ ਅਤੇ ਪੇਟ ਦੇ ਉਪਰਲੇ ਹਿੱਸੇ ਵਿਚ ਗੈਸ ਦਾ ਗੋਲਾ ਬਣਨ ਲੱਗਦਾ ਹੈ।*

### ਬਚਾਅ

ਇਹ ਕਹਿਣਾ ਬਿਲਕੁਲ ਸਹੀ ਹੈ ਕਿ ਦਵਾਈ ਨਾਲੋਂ ਪਰਹੇਜ਼ ਜ਼ਿਆਦਾ ਫ਼ਾਇਦੇਮੰਦ ਹੈ। ਇਸ ਲਈ ਡਾਕਟਰ ਦੀ ਸਲਾਹ ਤਾਂ ਜ਼ਰੂਰ ਲੈਣੀ ਚਾਹੀਦੀ ਹੈ। ਲੋੜ ਤੋਂ ਵੱਧ ਕਦੇ ਵੀ ਨਹੀਂ ਖਾਣਾ ਚਾਹੀਦਾ ਭਾਵੇਂ ਮੁਫ਼ਤ ਵਿਚ ਹੀ ਮਿਲ ਰਿਹਾ ਹੋਵੇ ਜਾਂ ਖਾਣੇ ਵਿਚ ਕਾਫ਼ੀ ਸਾਰੀਆਂ ਸੁਆਦਲੀਆਂ ਚੀਜ਼ਾਂ ਹੋਣ। ਆਪਣੇ-ਆਪ 'ਤੇ ਅਤੇ ਆਪਣੇ ਢਿੱਡ ਤੇ ਥੋੜ੍ਹਾ ਤਰਸ ਖਾਣਾ ਚਾਹੀਦਾ ਹੈ। ਬਾਦੀ ਵਾਲੇ ਪਦਾਰਥ ਜਿਵੇਂ ਕਿ ਮਟਰ,ਚੌਲ,ਮਾਂਹ,ਛੋਲੇ,ਟਮਾਟਰ ਆਦਿ ਦੀ ਘੱਟ ਤੋਂ ਘੱਟ ਵਰਤੋਂ ਕਰਨੀ ਚਾਹੀਦੀ ਹੈ। ਇਸੇ ਤਰ੍ਹਾਂ ਜ਼ਿਆਦਾ ਮਿਰਚ ਮਸਾਲਿਆਂ ਅਤੇ ਖੱਟੀਆਂ ਚੀਜ਼ਾਂ ਦੀ ਵਰਤੋਂ ਵਾਲਵ ਨੂੰ ਕਮਜ਼ੋਰ ਬਣਾ ਦੇਂਦੇ ਹਨ। ਇਨ੍ਹਾਂ ਦੀ ਵਰਤੋਂ ਸੰਜਮ ਨਾਲ ਹੀ ਕਰਨੀ ਚਾਹੀਦੀ ਹੈ। ਸ਼ਰਾਬ ,ਸਿਗਰਟ,ਚਿਊਂਗਮ,ਪਾਨ ਮਸਾਲੇ ਵਰਗੇ ਪਦਾਰਥਾਂ ਦੀ ਵਰਤੋਂ ਤੇ ਵੀ ਕੰਟਰੋਲ ਕਰਨਾ ਚਾਹੀਦਾ ਹੈ।ਚਾਹ,ਕੌਫੀ ਅਤੇ ਕੋਲਡ ਡਰਿੰਕਸ ਵੀ ਘੱਟ ਪੀਣੇ ਚਾਹੀਦੇ ਹਨ ਅਤੇ ਬਹੁਤ ਜ਼ਿਆਦਾ ਗਰਮ ਖਾਣੇ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਖਾਣਾ ਖਾਣ ਤੋਂ ਤੁਰੰਤ ਮਗਰੋਂ ਨਾ ਤਾਂ ਲੰਮੇ ਪੈਣਾ ਚਾਹੀਦਾ ਹੈ ਅਤੇ ਨਾ ਹੀ ਝੁਕ ਕੇ ਕੰਮ ਕਰਨਾ ਚਾਹੀਦਾ ਹੈ। ਖਾਣਾ ਸੌਣ ਤੋਂ ਤਿੰਨ ਘੰਟੇ ਪਹਿਲਾਂ ਖਾ ਲੈਣਾ ਚਾਹੀਦਾ ਹੈ।

ਰੇਸ਼ੇਦਾਰ ਭੋਜਨ ਦੀ ਵਰਤੋਂ ਕਰਨੀ ਚਾਹੀਦੀ ਹੈ। ਫਲ਼ ਸਬਜ਼ੀਆਂ ਅਤੇ ਬਗੈਰ ਛਾਣੇ ਆਟੇ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਕਬਜ਼ ਹੋਣ ਦਾ ਡਰ ਨਹੀਂ ਰਹਿੰਦਾ। ਸੌਂਫ,ਅਦਰਕ ਅਤੇ ਅਜਵਾਇਨ ਦੀ ਵਰਤੋਂ ਹਾਜ਼ਮੇ ਲਈ ਲਾਭਦਾਇਕ ਹੈ। ਜੇ ਸੀਨੇ ਵਿਚ ਜਲਣ ਹੋਵੇ ਤਾਂ ਬਿਲਕੁਲ ਠੰਡਾ ਦੁੱਧ ਪੀਣ ਨਾਲ ਕਾਫ਼ੀ ਅਰਾਮ ਮਿਲਦਾ ਹੈ ਪਰ ਦੁੱਧ ਇਕਦਮ ਨਹੀਂ ਪੀਣਾ ਸਗੋਂ ਦੋ-ਦੋ ਤਿੰਨ-ਤਿੰਨ ਘੁੱਟ ਥੋੜ੍ਹੇ-ਥੋੜ੍ਹੇ ਸਮੇਂ ਮਗਰੋਂ ਪੀਣ ਨਾਲ ਐਸਿਡਟੀ ਤੋਂ ਅਰਾਮ ਮਿਲਦਾ ਹੈ। ਜੇ ਦੁੱਧ ਨਾ ਮਿਲੇ ਤਾਂ ਪਾਣੀ ਦੇ ਘੁੱਟ ਪੀਣ ਨਾਲ ਵੀ ਅਰਾਮ ਮਿਲੇਗਾ ਕਿਉਂਕਿ ਇਸ ਤਰ੍ਹਾਂ ਖਾਣੇ ਵਾਲੀ ਨਾਲੀ ਸਾਫ਼ ਹੋ ਜਾਂਦੀ ਹੈ। ਰੋਟੀ ਖਾਣ ਤੋਂ ਕੁਝ ਦੇਰ ਮਗਰੋਂ ਹਲਕੀ ਸੈਰ ਜ਼ਰੂਰ ਕਰਨੀ ਚਾਹੀਦੀ ਹੈ।

ਜੇ ਇਨ੍ਹਾਂ ਧਿਆਨ ਰੱਖਣ ਦੇ ਬਾਵਜੂਦ ਵੀ ਪੇਟ ਵਿਚ ਜਲਣ ਨਹੀਂ ਹਟਦੀ ਤਾਂ ਡਾਕਟਰ ਦੀ ਸਲਾਹ ਨਾਲ ਐਂਟਾਸਿਡ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਗੋਲ਼ੀਆਂ ਨਾਲੋਂ ਤਰਲ ਰੂਪ ਵਿਚ ਐਂਟਾਸਿਡ ਛੇਤੀ ਅਸਰ ਕਰਦੇ ਹਨ ਪਰ ਇਨ੍ਹਾਂ ਦੀ ਵਰਤੋਂ ਵੀ ਲੰਮੇ ਸਮੇਂ ਤਕ ਨਹੀਂ ਕਰਨੀ ਚਾਹੀਦੀ।

98153-59222

# ਰਾਧਿਕਾ ਯਾਦਵ ਦੇ ਪਿਤਾ ਦਾ ਇਕ-ਰੋਜ਼ਾ ਪੁਲੀਸ ਰਿਮਾਂਡ; ਮਾਂ ਦੀ ਭੂਮਿਕਾ ਦੀ ਜਾਂਚ ਜਾਰੀ

## ਅਦਾਲਤ ਨੇ ਮਾਮਲੇ ਨੂੰ 'ਗੰਭੀਰ' ਕਰਾਰ ਦਿੰਦਿਆਂ ਡੂੰਘਾਈ ਨਾਲ ਜਾਂਚ ਦੀ ਲੋੜ 'ਤੇ ਦਿੱਤਾ ਜ਼ੋਰ


ਦੀਪਕ ਯਾਦਵ (ਖੱਬੇ) ਅਤੇ ਰਾਧਿਕਾ ਯਾਦਵ ਦੀ ਫਾਈਲ ਫੋਟੋ

**ਚੰਡੀਗੜ੍ਹ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂਗ੍ਰਾਮ ਦੀ ਇੱਕ ਸਥਾਨਕ ਅਦਾਲਤ ਨੇ ਸ਼ੁੱਕਰਵਾਰ ਨੂੰ 49 ਸਾਲਾ ਦੀਪਕ ਯਾਦਵ ਨੂੰ ਇੱਕ ਦਿਨ ਦੇ ਪੁਲੀਸ ਰਿਮਾਂਡ ਉੱਤੇ ਭੇਜ ਦਿੱਤਾ। ਦੀਪਕ ਨੇ ਬੀਤੇ ਦਿਨ ਆਪਣੀ 25 ਸਾਲਾ ਧੀ ਰਾਧਿਕਾ ਯਾਦਵ, ਜੋ ਕੌਮੀ ਪੱਧਰ ਦੀ ਟੈਨਿਸ ਖਿਡਾਰਨ ਸੀ, ਨੂੰ ਕਥਿਤ ਤੌਰ 'ਤੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ।

ਅਦਾਲਤ ਨੇ ਮਾਮਲੇ ਨੂੰ "ਗੰਭੀਰ ਮਾਮਲਾ" ਕਰਾਰ ਦਿੱਤਾ ਅਤੇ ਕਿਹਾ ਕਿ ਇਸ ਦੀ ਡੂੰਘਾਈ ਨਾਲ ਜਾਂਚ ਦੀ ਲੋੜ ਹੈ। ਐਸਐਚਓ ਵਿਨੋਦ ਕੁਮਾਰ ਨੇ ਕਿਹਾ: "ਅਸੀਂ ਤੁਹਾਨੂੰ ਪਹਿਲਾਂ ਹੀ ਇਸ ਦੇ ਉਦੇਸ਼ ਬਾਰੇ ਦੱਸ ਚੁੱਕੇ ਹਾਂ। ਉਹ (ਦੀਪਕ ਯਾਦਵ) ਟੈਨਿਸ ਅਕੈਡਮੀ (ਆਪਣੀ ਧੀ ਰਾਧਿਕਾ ਯਾਦਵ ਵੱਲੋਂ ਚਲਾਈ ਜਾ ਰਹੀ) ਤੋਂ ਗੁੱਸੇ ਸੀ।" ਜਦੋਂ ਉਸ ਨੂੰ ਪੁੱਛਿਆ ਗਿਆ ਕੀ ਕੀ ਇਹ 'ਅਣਖ ਲਈ ਕਤਲ' ਦਾ ਮਾਮਲਾ ਹੈ, ਤਾਂ ਐਸਐਚਓ ਨੇ ਕਿਹਾ, "ਨਹੀਂ ਅਜਿਹਾ ਕੁਝ ਨਹੀਂ ਹੈ। ਅਸੀਂ ਦੋ ਦਿਨ ਦਾ ਰਿਮਾਂਡ ਮੰਗਿਆ ਸੀ। ਇਹ ਘਟਨਾ ਵੀਰਵਾਰ ਸਵੇਰੇ ਲਗਭਗ 10:30 ਵਜੇ ਸੁਸ਼ਾਂਤ ਲੋਕ ਇਲਾਕੇ ਵਿੱਚ ਸਥਿਤ ਉਨ੍ਹਾਂ ਦੇ ਘਰ ਵਿੱਚ ਵਾਪਰੀ। ਜਿੱਥੇ ਦੀਪਕ ਨੇ ਕਥਿਤ ਤੌਰ 'ਤੇ ਆਪਣੀ ਧੀ 'ਤੇ ਪੰਜ ਗੋਲੀਆਂ ਚਲਾਈਆਂ। ਰਾਧਿਕਾ ਉਸ ਵੇਲੇ ਰਸੋਈ ਵਿਚ ਨਾਸ਼ਤਾ ਬਣਾ ਰਹੀ ਸੀ। ਤਿੰਨ ਗੋਲੀਆਂ ਉਸਦੀ ਪਿੱਠ ਵਿੱਚ ਲੱਗੀਆਂ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਗੁਰੂਗ੍ਰਾਮ ਪੁਲੀਸ ਦੇ ਪੀਆਰਓ ਸੰਦੀਪ ਕੁਮਾਰ ਦੇ ਅਨੁਸਾਰ, ਰਾਧਿਕਾ ਸੈਕਟਰ 57 ਵਿੱਚ ਇੱਕ ਟੈਨਿਸ ਅਕੈਡਮੀ ਚਲਾ ਰਹੀ ਸੀ, ਜੋ ਕਥਿਤ ਤੌਰ 'ਤੇ ਉਸਦੇ ਅਤੇ ਉਸਦੇ ਪਿਤਾ ਵਿਚਕਾਰ ਝਗੜੇ ਦਾ ਵਿਸ਼ਾ ਬਣ ਗਈ ਸੀ। ਉਨ੍ਹਾਂ ਕਿਹਾ, "ਸ਼ੁਰੂਆਤੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਦੀਪਕ ਨੇ ਰਾਧਿਕਾ ਵੱਲੋਂ ਅਕੈਡਮੀ ਚਲਾਏ ਜਾਣ ਉੱਤੇ ਇਤਰਾਜ਼ ਕੀਤਾ ਸੀ ਅਤੇ ਉਸਨੂੰ ਕਈ ਵਾਰ ਇਸਨੂੰ ਬੰਦ ਕਰਨ ਲਈ ਕਿਹਾ ਸੀ।

ਪੁਲੀਸ ਪੁੱਛਗਿੱਛ ਦੌਰਾਨ ਦੀਪਕ ਯਾਦਵ ਨੇ ਕਥਿਤ ਤੌਰ 'ਤੇ ਆਪਣੀ ਧੀ ਦੀ ਹੱਤਿਆ ਦੀ ਗੱਲ ਕਬੂਲ ਕਰ ਲਈ। ਉਸ ਨੇ ਕਥਿਤ ਤੌਰ 'ਤੇ ਕਿਹਾ ਕਿ ਉਹ ਆਪਣੀ ਧੀ ਨਾਲ ਚੱਲ ਰਹੇ ਝਗੜਿਆਂ ਤੋਂ ਨਿਰਾਸ਼ ਸੀ। ਉਸ ਦੀ ਅਕੈਡਮੀ ਵਧੀਆ ਚੱਲ ਰਹੀ ਸੀ ਪਰ ਇਸ ਕਾਰਨ ਲੋਕ ਉਸ ਨੂੰ ਮਿਹਣੇ ਮਾਰਦੇ ਸਨ ਕਿ ਉਹ 'ਆਪਣੀ ਧੀ ਦੀ ਕਮਾਈ ਉੱਤੇ ਮੌਜਾਂ ਕਰ ਰਿਹਾ' ਸੀ। ਉਸ ਨੇ ਇਸੇ ਤੋਂ ਖ਼ਫ਼ਾ ਹੋ ਕੇ ਇਹ ਕਦਮ ਚੁੱਕਿਆ।

ਪੁਲਿਸ ਸਾਰੇ ਮਾਮਲੇ ਵਿਚ ਰਾਧਿਕਾ ਦਾ ਮਾਂ ਮੰਜੂ ਯਾਦਵ ਦੀ ਭੂਮਿਕਾ ਅਤੇ ਹੋਰ ਮਾਮਲਿਆਂ ਦੀ ਵੀ ਜਾਂਚ ਕਰ ਰਹੀ ਹੈ। ਜਾਂਚਕਰਤਾਵਾਂ ਨੇ ਦੀਪਕ ਯਾਦਵ ਦੀ ਵਿੱਤੀ ਸਥਿਤੀ ਬਾਰੇ ਮਹੱਤਵਪੂਰਨ ਵੇਰਵੇ ਸਾਹਮਣੇ ਲਿਆਂਦੇ ਹਨ।

ਦੱਸਿਆ ਜਾਂਦਾ ਹੈ ਕਿ ਉਹ ਗੁਰੂਗ੍ਰਾਮ ਵਿੱਚ ਕਈ ਕਿਰਾਏ ਦੀਆਂ ਜਾਇਦਾਦਾਂ ਤੋਂ ਮਾਸਕ 15 ਤੋਂ 17 ਲੱਖ ਰੁਪਏ ਕਮਾਉਂਦਾ ਹੈ ਅਤੇ ਇੱਕ ਆਲੀਸ਼ਾਨ ਫਾਰਮ ਹਾਊਸ ਦਾ ਮਾਲਕ ਹੈ। ਐਨਡੀਟੀਵੀ ਦੀ ਰਿਪੋਰਟ ਅਨੁਸਾਰ, ਉਸਦੇ ਜੱਦੀ ਪਿੰਡ ਵਜ਼ੀਰਾਬਾਦ ਦੇ ਉਸ ਦੇ ਗਰਾਈਂ ਅਨੁਸਾਰ, ਦੀਪਕ ਇਲਾਕੇ ਵਿਚ ਇੱਕ ਅਮੀਰ ਜ਼ਿਮੀਂਦਾਰ ਵਜੋਂ ਜਾਣਿਆ ਜਾਂਦਾ ਹੈ।

# ਮੋਹਿੰਦਰ ਭਗਤ ਦੇ ਅਣਥੱਕ ਯਤਨਾਂ ਸਦਕਾ ਬਾਗਬਾਨੀ ਸੇਵਾ ਨਿਯਮਾਂ ਵਿੱਚ ਇਤਿਹਾਸਕ ਸੋਧ



**ਚੰਡੀਗੜ੍ਹ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਸ਼ਾਸਕੀ ਸੁਧਾਰ ਅਤੇ ਸੂਬੇ ਦੇ ਬਾਗਬਾਨੀ ਖੇਤਰ ਨੂੰ ਹੋਰ ਮਜ਼ਬੂਤ ਕਰਨ ਦੀ ਦਿਸ਼ਾ ਵੱਲ ਮਹੱਤਵਪੂਰਨ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪੰਜਾਬ ਬਾਗਬਾਨੀ (ਗਰੁੱਪ ਏ) ਸੇਵਾ ਨਿਯਮਾਂ, 2015 ਵਿੱਚ ਸੋਧ ਕਰਨ ਲਈ ਇੱਕ ਗਜ਼ਟ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਬਾਗਬਾਨੀ ਸੇਵਾਵਾਂ ਵਿੱਚ ਲੋੜੀਂਦਾ ਸੁਧਾਰ ਦਾ ਸੁਝਾਅ ਬਾਗਬਾਨੀ ਮੰਤਰੀ ਸ੍ਰੀ ਮੋਹਿੰਦਰ ਭਗਤ ਦੀ ਅਗਵਾਈ ਵਿੱਚ ਕੀਤਾ ਗਿਆ ਹੈ ਜੋ ਕਿ ਬਾਗਬਾਨੀ ਖੇਤਰ ਦੇ ਅਧਿਕਾਰੀਆਂ ਲਈ ਬਿਹਤਰ ਸੇਵਾ ਸ਼ਰਤਾਂ ਦੀ ਲਗਾਤਾਰ ਵਕਾਲਤ ਕਰਦੇ ਰਹੇ ਹਨ।

ਨੋਟੀਫਿਕੇਸ਼ਨ ਦੀ ਸ਼ਲਾਘਾ ਕਰਦਿਆਂ ਬਾਗਬਾਨੀ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਇਹ ਸੋਧ ਸਾਡੇ ਅਧਿਕਾਰੀਆਂ ਨੂੰ ਵਧੇਰੇ ਸਮਰੱਥ ਬਣਾਉਣ ਲਈ ਇੱਕ ਵੱਡਾ ਕਦਮ ਹੈ। ਉਹਨਾਂ ਅੱਗੇ ਕਿਹਾ ਕਿ , ਮੈਂ ਇਸ ਸੋਧ ਨੂੰ ਲਾਗੂ ਕਰਨ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦੀ ਹਾਂ। ਉਨ੍ਹਾਂ ਕਿਹਾ ਕਿ ਸਰਕਾਰੀ ਨਿਯਮਾਂ ਵਿੱਚ ਇਹ ਸੁਧਾਰ ਬਾਗਬਾਨੀ ਖੇਤਰ ਵਿੱਚ ਬਿਹਤਰ ਸੇਵਾ ਪ੍ਰਦਾਨ ਨੂੰ ਯਕੀਨੀ ਬਣਾਏਗਾ।

ਉਨ੍ਹਾਂ ਦੱਸਿਆ ਕਿ 2 ਜੁਲਾਈ, 2025 ਦੀ ਨੋਟੀਫਿਕੇਸ਼ਨ ਨੰਬਰ ਜੀ.ਐਸ.ਆਰ.106/ਸੰਵਿਧਾਨ/ਆਰਟੀਕਲ 309/ਸੋਧ (3)/2025, ਮਿਤੀ 2 ਜੁਲਾਈ, 2025 ਅਤੇ 4 ਜੁਲਾਈ, 2025 ਨੂੰ ਪੰਜਾਬ ਸਰਕਾਰ ਦੇ ਗਜ਼ਟ ਵਿੱਚ ਪ੍ਰਕਾਸ਼ਿਤ ਜਾਣਕਾਰੀ ਦੇ ਅਨੁਸਾਰ, ਬਾਗਬਾਨੀ ਵਿਕਾਸ ਅਧਿਕਾਰੀਆਂ ਅਤੇ ਸ੍ਰੀਕਲਚਰ ਵਿਭਾਗ ਦੇ ਅਧਿਕਾਰੀਆਂ ਦੇ ਤਨਖਾਹ ਸਕੇਲਾਂ ਨੂੰ ਤਰਕਸੰਗਤ ਬਣਾਉਣ ਲਈ ਨਿਯਮਾਂ ਵਿੱਚ ਸੋਧ ਕੀਤੀ ਗਈ ਹੈ। ਲੰਬੇ ਸਮੇਂ ਤੋਂ ਉਡੀਕਿਆ ਜਾ ਰਿਹਾ ਇਹ ਢਾਂਚਾਗਤ ਸੁਧਾਰ ਸੇਵਾ ਨਿਯਮਾਂ, ਖਾਸ ਕਰਕੇ 7ਵੇਂ ਕੇਂਦਰੀ ਤਨਖਾਹ ਕਮਿਸ਼ਨ ਅਧੀਨ ਤਨਖਾਹ ਸਕੇਲਾਂ ਦੇ ਲਾਗੂ ਕਰਨ ਸਬੰਧੀ ਮਾਮਲਿਆਂ ਵਿੱਚ ਇਕਸਾਰਤਾ ਅਤੇ ਸਪੱਸ਼ਟਤਾ ਲਿਆਏਗਾ।

ਉਨ੍ਹਾ ਦੱਸਿਆ ਕਿ ਸੇਵਾ ਨਿਯਮਾਂ ਵਿੱਚ ਇਹ ਸੋਧ ਬਾਗਬਾਨੀ ਕਾਡਰ ਦੇ ਕਈ ਖੇਤਰਾਂ ਨੂੰ ਕਵਰ ਕਰਦੀ ਹੈ ਜਿਸ ਵਿੱਚ ਵਿਸ਼ੇਸ਼ ਖੇਤੀ, ਬਾਇਓਟੈਕਨਾਲੋਜੀ, ਮਧੂ-ਮੱਖੀ ਪਾਲਣ, ਮਾਰਕੀਟਿੰਗ ਇੰਟੈਲੀਜੈਂਸ ਅਤੇ ਜਾਣਕਾਰੀ, ਐਰੋਪੋਨਿਕਸ, ਨਰਸਰੀ ਉਤਪਾਦਨ, ਨਿੰਬੂ ਉਤਪਾਦਨ ਅਤੇ ਸਿਖਲਾਈ, ਵਾਢੀ ਤੋਂ ਬਾਅਦ ਪ੍ਰਬੰਧਨ, ਮਸ਼ਰੂਮ, ਕੀਟ ਵਿਗਿਆਨ, ਪੈਥੋਲੋਜੀ, ਮਿੱਟੀ ਅਤੇ ਰੇਸ਼ਮ ਦੇ ਕੀੜੇ ਪਾਲਣਾ ਸ਼ਾਮਲ ਹਨ। ਇਹ ਬਦਲਾਅ 17 ਜੁਲਾਈ, 2020 ਨੂੰ ਜਾਂ ਇਸ ਤੋਂ ਬਾਅਦ ਭਰਤੀ ਕੀਤੇ ਗਏ ਅਧਿਕਾਰੀਆਂ ਦੇ ਤਨਖਾਹ ਸਕੇਲਾਂ ਵਿੱਚ ਸਮਾਨਤਾ ਲਿਆਉਣਗੇ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਬਾਗਬਾਨੀ ਰਾਹੀਂ ਫਸਲੀ ਵਿਭਿੰਨਤਾ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਸ੍ਰੀ ਭਗਤ ਨੇ ਕਿਹਾ ਕਿ ਕਿਸਾਨਾਂ ਨੂੰ ਸਮਰਥਨ ਦੇਣ ਅਤੇ ਸਿਸਟਮ ਵਿੱਚ ਨਵੀਨਤਾ ਲਿਆਉਣ ਲਈ ਇੱਕ ਮਜ਼ਬੂਤ ਕਾਡਰ ਜ਼ਰੂਰੀ ਹੈ।

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ (ਖੇਤੀਬਾੜੀ-4 ਸ਼ਾਖਾ) ਦੁਆਰਾ ਜਾਰੀ ਨੋਟੀਫਿਕੇਸ਼ਨ ਤਰੱਕੀਆਂ ਅਤੇ ਤਨਖਾਹ ਸਕੇਲ ਲਾਗੂ ਹੋਣ ਲਈ ਦਿਸ਼ਾ-ਨਿਰਦੇਸ਼ ਦੇਣ ਦੇ ਨਾਲ-ਨਾਲ ਸੇਵਾ ਸ਼ਰਤਾਂ ਵਿੱਚ ਲੰਬੇ ਸਮੇਂ ਦੀ ਸਪੱਸ਼ਟਤਾ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਏਗਾ ਹੈ।

# ਵੀਸੀਜ਼ ਦੇ ਪੈਨਲ ਵੱਲੋਂ ਓਪਨ ਯੂਨੀਵਰਸਿਟੀ ਦਾ ਦੌਰਾ



**ਪਟਿਆਲਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਗਤ ਗੁਰੂ ਨਾਨਕ ਦੇਵ ਪੰਜਾਬ ਰਾਜ ਓਪਨ ਯੂਨੀਵਰਸਿਟੀ ਪਟਿਆਲਾ ਵਿੱਚ ਵਾਈਸ-ਚਾਂਸਲਰਜ਼ ਦੀ ਮੀਟ ਹੋਈ। ਪ੍ਰੋ. (ਡਾ.) ਰਤਨ ਸਿੰਘ, ਵਾਈਸ-ਚਾਂਸਲਰ, ਓਪਨ ਯੂਨੀਵਰਸਿਟੀ, ਪਟਿਆਲਾ ਨੇ ਇਸ ਮੀਟ ਦੀ ਪ੍ਰਧਾਨਗੀ ਕੀਤੀ। ਇਸ ਮੀਟ ਦਾ ਉਦੇਸ਼ ਅਕਾਦਮਿਕ ਉੱਤਮਤਾ ਲਈ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨਾ ਸੀ।

ਵਾਈਸ-ਚਾਂਸਲਰਾਂ ਦੇ ਪੈਨਲ ਦੀ ਅਗਵਾਈ ਪ੍ਰੋਫੈਸਰ (ਡਾ.) ਰਾਜੀਵ ਸੂਦ, ਵਾਈਸ-ਚਾਂਸਲਰ, ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਫ਼ਰੀਦਕੋਟ ਨੇ ਕੀਤੀ। ਪੈਨਲ ਵਿੱਚ ਚਾਰ ਯੂਨੀਵਰਸਿਟੀਆਂ ਦੇ ਪ੍ਰਤੀਨਿਧੀ ਸ਼ਾਮਲ ਸਨ, ਜਿਨ੍ਹਾਂ ਵਿੱਚ ਸ. ਬੇਅੰਤ ਸਿੰਘ ਸਟੇਟ ਯੂਨੀਵਰਸਿਟੀ ਡੀਨ ਰਿਸਰਚ ਐਂਡ ਡਿਵੈਲਪਮੈਂਟ ਗੁਰਦਾਸਪੁਰ; ਡਾ. ਦਿਲਬਾਗ ਸਿੰਘ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਐਸੋਸੀਏਟ ਡੀਨ ਡਾ. ਅਮਿਤ ਭਾਟੀਆ ਅਤੇ ਆਈਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ, ਕਪੂਰਥਲਾ ਪ੍ਰੋਫੈਸਰ ਨੀਲਕੰਠ ਗਰੋਵਰ ਸ਼ਾਮਲ ਸਨ। ਪ੍ਰੋ. ਰਤਨ ਸਿੰਘ, ਵਾਈਸ-ਚਾਂਸਲਰ ਨੇ ਸਾਰਿਆਂ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਕਿਹਾ, 'ਯੂਨੀਵਰਸਿਟੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਦਾ ਪ੍ਰਚਾਰ ਕਰ ਰਹੀ ਹੈ ਅਤੇ ਸਿੱਖਿਆ ਨੂੰ ਵਧੇਰੇ ਪਹੁੰਚ ਯੋਗ ਬਣਾ ਰਹੀ ਹੈ।'

ਉਨ੍ਹਾਂ ਭਾਰਤ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਵਿੱਦਿਅਕ ਸੰਸਥਾਵਾਂ ਦੀ ਭੂਮਿਕਾ ਬਾਰੇ ਗੱਲ ਕੀਤੀ। ਉਨ੍ਹਾਂ ਨਵੀਨਤਾਕਾਰੀ, ਸਮਾਵੇਸ਼ੀ ਅਤੇ ਪ੍ਰਭਾਵ-ਆਧਾਰਿਤ ਸਿਖਲਾਈ ਮਾਡਲਾਂ ਰਾਹੀਂ ਭਾਰਤ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਵਿੱਦਿਅਕ ਸੰਸਥਾਵਾਂ ਦੀ ਭੂਮਿਕਾ ਬਾਰੇ ਗੱਲ ਕੀਤੀ।

# ਪੰਜਾਬ ਵਿਧਾਨ ਸਭਾ 'ਚ ਬੇਜ਼ੁਬਾਨ ਜਾਨਵਰਾਂ ਦੀ ਭਲਾਈ ਲਈ ਇਤਿਹਾਸਕ ਬਿਲ ਪੇਸ਼, ਡਾ. ਬਲਜੀਤ ਕੌਰ ਨੇ ਬਿੱਲ ਦੀ ਕੀਤੀ ਸ਼ਲਾਘਾ

**ਚੰਡੀਗੜ੍ਹ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਪੰਜਾਬ ਵਿਧਾਨ ਸਭਾ ਵਿੱਚ 'ਪ੍ਰੀਵੈਨਸ਼ਨ ਆਫ ਕਰੂਐਲਟੀ ਟੂ ਐਨੀਮਲਜ਼ (ਪੰਜਾਬ ਸੋਧਨਾ) ਬਿਲ 2025' ਦੀ ਪੇਸ਼ਕਸ਼ ਤੇ ਚਰਚਾ ਦੌਰਾਨ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਇਸ ਬਿਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਬਿਲ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਨੂੰ ਬਚਾਉਣ ਵੱਲ ਇਕ ਮਹੱਤਵਪੂਰਨ ਕਦਮ ਹੈ।

ਕੈਬਨਿਟ ਮੰਤਰੀ ਡਾ ਬਲਜੀਤ ਕੌਰ ਨੇ ਕਿਹਾ ਕਿ ਮਨੁੱਖ ਅਤੇ ਜਾਨਵਰਾਂ ਦਾ ਰਿਸ਼ਤਾ ਬਹੁਤ ਹੀ ਪੁਰਾਤਨ ਅਤੇ ਗੂੜਾ ਹੈ। ਮਨੁੱਖ ਜੰਗਲਾਂ ਵਿਚੋ ਉਭਰ ਕੇ, ਆਪਣੇ ਬੁੱਧੀ ਤੇ ਸੰਚਾਰ ਦੇ ਸਾਧਨਾਂ ਰਾਹੀਂ ਅੱਜ ਤੱਕ ਤਰੱਕੀ ਕੀਤੀ ਹੈ, ਪਰ ਦੁੱਖ ਦੀ ਗੱਲ ਹੈ ਕਿ ਵਿਕਾਸ ਦੇ ਇਸ ਦੌਰ ਵਿੱਚ ਮਨੁੱਖ ਪਸ਼ੂ ਪੰਛੀਆਂ ਨਾਲ ਜ਼ੁਰਮ ਅਤੇ ਬਦਸਲੂਕੀ ਵੀ ਕਰਨ ਲੱਗ ਪਿਆ।

ਉਨ੍ਹਾਂ ਕਿਹਾ ਕਿ ਮਨੁੱਖ ਜਿੱਥੇ ਆਪਣੀ ਸਮਝਦਾਰੀ ਨਾਲ ਰਾਜ ਕਰਦਾ ਗਿਆ, ਉੱਥੇ ਆਪਣੇ ਸਵਾਰਥ ਦੀ ਪੁਸ਼ਟੀ ਲਈ ਪਸ਼ੂਆਂ ਉੱਤੇ ਵੀ ਹਕ ਜਤਾਉਣ ਲੱਗ ਗਿਆ। ਮੰਤਰੀ ਨੇ ਇੱਕ ਕਥਾ ਜ਼ਰੀਏ ਇਹ ਦਰਸਾਇਆ ਕਿ ਅਸਲ ਵਿੱਚ ਸਭ ਤੋਂ ਵਧ ਤਾਕਤਵਰ ਜੀਵ ਮਨੁੱਖ ਬਣ ਗਿਆ, ਜੋ ਜਾਨਵਰਾਂ ਦੀ ਭਲਾਈ ਜਾਂ ਸੁਰੱਖਿਆ ਦੀ ਜਿੰਮੇਵਾਰੀ ਨਿਭਾਉਣ ਦੀ ਥਾਂ ਉਨ੍ਹਾਂ ਉੱਤੇ ਅੱਤਿਆਚਾਰ ਕਰਨ ਲੱਗ ਪਿਆ।

ਡਾ. ਬਲਜੀਤ ਕੌਰ ਨੇ ਵਿਧਾਨ ਸਭਾ ਰਾਹੀਂ ਇਹ ਸੰਦੇਸ਼ ਦਿੱਤਾ ਕਿ ਧਰਤੀ ਸਿਰਫ ਮਨੁੱਖਾਂ ਲਈ ਨਹੀਂ, ਸਗੋਂ ਹਰ ਜੀਵ ਜੰਤੂ, ਪਸ਼ੂ, ਪੰਛੀ ਤੇ ਮਾਈਕਰੋ ਆਰਗਨਿਜ਼ਮ ਲਈ ਬਣੀ ਹੈ। ਜਦੋਂ ਕੁਦਰਤ ਦੇ ਕਿਸੇ ਭਾਗ 'ਤੇ ਅੱਤਿਆਚਾਰ ਹੁੰਦਾ ਹੈ, ਤਾਂ ਕੁਦਰਤੀ ਸੰਤੁਲਨ ਟੁੱਟਦਾ ਹੈ, ਜਿਸ ਦਾ ਨੁਕਸਾਨ ਅਖ਼ੀਰ ਮਨੁੱਖੀ ਜਾਤੀ ਨੂੰ ਹੀ ਭੁਗਤਣਾ ਪੈਂਦਾ ਹੈ।



ਉਨ੍ਹਾਂ ਕਿਹਾ ਕਿ ਪੰਜਾਬ ਦਾ ਸੱਭਿਆਚਾਰ ਹਮੇਸ਼ਾ ਤੋਂ ਪਸ਼ੂ ਪੰਛੀਆਂ ਨੂੰ ਘਰਾਂ ਦਾ ਹਿੱਸਾ ਮੰਨਦਾ ਆਇਆ ਹੈ। ਗਾਵਾਂ, ਮੱਝਾਂ, ਬੈਲਾਂ ਅਤੇ ਹੋਰ ਪਸ਼ੂਆਂ ਨੂੰ ਬੱਚਿਆਂ ਵਾਂਗ ਪਾਲਿਆ ਜਾਂਦਾ ਸੀ। ਮੰਤਰੀ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਵੱਲੋਂ ਪਸ਼ੂ ਪੰਛੀਆਂ ਦੀ ਸੁਰੱਖਿਆ ਅਤੇ ਪੰਜਾਬੀ ਰਿਵਾਇਤਾਂ ਨੂੰ ਮੁੜ ਜਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਮੰਤਰੀ ਨੇ ਕਿਹਾ ਕਿ ਇਸ ਤਰ੍ਹਾਂ ਦਾ ਬਿਲ ਪਹਿਲੀ ਵਾਰ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਹੋਇਆ ਹੈ, ਜੋ ਮਨੁੱਖੀ ਸੱਭਿਆਚਾਰ, ਪਸ਼ੂ ਪੰਛੀਆਂ ਦੇ ਹੱਕਾਂ ਅਤੇ ਕੁਦਰਤ ਦੇ ਸੰਤੁਲਨ ਲਈ ਮਹੱਤਵਪੂਰਨ ਹੈ।

ਉਨ੍ਹਾਂ ਆਖਿਰ ਵਿੱਚ ਕਿਹਾ ਕਿ, "ਪਸ਼ੂ ਪੰਛੀਆਂ ਦੀ ਸੁਰੱਖਿਆ ਅਤੇ ਸੇਵਾ ਸਾਡੀ ਜਿੰਮੇਵਾਰੀ ਹੈ, ਤੇ ਮੈਂ ਇਸ ਬਿਲ ਦੀ ਪੂਰੀ ਹਮਾਇਤ ਕਰਦੀ ਹਾਂ।"

# ਐਫ.ਆਈ.ਆਰ. ਦਰਜ ਕਰਕੇ ਜਮਹੂਰੀਅਤ ਦਾ ਗਲਾ ਘੁੱਟਣ ਦੀ ਕੋਸ਼ਿਸ਼ ਕਰ ਰਹੀ ਭਾਜਪਾ: ਮੁੱਖ ਮੰਤਰੀ

## ➤ ਮੈਨੂੰ ਦੇਸ਼ ਦੀ ਵਿਦੇਸ਼ੀ ਨੀਤੀ 'ਤੇ ਸੁਆਲ ਚੁੱਕਣ ਦਾ ਪੂਰਾ ਹੱਕ ➤ ਅਡਾਨੀ ਨੂੰ ਕਾਰੋਬਾਰ ਵਧਾਉਣ ਵਿੱਚ ਮਦਦ ਕਰਨ ਲਈ ਪ੍ਰਧਾਨ ਮੰਤਰੀ ਕਰ ਰਹੇ ਹਨ ਵਿਦੇਸ਼ ਦੌਰੇ



**ਚੰਡੀਗੜ੍ਹ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਆਮ ਆਦਮੀ ਪਾਰਟੀ ਦੇ ਲੀਡਰਾਂ ਖਿਲਾਫ਼ ਐਫ.ਆਈ.ਆਰ. ਦਰਜ ਕਰਕੇ ਜਮਹੂਰੀਅਤ ਦੀ ਆਵਾਜ਼ ਦਬਾਉਣ ਲਈ ਪੱਬਾਂ ਭਾਰ ਹੋਈ ਪਈ ਹੈ।

ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਨਵੇਂ ਹਾਲਾਤ ਪੈਦਾ ਕੀਤੇ ਜਾ ਰਹੇ ਹਨ ਕਿ ਜੋ ਵੀ ਸੱਚ ਬੋਲੇਗਾ, ਉਸ ਨੂੰ ਐਫ.ਆਈ.ਆਰ. ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ, ਸੰਜੇ ਸਿੰਘ ਅਤੇ ਹੋਰ ਆਗੂਆਂ ਨੂੰ ਸੱਚ ਬੋਲਣ ਕਰਕੇ ਜੇਲ੍ਹ ਜਾਣਾ ਪਿਆ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਸਾਡੀ ਆਵਾਜ਼ ਦਿਵਾਉਣ ਦੀਆਂ ਕੋਸ਼ਿਸ਼ਾਂ ਦਾ ਅਸੀਂ ਸਾਹਮਣਾ ਕਰਨ ਲਈ ਤਿਆਰ ਹਾਂ। ਉਨ੍ਹਾਂ ਕਿਹਾ ਕਿ ਸਾਨੂੰ ਕਾਨੂੰਨ ਵਿੱਚ ਵਿਸ਼ਵਾਸ ਹੈ ਜਿੱਥੇ ਸਾਡੀ ਆਵਾਜ਼ ਸੁਣੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਜੇ ਹੋਰ ਗ੍ਰਿਫਤਾਰੀਆਂ ਅਤੇ ਐਫ.ਆਈ.ਆਰਜ਼ ਦਰਜ ਹੋਣਗੀਆਂ ਕਿਉਂਕਿ ਭਾਜਪਾ ਅਤੇ ਇਸ ਦੇ ਨੇਤਾ ਮੋਦੀ ਖਿਲਾਫ਼ ਬੋਲਣ ਕਰਕੇ ਸਾਡੀ ਆਵਾਜ਼ ਦਬਾਉਣਾ ਚਾਹੁੰਦੇ ਹਨ।

ਇਕ ਸਵਾਲ ਦੇ ਜਵਾਬ ਵਿੱਚ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਵਜੋਂ ਉਨ੍ਹਾਂ ਨੂੰ ਦੇਸ਼ ਦੀ ਵਿਦੇਸ਼ ਨੀਤੀ 'ਤੇ ਸਵਾਲ ਕਰਨ ਦਾ ਪੂਰਾ ਹੱਕ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਹ ਮੋਦੀ ਦੇ ਵਿਦੇਸ਼ੀ ਦੌਰਿਆਂ 'ਤੇ ਵਾਰ-ਵਾਰ ਸਵਾਲ ਪੁੱਛਣਗੇ ਕਿਉਂਕਿ ਇਹ ਸੱਚਾਈ ਹੈ ਕਿ ਕਿਸੇ ਵੀ ਦੇਸ਼ ਵਿੱਚ ਮੋਦੀ ਦੀ ਫੇਰੀ ਤੋਂ ਬਾਅਦ ਅਡਾਨੀ ਦਾ ਕਾਰੋਬਾਰ ਫੈਲਦਾ ਹੈ। ਉਨ੍ਹਾਂ ਕਿਹਾ ਕਿ ਮੋਦੀ ਅਤੇ ਇਹ ਕੰਪਨੀ ਇਹ ਸਵੀਕਾਰ ਨਹੀਂ ਕਰਦੇ ਕਿ ਉਹ ਅਡਾਨੀ ਨੂੰ ਵਿਦੇਸ਼ਾਂ ਵਿੱਚ ਆਪਣੇ ਕਾਰੋਬਾਰ ਸਥਾਪਤ ਕਰਨ ਵਿੱਚ ਸਹਾਇਤਾ ਕਰਦੇ ਹਨ। ਉਨ੍ਹਾਂ ਕਿਹਾ ਕਿ ਭਾਰਤ-ਪਾਕਿ ਜੰਗ ਦੌਰਾਨ ਦੁਨੀਆ ਭਰ ਦੇ ਕਿਸੇ ਵੀ ਦੇਸ਼ ਨੇ ਭਾਰਤ ਦਾ ਸਮਰਥਨ ਨਹੀਂ ਕੀਤਾ, ਫੇਰ ਅਜਿਹੇ ਦੌਰਿਆਂ ਦਾ ਕੀ ਫਾਇਦਾ?

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਖ਼ਤਰਨਾਕ ਗੈਂਗਸਟਰਾਂ ਨੂੰ ਸਰਪ੍ਰਸਤੀ ਦਿੱਤੀ ਜਾਂਦੀ ਹੈ, ਜੋ ਗੁਜਰਾਤ ਦੀਆਂ ਜੇਲ੍ਹਾਂ ਵਿੱਚ ਬੰਦ ਹਨ। ਉਨ੍ਹਾਂ ਕਿਹਾ ਕਿ ਸੰਗਠਿਤ ਅਪਰਾਧ ਅਤੇ ਨਸ਼ਿਆਂ ਵਿੱਚ ਸ਼ਾਮਲ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਉਨ੍ਹਾਂ ਵਿਰੁੱਧ ਕੋਈ ਨਰਮੀ ਨਹੀਂ ਵਰਤੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜੇਕਰ ਕੇਂਦਰੀ ਗ੍ਰਹਿ ਮੰਤਰੀ, ਜਿਨ੍ਹਾਂ ਨੂੰ ਗੁਜਰਾਤ ਤੋਂ ਕੱਢ ਦਿੱਤਾ ਗਿਆ ਸੀ, ਦਾ ਅਪਰਾਧਿਕ ਰਿਕਾਰਡ ਹੈ, ਅਜਿਹੀਆਂ ਸਰਕਾਰਾਂ ਤੋਂ ਹੋਰ ਕੀ ਉਮੀਦ ਕੀਤੀ ਜਾ ਸਕਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਸੂਬੇ ਲਈ ਇਤਿਹਾਸਕ ਦਿਨ ਹੈ ਕਿਉਂਕਿ ਸੂਬੇ ਦੀ ਵਿਧਾਨ ਸਭਾ ਵਿੱਚ ਪੰਜ ਲੋਕ-ਪੱਖੀ ਬਿੱਲ ਸਰਬਸੰਮਤੀ ਨਾਲ ਪਾਸ ਹੋ ਗਏ ਹਨ। ਉਨ੍ਹਾਂ ਕਿਹਾ ਕਿ ਸੂਬੇ ਦੀ ਪੁਰਾਤਨ ਸ਼ਾਨ ਨੂੰ ਬਹਾਲ ਕਰਨ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸੂਬਾ ਸਰਕਾਰ ਵੱਲੋਂ ਅਜਿਹੇ ਹੋਰ ਵੀ ਪੰਜਾਬ ਪੱਖੀ ਅਤੇ ਵਿਕਾਸ ਮੁਖੀ ਫੈਸਲੇ ਲਏ ਜਾਣਗੇ।

# ਮੁੱਖ ਮੰਤਰੀ ਨੇ ਸੂਬੇ ਵਿੱਚ ਰਵਾਇਤੀ ਪੇਂਡੂ ਖੇਡਾਂ ਨੂੰ ਹੋਰ ਪ੍ਰਫੁੱਲਿਤ ਕਰਨ ਅਤੇ ਸੁਰੱਖਿਅਤ ਰੱਖਣ ਪ੍ਰਤੀ ਵਚਨਬੱਧਤਾ ਦੁਹਰਾਈ



**ਚੰਡੀਗੜ੍ਹ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਵਿੱਚ ਰਵਾਇਤੀ ਪੇਂਡੂ ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਸੁਰੱਖਿਅਤ ਰੱਖਣ ਲਈ ਸੂਬਾ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਇਆ।

ਪਸ਼ੂਆਂ ਪ੍ਰਤੀ ਬੇਰਹਿਮੀ ਦੀ ਰੋਕਥਾਮ (ਪੰਜਾਬ ਸੋਧ) ਬਿੱਲ 2025, ਜਿਸ ਨੂੰ ਸਦਨ ਵਿੱਚ ਸਰਬਸੰਮਤੀ ਨਾਲ ਪਾਸ ਕੀਤਾ ਗਿਆ, 'ਤੇ ਬਹਿਸ ਵਿੱਚ ਹਿੱਸਾ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੇਂਡੂ ਖੇਡਾਂ ਸੂਬੇ ਦੇ ਸ਼ਾਨਦਾਰ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਬਿੱਲ ਦਾ ਉਦੇਸ਼ ਪੇਂਡੂ ਖੇਡਾਂ ਖਾਸ ਕਰਕੇ ਬੈਲਗੱਡੀਆਂ ਦੀ ਦੌੜ ਅਤੇ ਹੋਰਾਂ ਨੂੰ ਉਤਸ਼ਾਹਿਤ ਕਰਨਾ ਹੈ ਜੋ ਸੂਬੇ ਦੇ ਕੋਨੇ-ਕੋਨੇ ਵਿੱਚ ਕਰਵਾਈਆਂ ਜਾਂਦੀਆਂ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਸ਼ੂਧਨ ਰਾਜ ਦੀ ਖੇਤੀਬਾੜੀ ਆਰਥਿਕਤਾ ਦਾ ਅਨਿੱਖੜਵਾਂ ਅੰਗ ਰਿਹਾ ਹੈ ਅਤੇ ਪੰਜਾਬੀ ਕਿਸਾਨ ਸਦੀਆਂ ਤੋਂ ਪਸ਼ੂਆਂ ਨੂੰ ਆਪਣੇ ਬੱਚਿਆਂ ਵਾਂਗ ਪਾਲਦੇ ਆ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀਆਂ ਨੇ ਹਮੇਸ਼ਾ ਬੈਲਗੱਡੀਆਂ ਵਰਗੀਆਂ ਖੇਡਾਂ ਨੂੰ ਸ਼ੁਰੂ ਤੋਂ ਹੀ ਪਸੰਦ ਕੀਤਾ ਹੈ ਅਤੇ ਕਿਲ੍ਹਾ ਰਾਏਪੁਰ ਦੀਆਂ ਇਨ੍ਹਾਂ ਦੌੜਾਂ ਦੀ ਦੁਨੀਆ ਭਰ ਵਿੱਚ ਚਰਚਾ ਹੈ। ਉਨ੍ਹਾਂ ਕਿਹਾ ਕਿ ਇਹ ਬਿੱਲ ਆਉਣ ਵਾਲੇ ਸਮੇਂ ਵਿੱਚ ਜਾਨਵਰਾਂ ਨੂੰ ਨੁਕਸਾਨ ਪਹੁੰਚਾਏ ਬਿਨਾਂ ਪੰਜਾਬ ਭਰ ਵਿੱਚ ਅਜਿਹੀਆਂ ਖੇਡਾਂ ਨੂੰ ਹੋਰ ਪ੍ਰਫੁੱਲਿਤ ਬਣਾਉਣ ਵਿੱਚ ਸਹਾਇਕ ਹੋਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਾਨਵਰਾਂ ਦੀ ਸੁਰੱਖਿਆ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ ਅਤੇ ਉਨ੍ਹਾਂ ਵਿਰੁੱਧ ਕਿਸੇ ਵੀ ਤਰ੍ਹਾਂ ਦੀ ਬੇਰਹਿਮੀ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਬਿੱਲ ਦਾ ਮੁੱਖ ਉਦੇਸ਼ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਜਾਨਵਰਾਂ ਲਈ ਸੁਰੱਖਿਆ ਉਪਾਅ ਯਕੀਨੀ ਬਣਾਉਣਾ ਹੈ ਜਿਸ ਵਿੱਚ ਪਸ਼ੂਆਂ ਦੀ ਵੈਟਰਨਰੀ ਨਿਗਰਾਨੀ, ਸੁਰੱਖਿਆ ਮਾਪਦੰਡ, ਰਜਿਸਟ ?ਰੇਸ਼ਨ/ਦਸਤਾਵੇਜ਼ ਅਤੇ ਉਲੰਘਣਾਵਾਂ ਲਈ ਸਜ਼ਾ ਸ਼ਾਮਲ ਹੈ। ਉਨ੍ਹਾਂ ਨੇ ਉਮੀਦ ਜ਼ਾਹਰ ਕੀਤੀ ਕਿ ਇਹ ਬਿੱਲ ਪਿੰਡਾਂ ਵਿੱਚ ਰਵਾਇਤੀ ਖੇਡਾਂ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਪੰਜਾਬ ਦੀਆਂ ਦੇਸੀ ਪਸ਼ੂ ਨਸਲਾਂ ਨੂੰ ਬਚਾਉਣ ਵਿੱਚ ਵੀ ਮਦਦ ਕਰੇਗਾ। ਭਗਵੰਤ ਸਿੰਘ ਮਾਨ ਨੇ ਇਹ ਵੀ ਐਲਾਨ ਕੀਤਾ ਕਿ ਸੂਬਾ ਸਰਕਾਰ ਅਵਾਰਾ ਜਾਨਵਰਾਂ ਦੇ ਖਤਰੇ ਨਾਲ ਨਜਿੱਠਣ ਦਾ ਮੁੱਦਾ ਕੇਂਦਰ ਸਰਕਾਰ ਕੋਲ ਉਠਾਏਗੀ ਕਿਉਂਕਿ ਇਹ ਜਾਨਵਰ ਲੋਕਾਂ ਦੇ ਜੀਵਨ ਅਤੇ ਜਾਇਦਾਦ ਲਈ ਗੰਭੀਰ ਖ਼ਤਰਾ ਹਨ।

# ਕਰੰਟ ਲੱਗਣ ਕਾਰਨ ਨੌਜਵਾਨ ਦੀ ਮੌਤ

**ਪਾਤੜਾਂ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇਨਵਰਟਰ ਦੀ ਸਪਲਾਈ ਸਹੀ ਕਰਨ ਵੇਲੇ ਕਰੰਟ ਲੱਗਣ ਨਾਲ ਨੌਜਵਾਨ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਪਿੰਡ ਸਧਾਰਨਪੁਰ ਡੇਰਾ ਬੀਕਾਨੇਰੀਆ ਦਾ ਗੁਰਪਿੰਦਰ ਸਿੰਘ ਮੀਂਹ ਦੌਰਾਨ ਖ਼ਰਾਬ ਹੋਈ ਬਿਜਲੀ ਠੀਕ ਕਰਨ ਵੇਲੇ ਇਨਵਰਟਰ ਦੇ ਕਰੰਟ ਦੀ ਲਪੇਟ ਵਿੱਚ ਆ ਗਿਆ ਤੇ ਇਲਾਜ ਲਈ ਹਸਪਤਾਲ ਲਿਜਾਂਦੇ ਸਮੇਂ ਉਸ ਦੀ ਰਾਹ ਵਿੱਚ ਮੌਤ ਹੋ ਗਈ। ਮ੍ਰਿਤਕ ਆਪਣੇ ਪਿੱਛੇ ਪਤਨੀ ਸਮੇਤ ਦੋ ਨਿੱਕੇ ਬੱਚੇ ਛੱਡ ਗਿਆ ਹੈ। ਪਿੰਡ ਵਾਸੀਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਪਰਿਵਾਰ ਦੀ ਮਦਦ ਕੀਤੀ ਜਾਵੇ।

# ਡਾ. ਕਾਂਸਲ ਨੇ ਲਾਲਪੁਰਾ ਨੂੰ ਪਟਿਆਲਾ ਦੇ ਪਿੰਡਾਂ ਪਿੰਡਾਂ ਵਿੱਚ ਬੈਂਕਾਂ ਦੀ ਬ੍ਰਾਂਚ ਨੂੰ ਸ਼ੁਰੂ ਕਰਵਾਉਣ ਲਈ ਦਿੱਤਾ ਮੰਗ ਪੱਤਰ



**ਪਟਿਆਲਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਦੇ ਸੀਨਿਅਰ ਯੁਵਾ ਨੇਤਾ ਡਾ. ਗੁਰਵਿੰਦਰ ਕਾਂਸਲ ਨੇ ਭਾਜਪਾ ਦੀ ਸੰਸਦੀ ਬੋਰਡ ਅਤੇ ਮੁੱਖ ਚੋਣ ਕਮੇਟੀ ਦੇ ਮੈਂਬਰ ਸ. ਇਕਬਾਲ ਸਿੰਘ ਲਾਲਪੁਰਾ ਨਾਲ ਅਹਿਮ ਮੁਲਾਕਾਤ ਕੀਤੀ। ਇਸ ਮੌਕੇ ਓਂ ਭਾਜਪਾ ਪਟਿਆਲਾ ਦੇ ਸਾਬਕਾ ਐਸ.ਸੀ. ਮੋਰਚਾ ਦੇ ਪ੍ਰਧਾਨ ਐਸ.ਕੇ. ਪਾਠੀ ਅਤੇ ਇਸ਼ਾਂਤ ਵੀ ਮੌਜੂਦ ਸਨ। ਮੁਲਾਕਾਤ ਦੌਰਾਨ ਡਾ. ਕਾਂਸਲ ਨੇ ਖਾਸ ਤੌਰ ਤੇ ਪਟਿਆਲਾ ਦੀਆਂ ਬੈਂਕਿੰਗ ਸੇਵਾਵਾਂ ਉੱਤੇ ਚਰਚਾ ਕੀਤੀ ਜਿਸ ਵਿੱਚ ਲਾਲਪੁਰਾ ਨੂੰ ਪਟਿਆਲਾ ਦੇ ਕਈ ਪਿੰਡਾਂ ਵਿੱਚ ਆ ਰਹੀ ਬੈਂਕਿੰਗ ਸਮਸਿਆ ਨਾਲ ਵੀ ਜਾਣੂ ਕਰਵਾਇਆ ਅਤੇ ਨਾਲ ਹੀ ਪਟਿਆਲਾ ਦੇ ਪਿੰਡਾਂ ਪਿੰਡਾਂ ਵਿੱਚ ਕੇਂਦਰੀ ਬੈਂਕਾਂ ਦੀ ਬ੍ਰਾਂਚਾਂ ਨੂੰ ਸ਼ੁਰੂ ਕਰਵਾਉਣ ਲਈ ਮੰਗ ਪੱਤਰ ਦਿੱਤਾ। ਸ. ਇਕਬਾਲ ਸਿੰਘ ਲਾਲਪੁਰਾ ਵਲੋਂ ਡਾ. ਗੁਰਵਿੰਦਰ ਕਾਂਸਲ ਨੂੰ ਯਕੀਨ ਦੁਆਇਆ ਗਿਆ ਕਿ ਜਲਦੀ ਹੀ ਪਟਿਆਲਾ ਦੇ ਹਰ ਪਿੰਡ ਵਿੱਚ ਕੇਂਦਰੀ ਬੈਂਕ ਦੀ ਬ੍ਰਾਂਚ ਨੂੰ ਸ਼ੁਰੂ ਕਰਵਾ ਦਿੱਤਾ ਜਾਵੇਗਾ ਅਤੇ ਪਟਿਆਲਾ ਦਾ ਹਰ ਪਿੰਡ ਬੈਂਕਾਂ ਦੀ ਸਹੂਲਤ ਦਾ ਲਾਭ ਲੈ ਸਕੇਗਾ।

# ਬੇਅਦਬੀ ਖ਼ਿਲਾਫ਼ ਕਾਨੂੰਨ ਪੇਸ਼ ਨਾ ਹੋਣ 'ਤੇ ਆਗੂ ਖ਼ਫ਼ਾ; ਭਾਈ ਗੁਰਜੀਤ ਸਿੰਘ ਬੇਹੋਸ਼ ਹੋਏ

**ਸਮਾਣਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦ ਸੈਸ਼ਨ ਵਿੱਚ ਬੇਅਦਬੀ ਖ਼ ?ਲਾਫ਼ ਕਾਨੂੰਨ ਪੇਸ਼ ਕੀਤੇ ਜਾਣ ਤੋਂ ਟਾਵਰ ਮੋਰਚੇ ਦੇ ਆਗੂ ਖ਼ਫ਼ਾ ਹਨ।

ਦਰਅਸਲ, ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਟਾਵਰ ਮੋਰਚਾ ਸਮਾਣਾ ਦੇ ਸੰਯੋਜਕ ਭਾਈ ਗੁਰਪ੍ਰੀਤ ਸਿੰਘ ਟਹਿਲ ਸੇਵਾ ਅੱਠੇ ਪਹਿਰ ਆਨੰਦਪੁਰ ਸਾਹਿਬ, ਤਲਵਿੰਦਰ ਸਿੰਘ ਔਲਖ, ਬਾਬਾ ਭਰਪੂਰ ਸਿੰਘ ਅਤੇ ਭਾਈ ਗੁਰਜੀਤ ਸਿੰਘ ਦੇ ਭਰਾ ਨਾਲ ਬੀਤੀ 28 ਜੂਨ ਨੂੰ ਮੁੱਖ ਸਕੱਤਰ ਪੰਜਾਬ, ਗ੍ਰਹਿ ਵਿਭਾਗ ਪੰਜਾਬ, ਕਾਨੂੰਨ ਵਿਭਾਗ ਪੰਜਾਬ, ਡੀਸੀ ਡਾ. ਪ੍ਰੀਤੀ ਯਾਦਵ, ਜ਼ਿਲ੍ਹਾ ਪੁਲੀਸ ਮੁਖੀ ਵਰੁਣ ਸ਼ਰਮਾ, ਉੱਪ-ਮੰਡਲ ਅਫ਼ਸਰ ਸਮਾਣਾ ਰਿਚਾ ਗੋਇਲ ਅਤੇ ਪੁਲੀਸ ਉਪ-ਕਪਤਾਨ ਸਮਾਣਾ ਫਤਹਿ ਸਿੰਘ ਬਰਾੜ ਦੀ ਹਾਜ਼ਰੀ ਵਿੱਚ 45 ਮਿੰਟ ਕੀਤੀ ਮੀਟਿੰਗ ਵਿੱਚ ਇਸ ਸਬੰਧੀ ਭਰੋਸਾ ਦਿੱਤਾ ਗਿਆ ਸੀ। ਪੰਜਾਬ ਸਰਕਾਰ ਦੇ ਟਾਲ-ਮਟੋਲ ਦੇ ਰਵੱਈਏ ਤੋਂ ਖ਼ਫ਼ਾ ਹੋ ਕੇ 12 ਅਕਤੂਬਰ 2024 ਤੋਂ ਭਾਰਤੀ ਸੰਚਾਰ ਨਿਗਮ ਦੇ 400 ਫੁੱਟ ਉੱਚੇ ਟਾਵਰ 'ਤੇ ਚੜ੍ਹੇ ਭਾਈ ਗੁਰਜੀਤ ਸਿੰਘ ਖੇੜੀਨਗਾਈਆਂ ਨੇ ਦਵਾਈ ਅਤੇ ਖਾਣਾ ਫਿਰ ਛੱਡ ਦਿੱਤਾ ਹੈ ਜਿਸ ਕਾਰਨ ਉਹ ਬੇਹੋਸ਼ ਹੋ ਗਏ ਹਨ। ਅੱਜ ਉਪ-ਮੰਡਲ ਮੈਜਿਸਟਰੇਟ ਸਮਾਣਾ ਰਿਚਾ ਗੋਇਲ ਅਤੇ ਪੁਲੀਸ ਉਪ-ਕਪਤਾਨ ਫਤਹਿ ਸਿੰਘ ਬਰਾੜ ਨੇ ਮੋਰਚੇ ਦੇ ਆਗੂਆਂ ਨਾਲ ਗੱਲਬਾਤ ਕਰ ਕੇ ਭਾਈ ਗੁਰਜੀਤ ਸਿੰਘ ਨੂੰ ਖਾਣਾ ਖਾਣ ਅਤੇ ਦਵਾਈ ਲੈਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਕਾਨੂੰਨ ਨੂੰ ਸਮਾਂ ਲੱਗ ਸਕਦਾ ਹੈ। ਆਗੂ ਤਲਵਿੰਦਰ ਸਿੰਘ ਔਲਖ ਨੇ ਖ਼ਫ਼ਾ ਹੋ ਕੇ ਮੁੱਖ ਮੰਤਰੀ ਦੇ ਨਾਂ ਖੁੱਲ੍ਹਾ ਪੱਤਰ ਜਾਰੀ ਕਰਦਿਆਂ ਦੱਸਿਆ ਕਿ 28 ਜੂਨ ਨੂੰ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਫੋਨ ਰਾਹੀਂ ਸੂਚਨਾ ਦਿੱਤੀ ਗਈ ਸੀ ਕਿ 10 ਜੁਲਾਈ ਨੂੰ ਕੈਬਨਿਟ ਮੀਟਿੰਗ ਵਿੱਚ ਇਹ ਬਿੱਲ ਪਾਸ ਕਰ ਦਿੱਤਾ ਜਾਵੇਗਾ ਤੇ ਬਾਅਦ ਵਿੱਚ ਦੱਸਿਆ ਗਿਆ ਕਿ 7 ਜੁਲਾਈ ਨੂੰ ਬੇਅਦਬੀ ਸਬੰਧੀ ਕੈਬਨਿਟ ਮੀਟਿੰਗ ਵਿੱਚ ਮਤਾ ਪਾਸ ਕਰ ਦਿੱਤਾ ਜਾਵੇਗਾ।

# ਮੱਛੀ ਪਾਲਣ ਵਿਭਾਗ ਵਲੋਂ ਮਨਾਇਆ ਗਿਆ ਮੱਛੀ ਪਾਲਣ ਦਿਵਸ




**ਅੰਮ੍ਰਿਤਸਰ 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਭਰ ਵਿੱਚ ਮੱਛੀ ਪਾਲਣ ਦਿਵਸ ਮਨਾਇਆ ਜਾਂਦਾ ਹੈ, ਜਿਸ ਦਾ ਮਕਸਦ ਮੱਛੀ ਪਾਲਕਾ ਦੀ ਭੂਮਿਕਾ ਅਤੇ ਯੋਗਦਾਨ ਨੂੰ ਸਨਮਾਨ ਦੇਣਾ ਹੈ ਜੋ ਦੇਸ ਦੀ ਭੋਜਣ ਸੁਰੱਖਿਆ, ਆਰਥਿਕਤਾ ਅਤੇ ਰੋਜਗਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਇਸ ਸੰਬੰਧ ਵਿੱਚ ਮੱਛੀ ਪਾਲਣ ਵਿਭਾਗ ਅੰਮ੍ਰਿਤਸਰ ਵੱਲੋਂ ਜਿਲ੍ਹਾਂ ਅੰਮ੍ਰਿਤਸਰ ਵਿਖੇ ਇਹ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਗਿਆ ਜਿਸ ਵਿੱਚ ਜਿਲੇ ਦੇ ਵੱਖ-ਵੱਖ ਪਿੰਡਾ ਵਿੱਚੋਂ ਮੱਛੀ ਪਾਲਕਾਂ, ਮੱਛੀ ਵਿਕਰੇਤਾਂਵਾ ਅਤੇ ਬੇਰੋਜਗਾਰ ਨੋਜਵਾਂਨਾ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।ਸਭ ਤੋਂ ਪਹਿਲਾਂ ਸੀਨੀਅਰ ਮੱਛੀ ਪਾਲਣ ਅਫਸਰ, ਅੰਮ੍ਰਿਤਸਰ ਨੇ ਗੁਰਮੀਤ ਸਿੰਘ ਖੁਡੀਆ ਕੈਬਨਿਟ ਮੰਤਰੀ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਪੰਜਾਬ ਵੱਲੋਂ ਕੌਮੀ ਮੱਛੀ ਪਾਲਣ ਦਿਵਸ ਤੇ ਭੇਜੇ ਗਏ ਸੰਦੇਸ਼ ਬਾਰੇ ਜਾਣੂ ਕਰਵਾਇਆ ਗਿਆ, ਜਿਸ ਵਿੱਚ ਕੈਬਨਿਟ ਮੰਤਰੀ ਨੇ ਇਸ ਦਿਵਸ ਤੇ ਮੱਛੀ ਪਾਲਕਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਤੁਸੀ ਦੇਸ਼ ਨੂੰ ਭੋਜਨ ਸੁਰੱਖਿਆ ਪ੍ਰਦਾਨ ਕਰਨ ਅਤੇ ਆਰਥਿਕ ਤੌਰ ਤੇ ਖੁਸ਼ਹਾਲ ਬਣਾਉਣ ਵਿੱਚ ਕਾਰਜਸ਼ੀਲ ਹੋ, ਇਹ ਸਾਡੇ ਲਈ ਮਾਣ ਵਾਲੀ ਗੱਲ ਹੈ।

ਕੈਬਨਿਟ ਮੰਤਰੀ ਨੇ ਅੱਜ ਦੇ ਦਿਨ ਦੀ ਮਹੱਤਤਾ ਬਾਰੇ ਜਾਣੂ ਕਰਵਾਉਦਿਆ ਹੋਇਆ ਦੱਸਿਆ ਕਿ 10 ਜੁਲਾਈ, 1957 ਨੂੰ ਅੰਗੁਲ, ਉਡੀਸਾ ਵਿਖੇ ਮਹਾਨ ਵਿਗਿਆਨੀ ਪ੍ਰੋਫੈਸਰ ਡਾ. ਹੀਰਾਲਾਲ ਚੌਧਰੀ ਅਤੇ ਡਾ. ਕੇ. ਐਚ. ਅਲੀਕੁੰਨੀ ਵਲੋਂ ਭਾਰਤੀ ਮੱਛੀ ਪਾਲਣ ਦੇ ਖੇਤਰ ਵਿੱਚ ਇੱਕ ਕ੍ਰਾਂਤੀ ਲਿਆਉਂਦੇ ਹੋਏ ਪਹਿਲੀ ਵਾਰ ਮਨਸੂਈ ਢੰਗ ਨਾਲ ਕਾਰਪ ਮੱਛੀਆਂ ਦੀ ਬਰੀਡਿੰਗ ਕਰਵਾਈ ਗਈ ਸੀ। ਇਹ ਦਿਹਾੜਾ ਹਰ ਸਾਲ ਉਨ੍ਹਾਂ ਵੱਲੋਂ ਕੀਤੇ ਗਏ ਇਸ ਕੰਮ ਦੀ ਯਾਦ ਅਤੇ ਮੱਛੀ ਪਾਲਕਾਂ ਵੱਲੋਂ ਇਸ ਸੈਕਟਰ ਵਿੱਚ ਪ੍ਰਾਪਤ ਕੀਤੀਆਂ ਗਈਆਂ ਉਪਲੱਬਧੀਆਂ ਨੂੰ ਸਮਰਪਿਤ ਹੈ। ਸ. ਗੁਰਮੀਤ ਸਿੰਘ ਖੁਡੀਆ ਨੇ ਇਹ ਵੀ ਕਿਹਾ ਕਿ ਮੁੱਖ ਮੰਤਰੀ ਪੰਜਾਬ, ਸ. ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਹੇਠ ਪੰਜਾਬ ਰਾਜ ਮੱਛੀ ਪਾਲਣ ਦੇ ਖੇਤਰ ਵਿੱਚ ਮਜ਼ਬੂਤੀ ਨਾਲ ਲਗਾਤਾਰ ਅੱਗੇ ਵੱਧ ਰਿਹਾ ਹੈ। ਪੰਜਾਬ ਵਿੱਚ ਕੁੱਲ 43,683 ਏਕੜ ਰਕਬਾ ਮੱਛੀ ਪਾਲਣ ਅਧੀਨ ਹੈ। ਇਸ ਸਮੇਂ ਪੰਜਾਬ ਵਿੱਚ ਕੁੱਲ 2,00,000 ਟਨ ਮੱਛੀ ਦਾ ਉਤਪਾਦਨ ਹੋ ਰਿਹਾ ਹੈ। ਪੰਜਾਬ ਦੇ ਸੇਮ ਅਤੇ ਖਾਰੇਪਣ ਨਾਲ ਪ੍ਰਭਾਵਿਤ ਦੱਖਣੀ-ਪੱਛਮੀ ਜਿਲ੍ਹਿਆਂ ਵਿਚ ਕਿਸਾਨਾਂ ਵੱਲੋਂ ਲੱਗਭੱਗ 985 ਏਕੜ ਰਕਬੇ ਵਿਚ ਝੀਂਗਾ ਪਾਲਣ ਕੀਤਾ ਜਾ ਰਿਹਾ ਹੈ। ਸਰਕਾਰ ਵੱਲੋਂ ਮੱਛੀ ਪਾਲਕਾਂ ਦੀ ਸੁਵਿਧਾ ਲਈ 16 ਸਰਕਾਰੀ ਮੱਛੀ ਪੂੰਗ ਫਾਰਮਾਂ ਤੋਂ ਵਧੀਆ ਗੁਣਵੱਤਾ ਦਾ ਪੂੰਗ ਰਿਆਇਤੀ ਦਰਾਂ ਤੇ ਉਪਲੱਬਧ ਕਰਵਾਇਆ ਜਾਂਦਾ ਹੈ ਅਤੇ ਝੀਂਗਾ ਪਾਲਕਾਂ ਦੀ ਸੁਵਿਧਾ ਲਈ ਪਿੰਡ ਈਨਾ ਖੇੜਾ, ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਡੈਮੋਸਟ ?ਰੇਸ਼ਨ ਫਾਰਮ-ਕਮ-ਟਰੇਨਿੰਗ ਸੈਂਟਰ ਤੋਂ ਸੇਵਾਵਾਂ ਪ੍ਰਦਾਨ ਕੀਤੀਆ ਜਾਂਦੀਆ ਹਨ। ਸੈਂਟਰਲੀ ਸਪਾਂਸਰਡ ਸਕੀਮ ਪ੍ਰਧਾਨ ਮੰਤਰੀ ਮਤਸਯ ਸੰਪਦਾ ਯੋਜਨਾ ਤਹਿਤ ਵੱਖ-ਵੱਖ ਪ੍ਰੋਜੈਕਟ ਜਿਵੇਂ ਕਿ ਮੱਛੀ ਅਤੇ ਝੀਂਗਾ ਪਾਲਣ ਤਲਾਬ, ਮੱਛੀ ਟਰਾਂਸਪੋਰਟ ਵਹੀਕਲ ਦੀ ਖਰੀਦ, ਮੱਛੀ ਕਿਓਸਕ/ਦੁਕਾਨਾਂ, ਕੋਲਡ ਸਟੋਰੇਜ ਪਲਾਂਟ, ਮੱਛੀ ਫੀਡ ਮਿੱਲ, ਸਜਾਵਟੀ ਮੱਛੀਆਂ ਦੇ ਯੂਨਿਟ, ਆਦਿ ਨੂੰ ਅਪਨਾਉਣ ਲਈ 40% ਤੋਂ 60% ਸਬਸਿਡੀ ਦਾ ਲਾਭ ਦਿੱਤਾ ਜਾ ਰਿਹਾ ਹੈ। ਪੰਜਾਬ ਸਰਕਾਰ ਵਲੋਂ ਹੁਣ ਤੱਕ 637 ਲਾਭਪਾਤਰੀਆਂ ਨੂੰ ਸਵੈ-ਰੁਜਗਾਰ ਮੁਹੱਈਆ ਕਰਵਾਉਂਦੇ ਹੋਏ 30.63 ਕਰੋੜ ਰੁਪਏ ਦੀ ਸਬਸਿਡੀ ਵੰਡੀ ਜਾ ਚੁੱਕੀ ਹੈ।

ਅੰਤ ਵਿਚ ਉਹਨਾ ਵੱਲੋ ਇੱਕ ਵਾਰ ਫਿਰ 'ਕੌਮੀ ਮੱਛੀ ਪਾਲਕ ਦਿਵਸ ਦੀਆਂ ਵਧਾਈਆਂ ਦਿੰਦੇ ਹੋਏ ਅਪੀਲ ਕੀਤੀ ਗਈ ਕਿ ਸਮੇਂ ਦੀ ਮੰਗ ਮੁਤਾਬਿਕ ਆਧੁਨਿਕ ਮੱਛੀ ਪਾਲਣ ਤਕਨੀਕਾਂ ਅਪਨਾ ਕੇ, ਕੁਦਰਤੀ ਜਲ ਸਰੋਤਾਂ ਦੀ ਸੰਭਾਲ ਕਰਦੇ ਹੋਏ ਮੱਛੀ ਦਾ ਉਤਪਾਦਨ ਵਧਾਈਏ, ਕਿਰਸਾਨੀ ਅਤੇ ਪੰਜਾਬ ਸੂਬੇ ਦੀ ਤਰੱਕੀ ਵਿੱਚ ਆਪਣਾ ਬਹੁਮੁੱਲਾ ਯੋਗਦਾਨ ਪਾਈਏ। ਇਸ ਉਪਰੰਤ ਮਿਸ ਸੁਪਰਿਆ ਕੰਬੋਜ ਮੱਛੀ ਪਾਲਣ ਅਫਸਰ ਅੰਮ੍ਰਿਤਸਰ ਨੇਂ ਵਿਭਾਗ ਵਿੱਚ ਚੱਲ ਰਹੀਆਂ ਵੱਖ-ਵੱਖ ਸਕੀਮਾਂ ਤੋਂ ਜਾਣੂ ਕਰਵਾਇਆ।ਅੰਤ ਵਿੱਚ ਸ੍ਰ ਹਰਦੇਵ ਸਿੰਘ ਸਹਾਇਕ ਡਾਇਰੈਕਟਰ ਮੱਛੀ ਪਾਲਣ ਅੰਮ੍ਰਿਤਸਰ ਜੀ ਨੇ ਆਏ ਹੋਏ ਮੱਛੀ ਕਾਸ਼ਤਕਾਰਾਂ ਦਾ ਧੰਨਵਾਦ ਕਰਦਿਆਂ ਹੋਏ ਕਿਹਾ ਕਿ ਮੱਛੀ ਪਾਲਣ ਨੂੰ ਉਤਸ਼ਾਹਿਤ ਕਰਨ ਵਾਸਤੇ ਪੀ.ਐਮ.ਐਮ.ਐਸ.ਵਾਈ ਸਕੀਮ ਅਧੀਨ ਵੱਖ ਵੱਖ ਮੱਦਾ ਤਹਿਤ ਸਬਸਿਡੀ ਮੁਹੱਈਆ ਕਰਵਾਈ ਜਾ ਰਹੀ ਹੈ ਅਤੇ ਮੱਛੀ ਪਾਲਣ ਦਾ ਧੰਦਾ ਸਹਾਇਕ ਧੰਦਿਆਂ ਵਿੱਚੋਂ ਇੱਕ ਬਹੁਤ ਹੀ ਵਧੀਆ ਧੰਦਾ ਹੈ ਜਿਸ ਰਾਹੀਂ ਕਿਸਾਨ ਆਪਣੀ ਆਮਦਨ ਵਿੱਚ ਦੁਗਣਾ ਵਾਧਾ ਕਰ ਸਕਦੇ ਹਨ ਅਤੇ ਬੇਰੋਜਗਾਰ ਨੋਜਵਾਨ ਵੀ ਇਸ ਨੂੰ ਰੋਜਗਾਰ ਵਜੋਂ ਅਪਣਾ ਸਕਦੇ ਹਨ। ਉਹਨਾ ਵੱਲੋ ਇਹ ਵੀ ਦੱਸਿਆ ਗਿਆ ਕਿ ਪਿਡਾਂ ਵਿੱਚ ਬੇਕਾਰ ਪਏ ਪੰਚਾਇਤੀ ਛੱਪੜਾ ਨੂੰ ਠੇਕੇ ਤੇ ਲੈ ਕੇ ਮੱਛੀ ਪਾਲਣ ਤਲਾਬ ਵਜੋ ਵਿਕਸਤ ਕਰਕੇ ਮੱਛੀ ਪਾਲਣ ਅਧੀਨ ਲਿਆਦਾ ਜਾ ਸਕਦਾ ਹੈ ਅਤੇ ਆਮਦਨ ਪ੍ਰਾਪਤ ਕੀਤੀ ਜਾ ਸਕਦੀ ਹੈ। ਮੱਛੀ ਪਾਲਣ ਨੂੰ ਜਿਲ੍ਹੇ ਵਿੱਚ ਪ੍ਰਫੁਲਿੱਤ ਕਰਨ ਲਈ ਵਿਭਾਗ ਵਲੋ ਹਰ ਮਹੀਨੇ ਜਿਲ੍ਹ ਪੱਧਰ ਤੇ ਪੰਜ ਦਿੱਨਾ ਮੁਫਤ ਸਿਖਲਾਈ ਦਿੱਤੀ ਜਾਦੀ ਹੈ। ਇਸ ਮੋਕੇ ਤੇ ਵਿਭਾਗ ਦੇ ਸਚਲੀਨ ਸਿੰਘ ਬਾਜਵਾ, ਜਗਤਾਰ ਸਿੰਘ, ਆਦਿ ਵੀ ਹਾਜਰ ਸਨ।

# ਐਨਸੀਸੀ ਏਅਰਵਿੰਗ ਦੇ ਸਾਲਾਨਾ ਟਰੇਨਿੰਗ ਕੈਂਪ ਵਿੱਚ ਕਰਵਾਇਆ ਸਾਈਬਰ ਸੁਰੱਖਿਆ ਜਾਗਰੂਕਤਾ ਸੈਸ਼ਨ



**ਪਟਿਆਲਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਯੂਨੀਵਰਸਿਟੀ ਵਿਖੇ ਚੱਲ ਰਹੇ ਐਨਸੀਸੀ ਏਅਰਵਿੰਗ ਸਾਲਾਨਾ ਸਿਖਲਾਈ ਕੈਂਪ-87 ਦੇ ਹਿੱਸੇ ਵਜੋਂ, ਇੰਸਪੈਕਟਰ ਓਪਿੰਦਰਜੀਤ ਸਿੰਘ ਅਤੇ ਸਾਈਬਰ ਵਿੰਗ, ਮੋਹਾਲੀ ਦੁਆਰਾ ਇੱਕ ਸਾਈਬਰ ਸੁਰੱਖਿਆ ਜਾਗਰੂਕਤਾ ਸੈਸ਼ਨ ਕਰਵਾਇਆ ਗਿਆ। ਇਸ ਸੈਸ਼ਨ ਦਾ ਉਦੇਸ਼ ਐਨਸੀਸੀ ਕੈਡਿਟਾਂ ਨੂੰ ਅੱਜ ਦੇ ਤਕਨੀਕੀ-ਸੰਚਾਲਿਤ ਵਾਤਾਵਰਣ ਵਿੱਚ ਜ਼ਿੰਮੇਵਾਰ ਡਿਜੀਟਲ ਵਿਵਹਾਰ, ਸਾਈਬਰ ਖਤਰਿਆਂ ਅਤੇ ਰੋਕਥਾਮ ਉਪਾਵਾਂ ਬਾਰੇ ਸੰਵੇਦਨਸ਼ੀਲ ਬਣਾਉਣਾ ਸੀ।

ਇੰਸਪੈਕਟਰ ਸਿੰਘ ਅਤੇ ਉਨ੍ਹਾਂ ਦੀ ਟੀਮ ਨੇ ਅਸਲ-ਜੀਵਨ ਦੇ ਸਾਈਬਰ ਅਪਰਾਧ ਮਾਮਲਿਆਂ ਅਤੇ ਔਨਲਾਈਨ ਸੁਰੱਖਿਅਤ ਰਹਿਣ ਲਈ ਵਿਹਾਰਕ ਸੁਝਾਅ ਪ੍ਰਦਾਨ ਕੀਤੇ - ਕੈਡਿਟਾਂ ਨੂੰ ਸਾਈਬਰ-ਜਾਗਰੂਕ ਨਾਗਰਿਕ ਅਤੇ ਦੇਸ਼ ਦੇ ਡਿਜੀਟਲ ਮੋਰਚੇ ਦੇ ਭਵਿੱਖ ਦੇ ਰਖਵਾਲੇ ਬਣਨ ਲਈ ਸ਼ਕਤੀ ਪ੍ਰਦਾਨ ਕੀਤੀ।

ਚੰਡੀਗੜ੍ਹ ਯੂਨੀਵਰਸਿਟੀ ਅਤੇ ਐਨਸੀਸੀ ਯੂਨਿਟ ਵੱਲੋਂ, ਚੰਡੀਗੜ੍ਹ ਯੂਨੀਵਰਸਿਟੀ ਦੇ ਡਾਇਰੈਕਟਰ ਡਾ. ਗੁਰਪ੍ਰੀਤ ਸਿੰਘ ਨੇ ਕੈਂਪ ਐਡਜੂਟੈਂਟ ਪੀ.ਕੇ. ਤਿਆਗੀ ਦੇ ਨਾਲ, ਇੰਸਪੈਕਟਰ ਓਪਿੰਦਰਜੀਤ ਸਿੰਘ ਅਤੇ ਸਾਈਬਰ ਵਿੰਗ ਟੀਮ ਨੂੰ ਉਨ੍ਹਾਂ ਦੇ ਪ੍ਰਭਾਵਸ਼ਾਲੀ ਯੋਗਦਾਨ ਲਈ ਯਾਦਗਾਰੀ ਚਿੰਨ ਭੇਟ ਕੀਤਾ।

# ਬਾਪੂ ਆਸਾਰਾਮ ਜੀ ਦੇ ਸਾਧਕੌਂ ਨੇ ਬੜੀ ਧੂਮਧਾਮ ਨਾਲ ਬਣਾਈ ਗੁਰੂ ਪੂਰਨਿਮਾ



**ਪਟਿਆਲਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਪੂਰਨੀਮਾ ਮਨਾਉਣ ਦਾ ਸਾਰੇਂ ਸਾਧਕਾਂ ਨੂੰ ਇਕੋਂ ਸੰਦੇਸ ਹੁੰਦਾ ਹੈ ਕਿ ਹਰਿ ਹਰ ਆਦਿ ਜਗਤ ਮੇਂ ਪੂਜੇ ਗੁਰੂਦੇਵ ਜੋ ਕੋਈ , ਸਤਗੁਰੂ ਦੀ ਪੂਜਾ ਕਿੱਤੇ ਸਭਦੀ ਪੂਜਾ ਹੋਏ, ਜਿਨ੍ਹੀ ਮਰਜੀ ਸੰਸਾਰ ਲਈ ਧਨ ਇਕੱਠਾ ਕਰਣ ਲਈ ਜਪ ਤਪ ਲਈ ਮੇਹਨਤ ਕਰ ਲੋਂ ਜਦ ਤੱਕ ਗੁਰੂਦੇਵ ਦਾ ਆਸੀਰਵਾਦ ਤੁਹਾਡੇ ਦਿੱਲ ਤੱਕ ਨਹੀਂ ਪਹੁੰਚਦਾ ਤਬ ਤੱਕ ਪੂਜਾ ਅਧੂਰੀ ਰਹਿੰਦੀ ਹੈ

ਇਸ ਲਈ ਸਾਰੇ ਸਾਧਕ ਗੁਰੂ ਪੂਰਨੀਮਾ ਦੇ ਦਿਨ ਗੁਰੂ ਦੇਵ ਦਾ ਪੂਜਣ ਕਰਕੇ ਗੁਰੂਦੇਵ ਤੋਂ ਅਧਿਆਤਮਿਕ ਪ੍ਰਸਾਦ ਪਾਉਦੇਂ ਨੇ ਅਤੇ ਗੁਰੂਆ ਵਲੋਂ ਦਸੇਂ ਗਏ ਅਸਲੀ ਸੱਚ ਮਾਰਗ ਤੇ ਚਲਣ ਦਾ ਸੱਕਲਪ ਲੈਦੇਂ ਨੇ ਸਮਿਤਿ ਦੇ ਉਪ ਪ੍ਰਧਾਨ ਸ੍ਰੀ ਸੋਮ ਨਾਥ ਜਿੰਦਲ ਅਤੇ ਸਮਿਤਿ ਦੇ ਮੈਂਬਰ ਗੁਰੂਦੇਵ ਜੀ ਦੀ ਚਰਣ ਪਾਧੁਕਾ ਨੂੰ ਬੜੀ ਹੀ ਸਰਧਾਂ ਨਾਲ ਆਸ਼ਰਮ ਪੰਡਾਲ ਵਿੱਚ ਸੰਗਤ ਦਰਸਣ ਅਤੇ ਪੂਜਣ ਲਈ ਲੈ ਕਰ ਆਏ 'ਗੁਰੂ ਪੂਰਨੀਮਾ ਦੇ ਦਿਨ ਪਟਿਆਲਾ ਆਸ਼ਰਮ ਵਿੱਚ ਸ੍ਰੀ ਯੋਗ ਵੇਂਦਾਤ ਸੇਵਾ ਸਮਿਤਿ ਪਟਿਆਲਾ ਵਲੋਂ ਆਏ ਸਾਰੇ ਬਚਿਆਂ ਨੂੰ ਐਹਮਦਾਵਾਦ ਆਸ਼ਰਮ ਦਵਾਰਾ ਪ੍ਰਕਾਸ਼ਿਤ ਕਿਤਿਆਂ ਕਾਪੀਆਂ ਦਾ ਵਿਤਰਣ ਕਿੱਤਾ ਗਿਆ ਅਤੇ ਸਾਧਕਾਂ ਨੇ ਰੀਸੀ ਪ੍ਰਸਾਦ ਦੇ 125 ਮੈਂਵਰ ਬਣਾ ਕੇ ਅਤੇ ਆਸ਼ਰਮ ਵਿੱਚ ਕਾਫ਼ੀ ਗਿਣਤੀ ਵਿੱਚ ਆਕੇ ਸਾਧਕਾਂ ਨੇ ਗੁਰੂ ਪੂਰਨੀਮਾ ਬੜੀ ਧੂਮਧਾਮ ਨਾਲ ਮਣਾਈ , ਸਾਰੀ ਸੰਗਤ ਨੂੰ ਲੰਗਰ ਛਕਾਣ ਤੋਂ ਬਾਦ ਗੁਰੂ ਦੇਵ ਦੀ ਆਰਤੀ ਕਰਣ ਨਾਲ ਸਤਸੰਗ ਸਮਪਣ ਕਿੱਤਾ

# ਮੱਛੀ ਪਾਲਣ ਵਿਭਾਗ ਵੱਲੋਂ ਬੜੀ ਧੂਮ-ਧਾਮ ਨਾਲ ਮਨਾਇਆ ਗਿਆ ਮੱਛੀ ਪਾਲਣ ਦਿਵਸ




**ਤਰਨ ਤਾਰਨ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਦੇਸ਼ ਭਰ ਵਿੱਚ ਮਨਾਏ ਜਾਂਦੇ ਕੌਮੀ ਮੱਛੀ ਪਾਲਕ ਦਿਵਸ ਦੇ ਸੰਬੰਧ ਵਿੱਚ ਮੱਛੀ ਪਾਲਣ ਵਿਭਾਗ ਤਰਨ ਤਾਰਨ ਵੱਲੋਂ ਦਫਤਰ ਸਹਾਇਕ ਡਾਇਰੈਕਟਰ ਮੱਛੀ ਪਾਲਣ ਤਰਨ ਤਾਰਨ ਵਿਖੇ ਇਹ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਜਿਲੇ ਦੇ ਵੱਖ-ਵੱਖ ਪਿੰਡਾ ਵਿੱਚੋਂ ਮੱਛੀ ਪਾਲਕਾਂ, ਮੱਛੀ ਵਿਕਰੇਤਾਂਵਾ ਅਤੇ ਬੇਰੋਜਗਾਰ ਨੌਜਵਾਂਨਾ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।

ਸਭ ਤੋਂ ਪਹਿਲਾਂ ਗੁਰਬੀਰ ਸਿੰਘ ਸਹਾਇਕ ਡਾਇਰੈਕਟਰ ਮੱਛੀ ਪਾਲਣ ਤਰਨ ਤਾਰਨ ਨੇ ਮਾਨਯੋਗ ਗੁਰਮੀਤ ਸਿੰਘ ਖੁਡੀਆ ਕੈਬਨਿਟ ਮੰਤਰੀ ਪਸ਼ੂ ਪਾਲਣ , ਮੱਛੀ ਪਾਲਣ ਅਤੇ ਡੇਅਰੀ ਵਿਕਾਸ ਪੰਜਾਬ ਵੱਲੋਂ ਕੌਮੀ ਮੱਛੀ ਪਾਲਣ ਦਿਵਸ ਤੇ ਭੇਜੇ ਗਏ ਸੰਦੇਸ਼ ਬਾਰੇ ਜਾਣੂ ਕਰਵਾਇਆ ਗਿਆ, ਜਿਸ ਵਿੱਚ ਕੈਬਨਿਟ ਮੰਤਰੀ ਸਾਹਿਬ ਨੇ ਇਸ ਦਿਵਸ ਤੇ ਮੱਛੀ ਪਾਲਕਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਪੰਜਾਬ ਸਰਕਾਰ ਮੱਛੀ ਪਾਲਣ ਕਿੱਤੇ ਨੂੰ ਸੂਬੇ ਵਿੱਚ ਹੋਰ ਪ੍ਰਫੁੱਲਿਤ ਕਰਨ ਵਾਸਤੇ ਹਰ ਸੰਭਵ ਸਹਾਇਤਾ ਦੇਣ ਲਈ ਵਚਨਬੱਧ ਹੈ। ਸ. ਗੁਰਮੀਤ ਸਿੰਘ ਖੁਡੀਆ ਨੇ ਇਹ ਵੀ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬਾ ਮੱਛੀ ਪਾਲਣ ਦੇ ਖੇਤਰ ਵਿੱਚ ਲਗਾਤਾਰ ਪ੍ਰਗਤੀ ਕਰ ਰਿਹਾ ਹੈ ਅਤੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੱਛੀ ਪਾਲਣ ਦੇ ਧੰਦੇ ਨਾਲ ਜੁੜ ਕੇ ਵਿਭਾਗ ਵੱਲੋਂ ਚਲਾਈਆ ਜਾ ਰਹੀਆਂ ਵੱਖ-ਵੱਖ ਸਕੀਮਾਂ ਦਾ ਲਾਭ ਉਠਾਉਣ।

ਇਸ ਉਪਰੰਤ ਡਾ. ਸਾਹਿਲ ਸਹਾਇਕ ਪ੍ਰੋਫੈਸਰ ਕ੍ਰਿਸ਼ੀ ਵਿਗਿਆਨ ਕੇਂਦਰ ਬੂਹ ਤਰਨ ਤਾਰਨ ਨੇਂ ਵਿਭਾਗ ਵਿੱਚ ਚੱਲ ਰਹੀਆਂ ਵੱਖ-ਵੱਖ ਸਕੀਮਾਂ ਤੋਂ ਜਾਣੂ ਕਰਵਾਇਆ। ਅੰਤ ਵਿੱਚ ਗੁਰਬੀਰ ਸਿੰਘ ਸਹਾਇਕ ਡਾਇਰੈਕਟਰ ਮੱਛੀ ਪਾਲਣ ਤਰਨ ਤਾਰਨ ਨੇ ਆਏ ਹੋਏ ਮੱਛੀ ਕਾਸ਼ਤਕਾਰਾਂ ਦਾ ਧੰਨਵਾਦ ਕਰਦਿਆਂ ਹੋਏ ਕਿਹਾ ਕਿ ਮੱਛੀ ਪਾਲਣ ਨੂੰ ਉਤਸ਼ਾਹਿਤ ਕਰਨ ਵਾਸਤੇ ਪੀ.ਐਮ. ਐਮ.ਐਸ. ਵਾਈ ਸਕੀਮ ਅਧੀਨ ਨਵੇਂ ਮੱਛੀ ਤਲਾਬ ਦੀ ਪੁਟਾਈ/ਪਹਿਲੇ ਸਾਲ ਦੀ ਖਾਦ-ਖੁਰਾਕ ਅਤੇ ਮੱਛੀ ਨੂੰ ਗ੍ਰਾਹਕਾਂ ਤੱਕ ਪਹੁੰਚਾਉਣ ਲਈ ਮੋਟਰ ਸਾਈਕਲ/ ਐਕਟਿਵਾ/ ਆਟੋ/ ਆਰ. ਏ. ਐਸ. ਯੂਨਿਟ/ ਬਾਇਓ ਫਲਾਕ ਯੂਨਿਟ ਮੱਛੀ ਵਿਕਰੇਤਾ ਲਈ ਦੁਕਾਨ/ ਕਿਓਸਕ/ ਸਜਾਵਟੀ ਮੱਛੀਆਂ ਦੇ ਯੂਨਿਟ ਆਦਿ ਤੇ ਜਨਰਲ ਵਰਗ ਨੂੰ ਯੂਨਿਟ ਕਾਸਟ ਦਾ 40% ਅਤੇ ਐਸ. ਸੀ/ ਐਸ. ਟੀ ਅਤੇ ਔਰਤਾਂ ਨੂੰ 60% ਸਬਸਿਡੀ ਮੁਹੱਈਆ ਕਰਵਾਈ ਜਾ ਰਹੀ ਹੈ ਅਤੇ ਮੱਛੀ ਪਾਲਣ ਦਾ ਧੰਦਾ ਸਹਾਇਕ ਧੰਦਿਆਂ ਵਿੱਚੋਂ ਇੱਕ ਬਹੁਤ ਹੀ ਵਧੀਆ ਧੰਦਾ ਹੈ।

ਜਿਸ ਰਾਹੀਂ ਕਿਸਾਨ ਆਪਣੀ ਆਮਦਨ ਵਿੱਚ ਦੁਗਣਾ ਵਾਧਾ ਕਰ ਸਕਦੇ ਹਨ ਅਤੇ ਬੇਰੋਜਗਾਰ ਨੋਜਵਾਨ ਵੀ ਇਸ ਨੂੰ ਰੋਜਗਾਰ ਵਜੋਂ ਅਪਣਾ ਸਕਦੇ ਹਨ। ਇਸ ਮੌਕੇ ਡਾ. ਸਾਹਿਲ ਸਹਾਇਕ ਪ੍ਰੋਫੈਸਰ ਕ੍ਰਿਸ਼ੀ ਵਿਗਿਆਨ ਕੇਂਦਰ ਬੂਹ, ਕੰਵਲਜੀਤ ਸਿੰਘ ਇੰਸਪੈਕਟਰ ਡੇਅਰੀ ਵਿਭਾਗ, ਕੁਲਵੰਤ ਸਿੰਘ ਸੀਨੀਅਰ ਸਹਾਇਕ, ਹੀਰਾ ਸਿੰਘ ਅਤੇ ਕੰਵਲਜੀਤ ਸਿੰਘ ਸੇਖੋਂ, ਆਦਿ ਵੀ ਹਾਜਰ ਸਨ।

# ਸਫਾਈ ਅਪਣਾਓ, ਬਿਮਾਰੀ ਭਜਾਓ' ਮੁਹਿੰਮ ਤਹਿਤ ਰੂਪਨਗਰ ਸ਼ਹਿਰ ਦੀ ਸਫਾਈ ਨਿਰੰਤਰ ਜਾਰੀ

**ਰੂਪਨਗਰ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

'ਸਫਾਈ ਅਪਣਾਓ, ਬਿਮਾਰੀ ਭਜਾਓ' ਮੁਹਿੰਮ ਤਹਿਤ ਬਿਮਾਰੀਆਂ ਤੋਂ ਬਚਾਅ ਲਈ ਅਤੇ ਬਰਸਾਤ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਨਗਰ ਕੌਂਸਲ ਰੂਪਨਗਰ ਵੱਲੋਂ ਸ਼ਹਿਰ ਵਿਚ ਵਿਸ਼ੇਸ਼ ਸਫਾਈ ਅਭਿਆਨ ਨਿਰੰਤਰ ਤੌਰ 'ਤੇ ਜਾਰੀ ਹੈ। ਇਸ ਲੜੀ ਦੇ ਤਹਿਤ ਨਗਰ ਕੌਂਸਲ ਰੂਪਨਗਰ ਵੱਲੋਂ ਰੋਪੜ ਹੈੱਡਵਰਕਸ, ਗਿਆਨੀ ਜ਼ੈਲ ਸਿੰਘ ਨਗਰ ਮਾਰਕੀਟ ਅਤੇ ਹੋਰ ਵੱਖ-ਵੱਖ ਵਾਰਡਾਂ ਵਿੱਚ ਸਫਾਈ ਕਰਵਾਈ ਗਈ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ ਰੂਪਨਗਰ (ਜ) ਸ਼੍ਰੀਮਤੀ ਪੂਜਾ ਸਿਆਲ ਗਰੇਵਾਲ ਨੇ ਦੱਸਿਆ ਕਿ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਨਗਰ ਕੌਂਸਲ ਰੂਪਨਗਰ ਵੱਲੋਂ 'ਸਫ਼ਾਈ ਅਪਣਾਓ ਬਿਮਾਰੀ ਭਜਾਓ' ਮੁਹਿੰਮ ਰੂਪਨਗਰ ਵਿਖੇ 1 ਜੁਲਾਈ ਤੋਂ 31 ਜੁਲਾਈ ਤੱਕ ਚਲਾਈ ਜਾਵੇਗੀ।

ਇਸ ਮੌਕੇ ਉਨ੍ਹਾਂ ਇਸ ਮੁਹਿੰਮ ਦੌਰਾਨ ਸਕੂਲਾਂ, ਕਾਲਜਾਂ, ਐਨ.ਸੀ.ਸੀ., ਐਨ.ਐਸ.ਐਸ. ਵਲੰਟੀਅਰਾਂ, ਸਮਾਜ ਸੇਵੀ ਸੰਸਥਾਵਾਂ ਅਤੇ ਸ਼ਹਿਰ ਵਾਸੀਆਂ ਨੂੰ ਅਪੀਲ ਹੈ ਕਿ ਇਸ ਮੁਹਿੰਮ ਵਿਚ ਨਗਰ ਕੌਂਸਲ ਦਾ ਸਹਿਯੋਗ ਦੇਣ ਤਾਂ ਜੋ ਸ਼ਹਿਰ ਨੂੰ ਹੋਰ ਸੁੰਦਰ ਬਣਾਇਆ ਜਾ ਸਕੇ। ਇਸ ਮੁਹਿੰਮ ਤਹਿਤ ਸ਼ਹਿਰ ਦੇ ਵੱਖ-ਵੱਖ ਸਥਾਨਾਂ 'ਤੇ ਸਫ਼ਾਈ ਨਾਲ ਸਬੰਧਿਤ ਵੱਖ-ਵੱਖ ਗਤੀਵਿਧੀਆਂ ਵੀ ਕਰਵਾਈਆਂ ਜਾਣਗੀਆਂ।

ਸ਼੍ਰੀਮਤੀ ਪੂਜਾ ਸਿਆਲ ਗਰੇਵਾਲ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ 31 ਜੁਲਾਈ ਤੱਕ ਚੱਲਣ ਵਾਲੀ ਇਸ ਮੁਹਿੰਮ ਵਿੱਚ ਪੂਰਾ ਸਹਿਯੋਗ ਦੇਣ। ਉਨ੍ਹਾਂ ਆਗ੍ਰਹ ਕੀਤਾ ਕਿ ਲੋਕ ਆਪਣੇ ਘਰਾਂ ਵਿੱਚ ਕੂਲਰ, ਟੁੱਟੇ ਗਮਲੇ, ਪੁਰਾਣੇ ਬਰਤਨ, ਜਾਂ ਹੋਰ ਕਬਾੜ ਵਿੱਚ ਪਾਣੀ ਇਕੱਠਾ ਨਾ ਹੋਣ ਦੇਣ, ਤਾਂ ਜੋ ਡੇਂਗੂ ਅਤੇ ਹੋਰ ਰੋਗਾਂ ਤੋਂ ਬਚਾਅ ਕੀਤਾ ਜਾ ਸਕੇ।

ਉਨ੍ਹਾਂ ਇਹ ਵੀ ਦੱਸਿਆ ਕਿ ਲੋਕ ਗਿੱਲੇ ਤੇ ਸੁੱਕੇ ਕੂੜੇ ਨੂੰ ਵੱਖ-ਵੱਖ ਰੱਖਣ, ਸਵਸੱਥਾ ਵੀਰ ਨੂੰ ਵੱਖਰਾ ਹੀ ਦੇਣ, ਅਤੇ ਸਿੰਗਲ ਯੂਸ ਪਲਾਸਟਿਕ ਵਰਤਣ ਤੋਂ ਪਰਹੇਜ਼ ਕਰਨ। ਕੂੜਾ ਕੱਢਣ ਲਈ ਸੜਕਾਂ, ਗਲੀਆਂ ਜਾਂ ਖੁੱਲੇ ਥਾਵਾਂ ਦੀ ਵਰਤੋਂ ਨਾ ਕਰੀ ਜਾਵੇ ਕਿਉਂਕਿ ਇਹ ਵਾਤਾਵਰਣ ਲਈ ਬਹੁਤ ਹਾਨੀਕਾਰਕ ਹੈ।

ਕਾਰਜ ਸਾਧਕ ਅਫ਼ਸਰ ਅਸ਼ੋਕ ਕੁਮਾਰ ਦੀ ਅਗਵਾਈ ਹੇਠ ਚਲਾਈ ਜਾਣ ਵਾਲੀ ਇਸ ਮੁਹਿੰਮ ਸਬੰਧੀ ਜਾਣਕਾਰੀ ਦਿੰਦਿਆਂ ਮਲਕੀਤ ਸਿੰਘ ਸੈਨੇਟਰੀ ਇੰਸਪੈਕਟਰ, ਪਰਦੀਪ ਸਿੰਘ ਸੀ.ਐਫ., ਲਵਲੀ ਸ਼ਰਮਾ ਕਲਰਕ, ਨਵਤੇਜ ਸਿੰਘ ਕਲਰਕ, ਲਖਵੀਰ ਸਿੰਘ ਅਤੇ ਧਰਮਜੀਤ (ਸੁਪਰਵਾਇਜ਼ਰ) ਕਲਰਕ ਨੇ ਦੱਸਿਆ ਕਿ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਸ਼ਹਿਰ ਵਿਚ "ਸਫ਼ਾਈ ਅਪਣਾਉ ਬਿਮਾਰੀ ਭਜਾਉ÷ ਮੁਹਿੰਮ ਦੇ ਤਹਿਤ ਰੂਪਨਗਰ ਸ਼ਹਿਰ ਨੂੰ ਸਾਫ ਸੁਥਰਾ ਤੇ ਕੂੜਾ ਮੁਕਤ ਬਣਾਇਆ ਜਾਵੇਗਾ।

# ਵਰਕਸ਼ਾਪ 'ਚ ਭਾਗ ਲੈਣ ਵਾਲੇ ਪ੍ਰਾਰਥੀਆਂ ਨੂੰ ਵੰਡੇ ਗਏ ਸਰਟੀਫਿਕੇਟ



**ਰੂਪਨਗਰ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਚਾਹਵਾਨ ਉੱਦਮੀਆਂ ਨੂੰ ਸਮਰੱਥ ਬਣਾਉਣ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀਬੀਈਈ) ਰੂਪਨਗਰ ਨੇ ਜੁਗਨੀ ਇਨੋਵ ਫਾਊਂਡੇਸ਼ਨ ਦੇ ਸਹਿਯੋਗ ਨਾਲ ਰੰਗਲਾ ਸਟਾਰਟਅੱਪ ਪੰਜਾਬ ਸਿਰਲੇਖ ਵਾਲੀ 5 ਦਿਨਾਂ ਉੱਦਮਤਾ ਵਰਕਸ਼ਾਪ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਿਖੇ ਆਯੋਜਿਤ ਕੀਤੀ ਗਈ। ਇਹ ਵਰਕਸ਼ਾਪ ਪੇਂਡੂ ਅਤੇ ਅਰਧ-ਸ਼ਹਿਰੀ ਪਿਛੋਕੜ ਵਾਲੇ ਨੌਜਵਾਨਾਂ ਨੂੰ ਆਪਣੇ ਕਾਰੋਬਾਰ ਸ਼ੁਰੂ ਕਰਨ ਲਈ ਲੋੜੀਂਦੇ ਗਿਆਨ, ਮਾਨਸਿਕਤਾ ਅਤੇ ਸਾਧਨਾਂ ਨਾਲ ਪ੍ਰੇਰਿਤ ਕਰਨ ਲਈ ਸੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਅਫਸਰ ਰੂਪਨਗਰ ਸ. ਪ੍ਰਭਜੋਤ ਸਿੰਘ ਨੇ ਦੱਸਿਆ ਕਿ ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਸਵੈ-ਰੁਜ਼ਗਾਰ ਅਤੇ ਉੱਦਮਤਾ ਵਿਕਾਸ ਨੂੰ ਉਤਸ਼ਾਹਿਤ ਕਰਨਾ, ਪੰਜਾਬ ਦੇ ਸਮਾਜਿਕ-ਆਰਥਿਕ ਸੰਦਰਭ ਵਿੱਚ ਹੁਨਰ-ਅਧਾਰਤ ਵਿਹਾਰਕ ਸਿਖਲਾਈ ਦੀ ਪੇਸ਼ਕਸ਼ ਕਰਨਾ, ਸਥਾਨਕ ਉੱਦਮੀ ਪ੍ਰਤਿਭਾ ਦੀ ਪਛਾਣ ਕਰਨਾ ਅਤੇ ਉਨ੍ਹਾਂ ਨੂੰ ਸਰਕਾਰੀ ਯੋਜਨਾਵਾਂ ਅਤੇ ਫੰਡਿੰਗ ਨਾਲ ਜੋੜਨਾ ਅਤੇ ਨੌਜਵਾਨਾਂ ਨੂੰ ਸ਼ੁਰੂ ਤੋਂ ਹੀ ਵਿਹਾਰਕ ਕਾਰੋਬਾਰੀ ਵਿਚਾਰਾਂ ਨੂੰ ਬਣਾਉਣ ਵਿੱਚ ਸਹਾਇਤਾ ਕਰਨਾ ਸੀ।

ਜ਼ਿਲ੍ਹਾ ਰੋਜ਼ਗਾਰ ਅਫ਼ਸਰ ਨੇ ਇਸ ਸਬੰਧੀ ਵਿਸਥਾਰ ਨਾਲ ਦੱਸਿਆ ਕਿ ਇਸ ਵਰਕਸ਼ਾਪ ਵਿੱਚ ਗ੍ਰੈਜੂਏਟ ਪਾਸ, ਕਾਲਜ ਵਿੱਚ ਸਿੱਖਿਆ ਹਾਸਲ ਕਰ ਰਹੇ ਵਿਦਿਆਰਥੀ, ਆਈ.ਟੀ.ਆਈ./ ਪੌਲੀਟੈਕਨਿਕ ਪਾਸ ਨੌਜਵਾਨ, ਐਸ.ਐਚ.ਜੀ. (ਸੈੱਲਫ ਹੈਲਪ ਗਰੁੱਪ) ਅਤੇ ਨੌਕਰੀ ਦੀ ਭਾਲ ਕਰ ਰਹੇ ਨੌਜਵਾਨਾਂ ਵੱਲੋਂ ਭਾਗ ਲਿਆ ਗਿਆ। ਉਨ੍ਹਾਂ ਦੱਸਿਆ ਕਿ ਇਹ ਵਰਕਸ਼ਾਪ ਪੂਰੀ ਤਰ੍ਹਾਂ ਮੁਫ਼ਤ ਕਰਵਾਈ ਗਈ। ਮੀਨਾਕਸ਼ੀ ਬੇਦੀ, ਪਲੇਸਮੈਂਟ ਅਫਸਰ, ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਰੂਪਨਗਰ ਨੇ ਦੱਸਿਆ ਕਿ ਜੁਗਨੀ ਇਨੋਵ ਫਾਊਂਡੇਸ਼ਨ, ਇੱਕ ਮਿਸ਼ਨ-ਸੰਚਾਲਿਤ ਪ੍ਰੋਗਰਾਮ ਹੈ ਜੋ ਪੰਜਾਬ ਭਰ ਵਿੱਚ ਜ਼ਮੀਨੀ ਪੱਧਰ ਤੇ ਪਹਿਲੀ ਪੀੜ੍ਹੀ ਦੇ ਸਿਖਿਆਰਥੀਆਂ, ਪੇਂਡੂ ਵਿਦਿਆਰਥੀਆਂ ਨਾਲ ਕੰਮ ਕਰਨ ਵਿੱਚ ਮਾਹਰ ਹੈ।

ਉਨ੍ਹਾਂ ਵੱਲੋਂ ਆਯੋਜਿਤ ਕੀਤੀਆਂ ਜਾਣ ਵਾਲੀਆਂ ਵਰਕਾਸ਼ਾਪਾਂ ਕੇਵਲ ਵਰਕਸ਼ਾਪਾਂ ਨਹੀਂ ਹਨ ਬਲਕਿ ਇਹ ਪੰਜਾਬ ਦੇ ਨੌਜਵਾਨਾਂ ਨੂੰ ਨੌਕਰੀ ਲੱਭਣ ਵਾਲਿਆਂ ਤੋਂ ਨੌਕਰੀ ਸਿਰਜਣ ਵਾਲਿਆਂ ਵਿੱਚ ਬਦਲਣ ਦੀ ਇੱਕ ਲਹਿਰ ਹੈ। ਉਨ੍ਹਾਂ ਦੱਸਿਆ ਕਿ ਇਸ ਵਰਕਸ਼ਾਪ ਵਿੱਚ ਭਾਗ ਲੈਣ ਵਾਲੇ ਸਫਲ ਉਮੀਦਵਾਰਾਂ ਨੂੰ ਸਰਟੀਫਿਕੇਟ ਵੀ ਵੰਡੇ ਗਏ।

# ਭੇਦਭਰੀ ਹਾਲਤ 'ਚ ਲਾਪਤਾ ਨਾਬਾਲ.ਗ ਲੜਕੀ ਦੀ ਲਾਸ਼ ਭਾਖੜਾ 'ਚੋਂ ਮਿਲੀ

**ਸਮਾਣਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

10 ਦਿਨ ਪਹਿਲਾਂ ਭੇਦਭਰੀ ਹਾਲਤ 'ਚ ਲਾਪਤਾ ਹੋਈ ਨਾਬਾਲਗ ਲੜਕੀ ਦੀ ਲਾਸ਼ ਭਾਖੜਾ ਨਹਿਰ ਦੇ ਗੋਲੇਵਾਲਾ ਹੈਡ (ਬਠਿੰਡਾ) ਤੋਂ ਬਰਾਮਦ ਹੋਈ ਹੈ। ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਵੀ ਕਲਾਂ ਪੁਲਿਸ ਚੌਕੀ ਦੇ ਇੰਚਾਰਜ ਏ.ਐਸ.ਆਈ. ਅੰਗਰੇਜ਼ ਸਿੰਘ ਸੰਧੂ ਨੇ ਦੱਸਿਆ ਕਿ ਮ੍ਰਿਤਕਾ ਗਗਨਦੀਪ ਕੌਰ (16) ਦੇ ਪਿਤਾ ਬਿੱਟੂ ਸਿੰਘ ਵਾਸੀ ਪਿੰਡ ਅਸੋਜ ਜ਼ਿਲ੍ਹਾ ਸੰਗਰੂਰ, ਹਾਲ ਆਬਾਦ ਪਿੰਡ ਕਕਰਾਲਾ ਭਾਈਕਾ, ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸਦੀ ਧੀ ਗਗਨਦੀਪ ਕੌਰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦੀ ਸੀ । ਆਪਣੀ ਵੱਡੀ ਭੈਣ ਨਾਲ ਬਹਿਸਣ ਤੋਂ ਬਾਅਦ ਉਹ ਬਿਨਾਂ ਦੱਸੇ ਘਰੋਂ ਚਲੀ ਗਈ।

ਕਾਫੀ ਸਮੇਂ ਤੱਕ ਘਰ ਵਾਪਸ ਨਾ ਆਉਣ 'ਤੇ ਪਰਿਵਾਰ ਨੇ ਉਸਦੀ ਭਾਲ ਸ਼ੁਰੂ ਕੀਤੀ ।

ਭਾਲ ਦੌਰਾਨ ਪਿੰਡ ਨਾਗਰੀ ਨੇੜੇ ਰਾਹਗੀਰਾਂ ਨੇ ਉਸਦੇ ਪਹਿਨੇ ਕੱਪੜਿਆਂ ਤੋਂ ਪਛਾਣ ਕਰਕੇ ਦੱਸਿਆ ਕਿ ਉਸਨੇ ਪਿੰਡ ਨਾਗਰੀ ਤੋਂ ਲੰਘਦੀ ਭਾਖੜਾ ਨਹਿਰ ਦੇ ਪੁਲ ਨੇੜੇ ਨਹਿਰ ਵਿੱਚ ਛਾਲ ਮਾਰੀ ਸੀ ।ਲਗਾਤਾਰ ਭਾਲ ਕਰਨ ਤੋਂ ਬਾਅਦ 9

ਜੁਲਾਈ ਨੂੰ ਬਠਿੰਡਾ ਜ਼ਿਲ੍ਹੇ ਦੇ ਗੋਲੂਵਾਲਾ ਹੈਡ ਦੇ ਪੁਲ ਹੇਠਾਂ ਬਿਨ੍ਹਾਂ ਕੱਪੜਿਆਂ ਦੇ ਫਸੀ ਲੜਕੀ ਦੀ ਲਾਸ਼ ਮਿਲੀ। ਉਸਦੀ ਪਛਾਣ ਹੱਥ 'ਤੇ ਬਣੇ ਉਸਦੀ ਮਾਂ ਦੇ ਨਾਮ ਦੇ ਟੈਟੂ ਤੋਂ ਹੋਈ ਅਤੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ।

ਅਧਿਕਾਰੀ ਅਨੁਸਾਰ, ਮ੍ਰਿਤਕਾ ਦੇ ਪਿਤਾ ਵੱਲੋਂ ਦਰਜ ਕਰਵਾਏ ਬਿਆਨ ਦੇ ਆਧਾਰ 'ਤੇ ਪੁਲਿਸ ਨੇ ਭਾਰਤੀ ਨਿਆ ਸੰਹਿਤਾ ਦੀ ਧਾਰਾ 194 ਤਹਿਤ ਪੋਸਟਮਾਰਟਮ ਉਪਰੰਤ ਅੰਤਿਮ ਸੰਸਕਾਰ ਲਈ ਲਾਸ਼ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤੀ ਹੈ।

# 25 ਪੀ.ਬੀ. ਬਟਾਲੀਅਨ ਐਨ.ਸੀ.ਸੀ. ਅਬੋਹਰ ਵੱਲੋਂ '1', '2' ਅਤੇ '3' ਸਰਟੀਫਿਕੇਟਾਂ ਵੰਡਣ ਲਈ ਇਨਵੇਸਟਿਚਰ ਸਮਾਰੋਹ ਦਾ ਆਯੋਜਨ

**ਅਬੋਹਰ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**




25 ਪੀ.ਬੀ. ਬਟਾਲਿਅਨ ਐਨ.ਸੀ.ਸੀ. ਅਬੋਹਰ ਵੱਲੋਂ ਇੱਕ ਸ਼ਾਨਦਾਰ ਇਨਵੇਸਟਿਚਰ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ 2024-25 ਸੈਸ਼ਨ ਦੌਰਾਨ '1', '2' ਅਤੇ '3' ਸਰਟੀਫਿਕੇਟ ਪ੍ਰੀਖਿਆ ਪਾਸ ਕਰਨ ਵਾਲੇ ਕੈਡਟਸ ਨੂੰ ਸਰਟੀਫਿਕੇਟ ਦਿੱਤੇ ਗਏ। ਇਹ ਸਮਾਰੋਹ ਕਰਨੀਲ ਰਾਜੀਵ ਸਿਰੋਹੀ (ਕਮਾਂਡਿੰਗ ਅਫਸਰ, 25 ਪੀ.ਬੀ. ਬਟਾਲਿਅਨ ਐਨ.ਸੀ.ਸੀ.) ਅਤੇ ਐਡਮਿਨ ਅਫਸਰ ਲੈਫਟਿਨੈਂਟ ਕਰਨਲ ਗੌਰਵ ਨਿਓਲ ਦੀ ਅਗਵਾਈ ਹੇਠ ਕਰਵਾਇਆ ਗਿਆ।ਇਸ ਸਮਾਰੋਹ ਵਿੱਚ ਅਬੋਹਰ ਅਤੇ ਫਾਜ਼ਿਲਕਾ ਖੇਤਰ ਦੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ 500 ਤੋਂ ਵੱਧ ਕੈਡਟਸ ਅਤੇ 26 ਐ.ਐਨ.ਓ./ਸੀ.ਟੀ.ਓ. ਨੇ ਭਾਗ ਲਿਆ।

ਕਰਨਲ ਰਾਜੀਵ ਸਿਰੋਹੀ ਨੇ ਆਪਣੇ ਭਾਸ਼ਣ ਵਿੱਚ ਸਾਰੇ ਕੈਡਟਸ ਨੂੰ ਉਨ੍ਹਾਂ ਦੀ ਮਹਿਨਤ, ਸਮਰਪਣ, ਡਿਸਿਪਲਿਨ ਅਤੇ ਐਨ.ਸੀ.ਸੀ. ਦੇ ਤਹਿਤ ਤਿਆਰੀ ਪੂਰੀ ਕਰਨ ਲਈ ਵਧਾਈ ਦਿੱਤੀ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਐਨ.ਸੀ.ਸੀ. ਸਰਟੀਫਿਕੇਟ ਸਿਰਫ ਫੌਜੀ ਭਰਤੀਆਂ ਲਈ ਹੀ ਨਹੀਂ, ਬਲਕਿ ਪੈਰਾ ਮਿਲਟਰੀ ਫੋਰਸਜ਼, ਕਾਰਪੋਰੇਟ ਸੈਕਟਰ ਅਤੇ ਹੋਰ ਸਰਕਾਰੀ ਨੌਕਰੀਆਂ ਵਿੱਚ ਵੀ ਲਾਭਕਾਰੀ ਸਾਬਤ ਹੁੰਦੇ ਹਨ। ਉਨ੍ਹਾਂ ਨੇ ਕਿਹਾ ਕਿ ਇਹ ਪ੍ਰੀਖਿਆਵਾਂ ਵਿਅਕਤੀਗਤ ਵਿਕਾਸ, ਰਾਸ਼ਟਰੀ ਗਰਵ ਅਤੇ ਲੀਡਰਸ਼ਿਪ ਦੀ ਭਾਵਨਾ ਜਗਾਉਂਦੀਆਂ ਹਨ ਉਨ੍ਹਾਂ ਨੇ ਪੀ.ਆਈ., ਐਨ.ਏਨ.ਓ. ਅਤੇ ਸੀ.ਟੀ.ਓ. ਸਟਾਫ ਦੀ ਵੀ ਸਰਾਹਨਾ ਕੀਤੀ, ਜਿਨ੍ਹਾਂ ਨੇ ਕੈਡਟਸ ਨੂੰ ਸਹੀ ਦਿਸ਼ਾ ਦਿੱਤੀ ਅਤੇ ਵੱਖ-ਵੱਖ ਟ ?ਰੇਨਿੰਗਾਂ ਕਰਵਾਈਆਂ। ਪਾਸ ਹੋਏ ਕੈਡਟਸ ਨੂੰ ਉਨ੍ਹਾਂ ਦੇ ਸਰਟੀਫਿਕੇਟ ਦਿੱਤੇ ਗਏ। ਇਹ ਸਮਾਰੋਹ ਉਨ੍ਹਾਂ ਦੀ ਸਾਲ ਭਰ ਦੀ ਮਹਿਨਤ ਅਤੇ ਉਤਕ੍ਰਿਸ਼ਟਤਾ ਨੂੰ ਸਨਮਾਨਿਤ ਕਰਨ ਲਈ ਆਯੋਜਿਤ ਕੀਤਾ ਗਿਆ ਸੀ।

ਸਮਾਰੋਹ ਦੇ ਅੰਤ ਵਿੱਚ ਕੈਡਟਸ ਅਤੇ ਸਟਾਫ ਲਈ ਰਿਫ ?ਰੈਸ਼ਮੈਂਟ ਦਾ ਪ੍ਰਬੰਧ ਕੀਤਾ ਗਿਆ, ਅਤੇ ਇੱਕ ਸਮੂਹਕ ਫੋਟੋ ਲੀਤੀ ਗਈ, ਜਿਸ ਨਾਲ ਕੈਡਟਸ ਵਿੱਚ ਦੇਸ਼ ਦੀ ਸੇਵਾ ਲਈ ਨਵੀਂ ਉਰਜਾ ਅਤੇ ਸਮਰਪਣ ਦੀ ਭਾਵਨਾ ਜਗੀ। ਅਖੀਰ ਵਿੱਚ ਕਰਨਲ ਰਾਜੀਵ ਸਿਰੋਹੀ ਨੇ ਸਿੰਨੀਅਰ ਜੇ.ਸੀ.ਓ. ਸੁਬੇਦਾਰ ਸੁਨਦੀਪ ਸਿੰਘ, ਮਨਦੀਪ ਸਿੰਘ ਰਾਜੀਵ ਗੋਦਾਰਾ, ਲੈਫਟ. ਅਮਨਦੀਪ ਅਤੇ ਹੋਰ ਸਟਾਫ ਮੈਂਬਰਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਇਸ ਸਮਾਰੋਹ ਨੂੰ ਸਫਲ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

# ਬੂਥ ਲੈਵਲ 'ਤੇ ਨਿਯੁਕਤ ਬੀ.ਐਲ.ਓਜ਼ ਦੀ ਕਰਵਾਈ ਟਰੇਨਿੰਗ

**ਬਠਿੰਡਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤ ਚੋਣ ਕਮਿਸ਼ਨਰ ਦੀਆਂ ਹਦਾਇਤਾਂ, ਮੁੱਖ ਚੋਣ ਅਫ਼ਸਰ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ, ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ਼ ?ਰੀ ਸ਼ੌਕਤ ਅਹਿਮਦ ਪਰੇ ਦੀ ਰਹਿਨੁਮਾਈ ਅਤੇ ਉਪ ਮੰਡਲ ਮੈਜਿਸਟ ?ਰੇਟ ਬਠਿੰਡਾ ਸ. ਬਲਕਰਨ ਸਿੰਘ ਮਾਹਲ ਦੀ ਨਿਗਰਾਨੀ ਹੇਠ ਵਿਧਾਨ ਸਭਾ ਹਲਕਾ ਬਠਿੰਡਾ (ਸ਼ਹਿਰੀ) ਅਧੀਨ ਨਿਯੁਕਤ ਬੂਥ ਲੈਵਲ ਅਫ਼ਸਰਾਂ ਨੂੰ ਉਨ੍ਹਾਂ ਦੇ ਸਬੰਧਤ ਚੋਣਕਾਰ ਰਜਿਸਟ ?ਰੇਸ਼ਨ ਅਫ਼ਸਰਾਂ ਅਤੇ ਅਸੈਂਬਲੀ ਮਾਸਟਰ ਟ ?ਰੇਨਰਾਂ ਵੱਲੋਂ ਟ ?ਰੇਨਿੰਗ ਕਰਵਾਈ ਗਈ।

ਇਸ ਤੋਂ ਇਲਾਵਾ ਜ਼ਿਲ੍ਹੇ ਭਰ ਚ ਅੱਜ ਵਿਧਾਨ ਸਭਾ ਹਲਕਾ ਬਠਿੰਡਾ (ਦਿਹਾਤੀ) ਦੀ ਜ਼ਿਲ੍ਹਾ ਪ੍ਰੀਸ਼ਦ ਵਿਖੇ, ਵਿਧਾਨ ਸਭਾ ਹਲਕਾ ਭੁੱਚੋ ਦੀ ਤਹਿਸੀਲ ਦਫ਼ਤਰ ਬਠਿੰਡਾ ਵਿਖੇ, ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੀ ਦਸਮੇਸ਼ ਸਕੂਲ ਤਲਵੰਡੀ ਸਾਬੋ ਵਿਖੇ ਅਤੇ ਵਿਧਾਨ ਸਭਾ ਹਲਕਾ ਮੌੜ ਦੇ ਬੂਥ ਲੈਵਲ ਅਫ਼ਸਰਾਂ ਨੂੰ ਸ.ਸ.ਸ.ਸ. ਗਰਲਜ਼ ਮੌੜ ਵਿਖੇ ਉਨ੍ਹਾਂ ਦੇ ਸਬੰਧਤ ਚੋਣਕਾਰ ਰਜਿਸਟ ?ਰੇਸ਼ਨ ਅਫ਼ਸਰਾਂ ਅਤੇ ਅਸੈਂਬਲੀ ਮਾਸਟਰ ਟ ?ਰੇਨਰਾਂ ਵੱਲੋਂ ਟ ?ਰੇਨਿੰਗ ਕਰਵਾਈ ਗਈ।

ਟਰੇਨਿੰਗ ਵਿੱਚ ਬੂਥ ਲੈਵਲ ਅਫ਼ਸਰਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਅਤੇ ਕੰਮਾਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਟ ?ਰੇਨਿੰਗ ਮੁਕੰਮਲ ਹੋਣ ਉਪਰੰਤ ਹਰੇਕ ਬੂਥ ਲੈਵਲ ਅਫ਼ਸਰ ਦਾ ਇੱਕ ਅਸੈਸਮੈਂਟ ਟੈਸਟ ਵੀ ਲਿਆ ਜਾਵੇਗਾ। ਟ ?ਰੇਨਿੰਗ ਦੇ ਅੰਤ ਵਿੱਚ ਹਰੇਕ ਬੂਥ ਲੈਵਲ ਅਫ਼ਸਰ ਨੂੰ ਸਬੰਧਤ ਚੋਣਕਾਰ ਰਜਿਸਟ ?ਰੇਸ਼ਨ ਅਫ਼ਸਰ ਵੱਲੋਂ ਸਰਟੀਫ਼ਿਕੇਟ ਵੀ ਦਿੱਤੇ ਜਾਣਗੇ।

# ਕਾਰ 'ਚੋਂ ਪਿਸਤੌਲ, ਆਈ.ਡੀ.ਕਾਰਡ ਤੇ ਨਕਦੀ ਚੋਰੀ ਦੇ ਮਾਮਲੇ 'ਚ ਅਣਪਛਾਤਿਆਂ ਖ਼ਿਲਾਫ਼ ਮਾਮਲਾ ਦਰਜ

**ਸਮਾਣਾ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

6 ਮਹੀਨੇ ਪਹਿਲਾਂ ਘਰ ਦੇ 5 ਬਾਹਰ ਖੜ੍ਹੀ ਕਾਰ 'ਚੋਂ ਪਿਸਤੌਲ, ਚ ਆਈ.ਡੀ. ਕਾਰਡ ਤੇ ਨਕਦੀ ਚੋਰੀ ਹੋਣ ਦੇ ਮਾਮਲੇ 'ਚ ਸਦਰ ਪੁਲਸ ਨੇ ਜੋ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਦ ਗਾਜੇਵਾਸ ਪੁਲਿਸ ਚੌਕੀ ਇੰਚਾਰਜ - ਸਬ-ਇੰਸਪੈਕਟਰ ਬਲਦੇਵ ਸਿੰਘ ਨੇ ਕ ਦੱਸਿਆ ਕਿ ਪਿੰਡ ਲਲੋਛ ਦੇ ਰਹਿਣ ਵਾਲੇ ਗੁਰਜੰਟ ਸਿੰਘ ਪੁੱਤਰ ਰਜਿੰਦਰ ਸਿੰਘ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਉਸ ਕੋਲ 32 ਬੋਰ ਦਾ ਲਾਇਸੈਂਸੀ ਪਿਸਤੌਲ ਸੀ ।ਲਗਭਗ 6 ਮਹੀਨੇ ਪਹਿਲਾਂ ਘਰ ਦੇ ਬਾਹਰ ਖੜ੍ਹੀ ਕਾਰ ਵਿੱਚੋਂ ਅਣਪਛਾਤੇ ਵਿਅਕਤੀਆਂ ਵੱਲੋਂ ਉਸ ਦਾ ਲਾਇਸੈਂਸੀ ਪਿਸਤੌਲ, ਆਈ.ਡੀ. ਕਾਰਡ ਤੇ 2 ਹਜ਼ਾਰ ਰੁਪਏ ਦੀ ਨਕਦੀ ਚੋਰੀ ਕਰ ਲਈ ਗਈ। ਅਧਿਕਾਰੀ ਅਨੁਸਾਰ ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ

# ਪੰਜਾਬ ਸਰਕਾਰ ਨੇ ਬਿਨਾ ਖੱਜਲ ਖੁਆਰੀ ਆਮ ਲੋਕਾਂ ਨੂੰ ਲੋੜੀਦੀਆਂ ਸੇਵਾਵਾਂ ਬਿਨਾ ਦੇਰੀ ਉਪਲੱਬਧ ਕਰਵਾਈਆਂ : ਹਰਜੋਤ ਬੈਂਸ

**ਸ੍ਰੀ ਆਨੰਦਪੁਰ ਸਾਹਿਬ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਆਮ ਲੋਕਾਂ ਨੂੰ ਪ੍ਰਸ਼ਾਸ਼ਨਿਕ ਸੇਵਾਵਾਂ ਦੇ ਨਾਲ ਨਾਲ ਆਪਣੀ ਜ਼ਮੀਨ ਦੇ ਰਿਕਾਰਡ ਦੀ ਤਸ਼ਦੀਕਸੁਦਾ ਕਾਪੀ ਲੈਣ ਲਈ ਹੋਣ ਵਾਲੀ ਬੇਲੋੜੀ ਖੱਜਲ ਖੁਆਰੀ ਨੂੰ ਖਤਮ ਕੀਤਾ ਗਿਆ ਹੈ। ਦਫਤਰਾਂ, ਪਟਵਾਰਖਾਨਿਆਂ, ਤਹਿਸੀਲਾਂ ਦੇ ਲਗਾਤਾਰ ਚੱਕਰਾਂ ਤੋਂ ਆਮ ਲੋਕ ਲਗਭਗ ਮੁਕਤ ਹੋ ਗਏ ਹਨ।

ਇਹ ਪ੍ਰਗਟਾਵਾ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਆਪਣੇ ਹਲਕੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਪ੍ਰਸ਼ਾਸ਼ਨਿਕ ਸੇਵਾਵਾਂ ਅਤੇ ਲੋਕਾਂ ਨੂੰ ਆਪਣੀ ਜ਼ਮੀਨ ਦਾ ਰਿਕਾਰਡ ਲੈਣ ਲਈ ਕੀਤੇ ਪ੍ਰਬੰਧਾਂ ਦੀ ਸਮੀਖਿਆ ਕਰਨ ਮੌਕੇ ਕੀਤਾ। ਉਨ੍ਹਾਂ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਵਿਚ ਚੱਲ ਰਹੇ ਫ਼ਰਦ ਕੇਂਦਰ ਰਾਹੀਂ ਵਿੱਤੀ ਸਾਲ 2024-25 ਦੌਰਾਨ 1 ਅਪ੍ਰੈਲ 2024 ਤੋਂ 31 ਮਾਰਚ 2025 ਤੱਕ 21521ਜ਼ਮੀਨ ਮਾਲਕਾਂ ਨੂੰ ਜ਼ਮੀਨੀ ਰਿਕਾਰਡ ਦੇ 74177 ਪੰਨੇ ਮੁਹੱਈਆ ਕਰਵਾਏ ਜਾ ਚੁੱਕੇ ਹਨ ਅਤੇ ਇੰਨ੍ਹਾਂ ਫ਼ਰਦਾਂ ਤੋਂ 18,54,425 ਰੁਪਏ ਦੀ ਸਰਕਾਰੀ ਫ਼ੀਸ ਦੀ ਵਸੂਲੀ ਹੋਈ ਹੈ, ਚਾਲੂ ਵਿੱਤੀ ਸਾਲ ਦੌਰਾਨ ਇਕ ਅਪ੍ਰੈਲ 2025 ਤੋਂ 06 ਜੁਲਾਈ 2025 ਤੱਕ 5769 ਜਮੀਨ ਮਾਲਕਾਂ ਨੂੰ 22388 ਫਰਦਾਂ ਦੇ ਪੰਨੇ ਮੌਕੇ ਤੇ ਹੀ ਦਿੱਤੇ ਗਏ,

ਜਿਸ ਤੋਂ 5,59,700 ਰੁਪਏ ਦੀ ਆਮਦਨ ਹੋਈ ਹੈ। ਇਹ ਪੰਜਾਬ ਸਰਕਾਰ ਦਾ ਇਕ ਅਜਿਹਾ ਉਪਰਾਲਾ ਹੈ ਜਿਸਨੇ ਪਿੰਡ ਪੱਧਰ ਤੱਕ ਕਿਸਾਨਾਂ ਅਤੇ ਆਮ ਲੋਕਾਂ ਨੂੰ ਦਫਤਰਾਂ ਵਿਚ ਹੋਣ ਵਾਲੀ ਬੇਲੋੜੀ ਖੱਜਲ ਖੁਆਰੀ ਅਤੇ ਪੈਸੇ ਤੇ ਸਮੇ ਦੀ ਬਰਬਾਦੀ ਤੋਂ ਮੁਕਤ ਕਰ ਦਿੱਤਾ ਹੈ। ਹਰ ਉਹ ਜਮੀਨ ਦਾ ਮਾਲਕ ਜੋ ਆਪਣੇ ਜਮੀਨ ਦਾ ਰਿਕਾਰਡ ਲੈਣਾ ਚਾਹੁੰਦਾ ਹੈ ਉਹ ਫਰਦ ਕੇਂਦਰ ਵਿਚ ਜਾ ਕੇ ਮੌਕੇ ਉਤੇ ਫੀਸ ਭਰ ਕੇ ਆਪਣੀ ਜਮੀਨ ਦਾ ਤਸਦੀਕ ਸੁਦਾ ਰਿਕਾਰਡ ਲੈ ਸਕਦਾ ਹੈ।

ਐਸ.ਡੀ.ਐਮ ਸ੍ਰੀ ਅਨੰਦਪੁਰ ਸਾਹਿਬ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਇਸ ਵਿਧੀ ਨੂੰ ਬਹੁਤ ਹੀ ਸੌਖਾਲਾ ਅਤੇ ਪਾਰਦਰਸ਼ੀ ਬਣਾਇਆ ਗਿਆ ਹੈ। ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਕਿਸਾਨਾਂ ਅਤੇ ਹੋਰ ਜ਼ਮੀਨ ਮਾਲਕਾਂ ਨੂੰ ਆਪਣੇ ਜ਼ਮੀਨੀ ਰਿਕਾਰਡ ਦੀਆਂ ਫ਼ਰਦਾਂ ਆਦਿ ਲੈਣ ਲਈ ਸਬ ਡਵੀਜ਼ਨ ਅਤੇ ਸਬ ਤਹਿਸੀਲ ਪੱਧਰ 'ਤੇ ਖੋਲ੍ਹੇ ਗਏ ਫ਼ਰਦ ਕੇਂਦਰ ਜ਼ਮੀਨ ਮਾਲਕਾਂ ਲਈ ਵਰਦਾਨ ਸਾਬਤ ਹੋ ਰਹੇ ਹਨ। ਸ੍ਰੀ ਅਨੰਦਪੁਰ ਸਾਹਿਬ ਦੇ ਫ਼ਰਦ ਕੇਂਦਰਾਂ ਰਾਹੀਂ ਜ਼ਮੀਨ ਮਾਲਕਾਂ ਨੂੰ 25 ਰੁਪਏ ਪ੍ਰਤੀ ਪੰਨਾ ਵਸੂਲ ਕੇ 10 ਮਿੰਟਾਂ 'ਚ ਫ਼ਰਦ ਮੁਹੱਈਆ ਕਰਵਾ ਦਿੱਤੀ ਜਾਂਦੀ ਹੈ।

ਸ੍ਰੀ ਅਨੰਦਪੁਰ ਸਾਹਿਬ ਦੇ ਫ਼ਰਦ ਕੇਂਦਰ ਤੋਂ 27290 ਜ਼ਮੀਨ ਮਾਲਕਾਂ ਨੂੰ 96565 ਪੰਨੇ ਜ਼ਮੀਨੀ ਰਿਕਾਰਡ ਦੀਆਂ ਨਕਲਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

ਇਹ ਫ਼ਰਦ ਕੇਂਦਰ ਕਿਸਾਨਾਂ ਲਈ ਵਰਦਾਨ ਸਿੱਧ ਹੋ ਰਹੇ ਹਨ, ਕਿਉਂਕਿ ਫ਼ਰਦ ਕੇਂਦਰਾਂ ਵਿੱਚ ਜ਼ਮੀਨ ਮਾਲਕ ਜ਼ਮੀਨੀ ਰਿਕਾਰਡ ਜਾਂ ਫ਼ਰਦ ਦੀ ਕਾਪੀ ਆਦਿ ਮਿੰਟਾਂ ਵਿੱਚ ਹੀ ਹਾਸਲ ਕਰ ਲੈਂਦੇ ਹਨ, ਜਿਸ ਨਾਲ ਹੁਣ ਲੋਕਾਂ ਨੂੰ ਖ਼ੱਜਲ਼-ਖ਼ੁਆਰ ਨਹੀਂ ਹੋਣਾ ਪੈਂਦਾ ਅਤੇ ਲੋਕਾਂ ਦੇ ਪੈਸੇ ਅਤੇ ਸਮੇਂ ਦੀ ਬੱਚਤ ਵੀ ਹੁੰਦੀ ਹੈ।

ਪੰਜਾਬ ਸਰਕਾਰ ਪ੍ਰਸ਼ਾਸ਼ਕੀ ਸੁਧਾਰਾਂ ਤਹਿਤ ਸਮੂਹ ਨਾਗਰਿਕ ਸੇਵਾਵਾਂ ਇੱਕ ਛੱਤ ਹੇਠ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

ਜ਼ਿਕਰਯੋਗ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦਾ ਇਲਾਕਾ ਜਿਥੇ ਲੋਕਾਂ ਨੂੰ ਢੁਕਵੀਆਂ ਬੁਨਿਆਦੀ ਸਹੂਲਤਾਂ ਲੈਣ ਲਈ ਦੂਰ ਦੁਰਾਂਡੇ ਜਾਣਾ ਪੈਂਦਾ ਹੈ ਉਥੇ ਪੰਜਾਬ ਸਰਕਾਰ ਵਲੋਂ ਹੁਣ ਬੁਨਿਆਦੀ ਸਹੂਲਤਾਂ ਮੁਹੱਈਆਂ ਕਰਵਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਇਥੋ ਦੇ ਸਮੁੱਚੇ ਖੇਤਰ ਨੂੰ ਵਿਕਾਸ ਦੀ ਲੀਹ ਤੇ ਲਿਆਉਣ ਲਈ ਪੰਜਾਬ ਸਰਕਾਰ ਹੋਰ ਉਪਰਾਲੇ ਕਰਨ ਜਾ ਰਹੀ ਹੈ।

ਐਸ.ਡੀ.ਐਮ ਸ੍ਰੀ ਅਨੰਦਪੁਰ ਸਾਹਿਬ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਸਾਡੀ ਇਹ ਵੀ ਭਰਪੂਰ ਕੋਸ਼ਿਸ਼ ਹੈ ਕਿ ਫ਼ਰਦ ਕੇਂਦਰ ਵਿੱਚ ਆਉਣ ਵਾਲੇ ਲੋਕਾਂ ਨੂੰ ਢੁੱਕਵਾਂ ਮਾਹੌਲ ਮਿਲ ਸਕੇ ਅਤੇ ਉਨ੍ਹਾਂ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

# ਝੋਨੇ ਦੀ ਬਿਜਾਏ ਸਾਉਣੀ ਰੁੱਤ ਦੀ ਮੱਕੀ ਦੀ ਕਾਸ਼ਤ ਵਧੇਰੇ ਲਾਭਦਾਇਕ : ਮੁੱਖ ਖੇਤੀਬਾੜੀ ਅ.ਫਸਰ

**ਗੁਰਦਾਸਪੁਰ, 14 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**




ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਚਲਾਏ ਜਾ ਰਹੇ ਜਲ ਸ਼ਕਤੀ ਅਭਿਆਨ ਤਹਿਤ ਜ਼ਿਲ੍ਹਾ ਗੁਰਦਾਸਪੁਰ ਵਿਚ ਝੋਨੇ ਹੇਠੋਂ ਰਕਬਾ ਕੱਢ ਕੇ ਸਾਉਣੀ ਦੀ ਮੱਕੀ ਦੀ ਕਾਸ਼ਤ ਕਰਨ ਲਈ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ, ਜਿਸ ਦੀ ਲਗਾਤਾਰਤਾ ਵਿੱਚ ਬਲਾਕ ਧਾਰੀਵਾਲ ਦੇ ਪਿੰਡ ਛੋਟੇਪੁਰ ਵਿਖੇ ਯੂਰੀਆ ਦੀ ਸੁਚੱਜੀ ਵਰਤੋਂ ਅਤੇ ਮੱਕੀ ਦੀ ਫਸਲ ਤੇ ਫਾਲ ਆਰਮੀ ਵਾਰਮ ਦੇ ਹਮਲੇ ਸਬੰਧੀ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਜ਼ਿਲ੍ਹਾ ਗੁਰਦਾਸਪੁਰ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰ ਗੁਰਦਾਸਪੁਰ ਵੱਲੋਂ ਵਿਸ਼ੇਸ਼ ਬਲਾਕ ਪੱਧਰੀ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਵੱਲੋਂ ਮੁੱਖ ਮਹਿਮਾਨ ਤੌਰ ਤੇ ਸ਼ਿਰਕਤ ਕੀਤੀ ਗਈ। ਅਰਜਿੰਦਰ ਸਿੰਘ ਖੇਤੀਬਾੜੀ ਵਿਸਥਾਰ ਅਫ਼ਸਰ ਅਤੇ ਦਿਲਬਾਗ ਸਿੰਘ ਕਿਸਾਨ ਮਿੱਤਰ ਦੇ ਪ੍ਰਬੰਧਾਂ ਹੇਠ ਲਗਾਏ ਇਸ ਕੈਂਪ ਵਿੱਚ ਡਾਕਟਰ ਰਜਿੰਦਰ ਸਿੰਘ ਬੱਲ ਮੁੱਖ ਕਿਸਾਨ ਸਲਾਹਕਾਰ ਅਤੇ ਸੇਵਾ ਕੇਂਦਰ ਪੀ.ਏ.ਯੂ ਗੁਰਦਾਸਪੁਰ ਵਿਸ਼ੇਸ਼ ਤੌਰ ▾ਤੇ ਸ਼ਾਮਿਲ ਹੋਏ। ਇਸ ਮੌਕੇ ਕਿਸਾਨਾਂ ਨੂੰ ਟਿਊਬਵੈਲਾਂ ▾ਤੇ ਲਾਉਣ ਲਈ ਛਾਂਦਾਰ ਪੌਦੇ ਵੀ ਵੰਡੇ ਗਏ। ਇਸ ਮੌਕੇ ਮੱਕੀ ਪਾਇਲਟ ਪ੍ਰੋਜੈਕਟ ਵਿੱਚ ਵਧੀਆ ਸੇਵਾਵਾਂ ਨਿਭਾਉਣ ਬਦਲੇ ਕਿਸਾਨ ਮਿੱਤਰ ਸਰਦਾਰ ਦਿਲਬਾਗ ਸਿੰਘ ਨੂੰ ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

ਕਿਸਾਨਾਂ ਨੂੰ ਸੰਬੋਧਨ ਕਰਦਿਆਂ ਮੁੱਖ ਖ਼ੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਉਣੀ ਦੀਆਂ ਫ਼ਸਲਾਂ ਵਿਚ ਯੂਰੀਆ ਦੀ ਵਰਤੋਂ ਕਰਨੀ ਫ਼ਸਲ ਦੇ ਝਾੜ ਵਧਾਉਣ ਵਿਚ ਸਹਾਈ ਹੁੰਦੀ ਹੈ, ਇਸ ਲਈ ਪੀ ਏ ਯੂ ਵਲੋਂ ਕੀਤੀਆਂ ਸਿਫਾਰਸ਼ਾਂ ਅਨੁਸਾਰ ਹੀ ਝੋਨੇ ਵਿਚ ਯੂਰੀਆ ਦੀ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵਧੇਰੇ ਯੂਰੀਆ ਦੀ ਵਰਤੋਂ ਕਰਨ ਨਾਲ ਫ਼ਸਲ ਦਾ ਬਨਸਪਤੀ ਵਾਧਾ ਵਧੇਰੇ ਹੋਣ ਕਾਰਨ ਕੀੜੇ ਅਤੇ ਬਿਮਾਰੀਆਂ ਵਧੇਰੇ ਲਗਦੀਆਂ ਹਨ ਅਤੇ ਫ਼ਸਲ ਡਿੱਗਦੀ ਵੀ ਜਿਆਦਾ ਹੈ। ਉਨ੍ਹਾਂ ਕਿਹਾ ਕਿ ਪੀ ਆਰ 110 ਕਿਸਮ ਦਾ ਸੁਭਾਅ ਹੈ ਕਿ ਉਹ ਲਵਾਈ ਤੋਂ 45 ਦਿਨਾਂ ਤੱਕ ਕੁਝ ਪੀਲੀ ਰਹਿੰਦੀ ਹੈ, ਜਿਸ ਨੂੰ ਦੇਖ ਕੇ ਵਾਧੂ ਯੂਰੀਆ ਨਹੀਂ ਪਾਉਣੀ ਚਾਹੀਦੀ। ਇਸ ਕਿਸਮ ਦਾ ਰੰਗ 45-50 ਦਿਨਾਂ ਬਾਅਦ ਆਪੇ ਹੀ ਠੀਕ ਹੋ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਭਵਿੱਖ ਦੀ ਖੇਤੀ ਨੂੰ ਟਿਕਾਊ ਬਣਾਉਣ ਅਤੇ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਨੀਵਾਂ ਜਾਣ ਤੋਂ ਰੋਕਣ ਲਈ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਵਿਚ 2000 ਹੈਕਟੇਅਰ ਰਕਬਾ ਝੋਨੇ ਦੀ ਖੇਤੀ ਹੇਠੋਂ ਕੱਢ ਕੇ ਮੱਕੀ ਦੀ ਕਾਸ਼ਤ ਹੇਠਾਂ ਲਿਆਉਣ ਲਈ ਪਾਇਲਟ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ, ਜਿਸ ਤਹਿਤ ਝੋਨੇ ਦੀ ਬਿਜਾਏ ਮੱਕੀ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ 17500/- ਪ੍ਰਤੀ ਹੈਕ ਬਤੌਰ ਪ੍ਰੋਤਸਾਹਨ ਰਾਸ਼ੀ ਵਜੋਂ ਦਿੱਤੇ ਜਾਣੇ ਹਨ ਅਤੇ ਮੱਕੀ ਦੀ ਖਰੀਦ ਘੱਟੋ-ਘੱਟ ਸਮਰਥਨ ਮੁੱਲ ਤੇ ਕੀਤੀ ਜਾਣੀ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਹੁਣ ਬਾਸਮਤੀ ਜਾਂ ਝੋਨੇ ਦੀ ਲਵਾਈ ਕਰਨ ਦੇ ਬਿਜਾਏ ਮੱਕੀ ਦੀ ਕਾਸ਼ਤ ਕਰਨ ਨੂੰ ਤਰਜੀਹ ਦੇਣ ਤਾਂ ਜੋ ਕੁਦਰਤੀ ਸਰੋਤਾਂ ਨੂੰ ਬਚਾਉਣ ਦੇ ਨਾਲ-ਨਾਲ ਖੇਤੀ ਆਮਦਨ ਵਧਾਈ ਜਾ ਸਕੇ।

ਡਾ. ਰਜਿੰਦਰ ਸਿੰਘ ਬੱਲ ਨੇ ਦੱਸਿਆ ਕਿ ਅਜੋਕੇ ਸਮੇਂ ਵਿੱਚ ਮੱਕੀ ਦੀ ਫ਼ਸਲ ਉੱਪਰ ਫਾਲ ਆਰਮੀ ਵਰਮ ਨਾਮਕ ਕੀੜੇ ਦਾ ਹਮਲਾ ਦੇਖਿਆ ਗਿਆ ਹੈ, ਜਿਸ ਦੀ ਰੋਕਥਾਮ ਲਈ ਕਿਸਾਨਾਂ ਨੂੰ ਰੋਕਥਾਮ ਤਕਨੀਕਾਂ ਤੋਂ ਜਾਣੂ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਕੀੜੇ ਦੀ ਸੁੰਡੀ ਦੀ ਪਹਿਚਾਣ ਪਿਛਲੇ ਸਿਰੇ ਵੱਲ ਚਾਰ ਵਰਗ ਬਨਾਉਂਦੇ ਬਿੰਦੂਆਂ ਅਤੇ ਸਿਰ ਉੱਪਰ ਚਿੱਟੇ ਰੰਗ ਦੇ ਅੰਗਰੇਜ਼ੀ ਦੇ ਵਾਈ ਅੱਖਰ ਦੇ ਉਲਟੇ ਨਿਸ਼ਾਨ ਤੋਂ ਹੁੰਦੀ ਹੈ। ਉਨ੍ਹਾਂ ਕਿਹਾ ਕਿ ਹਮਲੇ ਦੇ ਸ਼ੁਰੂਆਤੀ ਦੌਰ ਵਿੱਚ ਛੋਟੀਆਂ ਸੁੰਡੀਆਂ ਪੱਤੇ ਦੀ ਸਤਾਹ ਨੂੰ ਖੁਰਚ ਕੇ ਖਾਂਦੀਆਂ ਹਨ, ਜਿਸ ਕਾਰਨ ਪੱਤਿਆਂ ਉੱਪਰ ਲੰਮੇ ਆਕਾਰ ਦੇ ਕਾਗਜ਼ੀ ਨਿਸ਼ਾਨ ਬਣ ਜਾਂਦੇ ਹਨ ਅਤੇ ਵੱਡੀਆਂ ਸੁੰਡੀਆਂ ਪੱਤਿਆਂ ਉੱਪਰ ਬੇਤਰਤੀਬੇ, ਗੋਲ ਜਾਂ ਅੰਡਾਕਾਰ ਮੋਰੀਆਂ ਬਣਾ ਦਿੰਦੀਆਂ ਹਨ ਅਤੇ ਹਮਲੇ ਵਾਲੀ ਗੋਭ ਵਿੱਚ ਕਾਫੀ ਮਾਤਰਾ ਵਿੱਚ ਕਾਲੀਆਂ ਵਿੱਠਾਂ ਦੇਖਣ ਨੂੰ ਮਿਲਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਕੀੜੇ ਦੇ ਹਮਲੇ ਤੋਂ ਮੱਕੀ ਦੀ ਫਸਲ ਨੂੰ ਬਚਾਉਣ ਲਈ ਮੱਕੀ ਦੀ ਫਸਲ ਦਾ ਨਿਰੰਤਰ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ ਅਤੇ ਜੇਕਰ ਇਸ ਕੀੜੇ ਦਾ ਹਮਲਾ ਮੱਕੀ ਦੀ ਫਸਲ ਉੱਪਰ ਦਿਖਾਈ ਦੇਵੇ ਤਾਂ ਇਸ ਦੇ ਅਗਾਂਹ ਫੈਲਾਅ ਨੂੰ ਰੋਕਣ ਲਈ ਤੁਰੰਤ 40 ਮਿਲੀਟਿਲਰ ਕਲੋਰੈਂਟਰਾਨਿਲੀਪਰੋਲ 18.5 ਈ.ਸੀ. ਜਾਂ 50 ਮਿਲੀਲਿਟਰ ਸਪਾਇਨਿਟੋਰਮ 11.7 ਐਸ ਸੀ ਜਾਂ 40 ਗ੍ਰਾਮ ਐਮਾਮੈਕਟਿਨ ਬੈਂਜੋਏਟ ਪ੍ਰਤੀ ਲਿਟਰ 120 ਤੋਂ 200 ਲਿਟਰ ਪਾਣੀ ਦੇ ਘੋਲ ਵਿੱਚ ਛਿੜਕਾਅ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਛਿੜਕਾਅ ਕਰਦੇ ਸਮੇਂ ਪੰਪ ਦੀ ਗੋਲ ਨੋਜ਼ਲ ਮੱਕੀ ਦੀ ਗੋਭ ਵੱਲ ਹੋਣੀ ਚਾਹੀਦੀ ਹੈ। ਜੇਕਰ ਇਸ ਕੀੜੇ ਦਾ ਹਮਲਾ ਧੋੜੀਆਂ ਵਿੱਚ ਜਾਂ ਫਸਲ ਵੱਡੀ ਹੋਵੇ ਤਾਂ 4 ਗ੍ਰਾਮ ਕਲੋਰੈਂਟਰਾਨਿਲੀਪਰੋਲ ਜਾਂ 5 ਮਿਲੀਲਿਟਰ ਸਪਾਈਨੋਟਰਮ ਜਾਂ 4 ਮਿਲੀਲਿਟਰ ਐਮਾਮੈਕਟਿਨ ਬੈਂਜੋਏਟ ਨੂੰ ਇਕ ਕਿਲੋ ਮਿੱਟੀ ਵਿੱਚ ਮਿਲਾ ਕੇ ਚੁਟਕੀ ਭਰ ਮਿਸ਼ਰਣ ਪ੍ਰਤੀ ਗੋਭ ਵਿੱਚ ਪਾ ਕੇ ਰੋਕਥਾਮ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਕੀਟਨਾਸ਼ਕ ਦਾ ਛਿੜਕਾਅ ਸਵੇਰੇ ਜਾਂ ਸ਼ਾਮ ਨੂੰ ਕਰਨਾ ਚਾਹੀਦਾ ਹੈ।

ਡਾ ਗੁਰਪ੍ਰੀਤ ਸਿੰਘ ਔਲਖ ਖੇਤੀਬਾੜੀ ਐਫਸਰ ਬੀਜ ਗੁਰਦਾਸਪੁਰ ਵੱਲੋਂ ਮੱਕੀ ਪਾਇਲਟ ਪ੍ਰੋਜੈਕਟ ਤਹਿਤ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਪ੍ਰੋਤਸਾਹਨ ਰਾਸ਼ੀ ਸਬੰਧੀ ਅਤੇ ਪੋਰਟਲ ਤੇ ਰਜਿਸਟਰੇਸ਼ਨ ਸਬੰਧੀ, ਡਾ. ਸੰਦੀਪ ਸਿੰਘ ਢਿੱਲੋਂ ਖੇਤੀਬਾੜੀ ਅਫਸਰ ਟ ?ਰੇਨਿੰਗ ਵੱਲੋਂ ਝੋਨੇ ਦੀ ਸਿੱਧੀ ਬਜਾਈ ਅਤੇ ਝੋਨੇ ਦੀ ਫਸਲ ਵਿੱਚ ਖਾਦਾਂ ਦੀ ਸੁਚੱਜੀ ਵਰਤੋਂ ਸੰਬੰਧੀ, ਡਾ ਰਸ਼ਪਾਲ ਸਿੰਘ ਬੰਡਾਲਾ ਬਲਾਕ ਖੇਤੀਬਾੜੀ ਅਫਸਰ ਧਾਰੀਵਾਲ ਵੱਲੋਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨ ਹਿੱਤ ਵਿੱਚ ਚਲਾਈਆਂ ਜਾ ਰਹੀਆਂ ਸਕੀਮਾਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਅਤੇ ਉਹਨਾਂ ਵੱਲੋਂ ਕਿਸਾਨਾਂ ਨੂੰ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਲੋੜ ਅਨੁਸਾਰ ਵਰਤੋਂ ਕਰਨ ਸਬੰਧੀ ਅਪੀਲ ਕੀਤੀ ਗਈ।

ਇਸ ਮੌਕੇ ਭੂਮੀ ਰੱਖਿਆ ਵਿਭਾਗ ਤੋਂ ਸ ਜੋਬਨਜੀਤ ਸਿੰਘ, ਅਨੂ ਡੇਅਰੀ ਇੰਸਪੈਕਟਰ ਅਤੇ ਅਕਾਸ਼ਦੀਪ ਸਿੰਘ ਮੱਛੀ ਪਾਲਣ ਅਫ਼ਸਰ ਵੱਲੋਂ ਕਿਸਾਨੀ ਹਿੱਤ ਵਿਚ ਚਲਾਈਆਂ ਜਾ ਰਹੀਆਂ ਵਿਭਾਗੀ ਸਕੀਮਾਂ ਸਬੰਧੀ ਜਾਣੂ ਕਰਵਾਇਆ ਗਿਆ। ਇਸ ਮੌਕੇ ਡਾ ਦਿਲਰਾਜ ਸਿੰਘ ਡਾ ਜਰਮਨਜੀਤ ਸਿੰਘ, ਗੁਰਮੀਤ ਸਿੰਘ ਖੇਤੀਬਾੜੀ ਵਿਸਥਾਰ ਅਫਸਰ ਘੁੰਮਣ ਕਲਾਂ, ਯਾਦਵਿੰਦਰ ਸਿੰਘ ਖੇਤੀਬਾੜੀ ਵਿਸਤਾਰ ਅਫਸਰ ਲੰਗਾਹ ਜੱਟਾਂ, ਦਿਲਬਾਗ ਸਿੰਘ ਬੀਟੀਐਮ, ਵਿਕਰਮ ਦਿਆਲ ਸਿੰਘ ਆਕਾਸ਼ਦੀਪ ਸਿੰਘ ਕਮਲਪ੍ਰੀਤ ਸਿੰਘ, ਜੁਗਰਾਜ ਸਿੰਘ, ਕਿਸਾਨ ਮਿੱਤਰ ਦਿਲਬਾਗ ਸਿੰਘ, ਨਵਜੋਤ ਸਿੰਘ, ਰਸ਼ਪਾਲ ਸਿੰਘ,ਨਿਰੰਜਨ ਸਿੰਘ, ਪਲਵਿੰਦਰ ਸਿੰਘ ਸਹਾਰੀ ਅਤੇ ਹੋਰ ਅਗਾਂਹਵਧੂ ਕਿਸਾਨ ਹਾਜ਼ਰ ਸਨ।

# ਦਿੱਲੀ ਦੇ 65 ਤੋਂ ਵੱਧ ਹਰੀ ਸ਼੍ਰੇਣੀ ਦੇ ਉਦਯੋਗਾਂ ਨੂੰ ਵੱਡੀ ਰਾਹਤ: ਸਿਰਸਾ

ਕੌਮੀ ਪਤ੍ਰਿਕਾ
ਸੌਰਭ ਸ਼ਰਮਾ

ਨਵੀਂ ਦਿੱਲੀ, 14 ਜੁਲਾਈ: ਇੱਕ ਹੋਰ ਚੋਣ ਵਾਅਦੇ ਨੂੰ ਪੂਰਾ ਕਰਦੇ ਹੋਏ, ਦਿੱਲੀ ਸਰਕਾਰ ਨੇ ਕਾਰੋਬਾਰ ਕਰਨ ਵਿੱਚ ਆਸਾਨੀ ਨਾਲ ਸਬੰਧਤ ਇੱਕ ਮਹੱਤਵਪੂਰਨ ਸੁਧਾਰ ਲਾਗੂ ਕੀਤਾ ਹੈ, ਜਿਸ ਨਾਲ ਹੁਣ ਹਰੀ ਸ਼੍ਰੇਣੀ ਦੇ ਉਦਯੋਗਾਂ ਲਈ ਡੀਪੀਸੀਸੀ ਤੋਂ ਪ੍ਰਵਾਨਗੀਆਂ ਵਿੱਚ ਦੇਰੀ ਖਤਮ ਹੋ ਜਾਵੇਗੀ। ਅਗਸਤ 2025 ਤੋਂ, ਅਜਿਹੇ ਉਦਯੋਗਾਂ ਦੀਆਂ ਸੰਚਾਲਨ ਲਈ ਸਹਿਮਤੀ (ਸੀਟੀਓ) ਅਰਜ਼ੀਆਂ ਨੂੰ ਆਪਣੇ ਆਪ ਮਨਜ਼ੂਰ ਮੰਨਿਆ ਜਾਵੇਗਾ ਜੇਕਰ ਉਹਨਾਂ 'ਤੇ 20 ਦਿਨਾਂ ਦੇ ਅੰਦਰ ਪ੍ਰਕਿਰਿਆ ਨਹੀਂ ਕੀਤੀ ਜਾਂਦੀ। ਪਹਿਲਾਂ ਇਹ ਸਮਾਂ ਸੀਮਾ 120 ਦਿਨ ਸੀ। ਇਸ ਫੈਸਲੇ ਦਾ ਐਲਾਨ ਕਰਦੇ ਹੋਏ, ਵਾਤਾਵਰਣ ਅਤੇ ਉਦਯੋਗ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ: ਇਹ ਦਿੱਲੀ ਦੇ ਵਪਾਰੀਆਂ ਦੀ ਲੰਬੇ ਸਮੇਂ ਤੋਂ ਮੰਗ ਸੀ। ਮੈਂ ਇਸ ਸੁਧਾਰ ਨੂੰ ਲਾਗੂ ਕਰਨ ਵਿੱਚ ਉਨ੍ਹਾਂ ਦੇ ਸਮਰਥਨ ਲਈ ਮਾਨਯੋਗ ਉਪ ਰਾਜਪਾਲ ਵਿਨੈ ਕੁਮਾਰ ਸਕਸੈਨਾ ਅਤੇ ਸਾਡੀ ਮਾਨਯੋਗ ਮੁੱਖ ਮੰਤਰੀ ਰੇਖਾ ਗੁਪਤਾ ਦਾ ਦਿਲੋਂ ਧੰਨਵਾਦ ਕਰਦਾ ਹਾਂ। ਡਬਲ ਇੰਜਣ ਸਰਕਾਰ ਨੇ ਉਹ ਕੀਤਾ ਹੈ ਜੋ 50 ਸਾਲਾਂ ਵਿੱਚ ਨਹੀਂ ਹੋਇਆ - ਇਹ ਸਿਰਫ਼ ਇੱਕ ਸੁਧਾਰ ਨਹੀਂ ਹੈ, ਸਗੋਂ ਦਿੱਲੀ ਦੀ ਉਦਯੋਗਿਕ ਨੀਤੀ ਵਿੱਚ ਇੱਕ ਇਤਿਹਾਸਕ ਤਬਦੀਲੀ ਹੈ। ਉਨ੍ਹਾਂ ਅੱਗੇ ਕਿਹਾ: ਇਹ ਦਿੱਲੀ ਦੇ ਉੱਦਮੀਆਂ ਅਤੇ ਉਦਯੋਗਾਂ ਲਈ ਇੱਕ ਸਪੱਸ਼ਟ ਸੰਦੇਸ਼ ਹੈ - ਦਿੱਲੀ ਜ਼ਿੰਮੇਵਾਰ ਕਾਰੋਬਾਰ ਲਈ ਤਿਆਰ ਹੈ। ਅਸੀਂ ਪੁਰਾਣੀ ਲਾਇਸੈਂਸ ਪ੍ਰਣਾਲੀ ਦੀਆਂ ਗੁੰਝਲਾਂ ਨੂੰ ਦੂਰ ਕਰ ਰਹੇ ਹਾਂ। ਇਹ ਮਾਨਯੋਗ ਮੁੱਖ ਮੰਤਰੀ ਰੇਖਾ ਗੁਪਤਾ ਦੀ ਅਗਵਾਈ ਹੇਠ ਦਿੱਲੀ ਮਾਡਲ ਹੈ - ਲੋਕਾਂ



ਲਈ, ਵਿਕਾਸ ਲਈ ਅਤੇ ਜਲਦੀ ਫੈਸਲਿਆਂ ਲਈ। ਇਸ ਸੁਧਾਰ ਨਾਲ 65 ਤੋਂ ਵੱਧ ਹਰੀ ਸ਼੍ਰੇਣੀ ਦੇ ਉਦਯੋਗਾਂ ਨੂੰ ਸਿੱਧਾ ਲਾਭ ਹੋਵੇਗਾ - ਜਿਨ੍ਹਾਂ ਨੂੰ ਘੱਟ ਪ੍ਰਦੂਸ਼ਣ ਅਤੇ ਘੱਟ ਜੋਖਮ ਵਾਲੇ ਖੇਤਰ ਮੰਨਿਆ ਜਾਂਦਾ ਹੈ। ਇਨ੍ਹਾਂ ਵਿੱਚ ਸ਼ਾਮਲ ਹਨ - ਤਿਆਰ ਕੱਪੜੇ (ਰੰਗਾਈ ਜਾਂ ਬਲੀਚਿੰਗ ਤੋਂ ਬਿਨਾਂ), ਐਲੂਮੀਨੀਅਮ ਅਤੇ ਪੀਵੀਸੀ ਯੂਨਿਟ, ਬਾਇਲਰ ਤੋਂ ਬਿਨਾਂ ਆਯੁਰਵੈਦਿਕ ਦਵਾਈਆਂ, ਕੋਲਡ ਸਟੋਰੇਜ, ਲੱਕੜ ਅਤੇ ਸਟੀਲ ਦਾ ਫਰਨੀਚਰ, ਇਲੈਕਟ੍ਰਿਕ ਓਵਨ ਵਾਲੀਆਂ ਮਿਠਾਈਆਂ ਇਕਾਈਆਂ, ਆਪਟੀਕਲ ਉਤਪਾਦ, ਖਿਡੌਣੇ, ਸਾਬਣ ਅਤੇ ਡਿਟਰਜੈਂਟ, ਬੈਟਰੀ ਕੰਟੇਨਰ, ਗੱਤੇ ਅਤੇ ਪੈਕੇਜਿੰਗ ਨਿਰਮਾਣ, ਆਦਿ। ਨਵੀਂ ਪ੍ਰਣਾਲੀ ਦੇ ਤਹਿਤ, ਜੇਕਰ ਅਰਜ਼ੀ 'ਤੇ 20 ਦਿਨਾਂ ਦੇ ਅੰਦਰ ਕਾਰਵਾਈ ਨਹੀਂ ਕੀਤੀ ਜਾਂਦੀ, ਤਾਂ ਇਸਨੂੰ ਮਨਜ਼ੂਰ ਮੰਨਿਆ ਜਾਵੇਗਾ - ਕਿਸੇ ਵਾਧੂ ਦਸਤਾਵੇਜ਼ ਜਾਂ ਫਾਲੋ-ਅਪ ਦੀ ਲੋੜ ਨਹੀਂ ਹੋਵੇਗੀ। ਮਾਨਯੋਗ ਮੰਤਰੀ ਨੇ ਕਿਹਾ ਕਿ ਇਹ ਸੁਧਾਰ ਦਿੱਲੀ ਦੇ MSME ਸੈਕਟਰ ਨੂੰ ਤੇਜ਼ੀ ਨਾਲ ਹੁਲਾਰਾ ਦੇਵੇਗਾ, ਨਾਲ ਹੀ ਵਾਤਾਵਰਣ ਦੀ ਸੁਰੱਖਿਆ ਨੂੰ ਵੀ ਯਕੀਨੀ ਬਣਾਏਗਾ। ਸ੍ਰੀ ਸਿਰਸਾ ਨੇ ਕਿਹਾ, "ਇਨ੍ਹਾਂ ਵਿੱਚੋਂ ਜ਼ਿਆਦਾਤਰ ਖੇਤਰ ਛੋਟੇ ਅਤੇ ਦਰਮਿਆਨੇ ਪੱਧਰ ਦੇ ਉਦਯੋਗ ਹਨ ਜੋ ਹੁਣ ਬੇਲੋੜੀ ਦੇਰੀ ਅਤੇ ਲਾਇਸੈਂਸਿੰਗ ਮੁਸ਼ਕਲਾਂ ਤੋਂ ਮੁਕਤ ਹੋ ਜਾਣਗੇ ਅਤੇ ਵਿਸ਼ਵਾਸ ਨਾਲ ਅਤੇ ਸਮਾਂਬੱਧ ਢੰਗ ਨਾਲ ਅੱਗੇ ਵਧਣ ਦੇ ਯੋਗ ਹੋਣਗੇ। ਇਹ ਕਦਮ ਮਾਣਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਕਸਤ ਭਾਰਤ - ਵਿਕਸਤ ਦਿੱਲੀ ਦੇ ਦ੍ਰਿਸ਼ਟੀਕੋਣ ਦੇ ਅਨੁਸਾਰ ਹੈ ਅਤੇ ਵਿਸ਼ਵਾਸ ਅਤੇ ਪਾਰਦਰਸ਼ਤਾ 'ਤੇ ਅਧਾਰਤ ਦਿੱਲੀ ਸਰਕਾਰ ਦੇ ਸ਼ਾਸਨ ਮਾਡਲ ਨੂੰ ਦਰਸਾਉਂਦਾ ਹੈ। ਇਹ ਸੁਧਾਰ ਦਿੱਲੀ ਸਰਕਾਰ ਦੀ ਸਿੰਗਲ ਵਿੰਡੋ ਕਲੀਅਰੈਂਸ ਪਹਿਲਕਦਮੀ ਦਾ ਇੱਕ ਹਿੱਸਾ ਹੈ ਤਾਂ ਜੋ ਸਾਰੇ ਵਿਭਾਗਾਂ ਵਿੱਚ ਪ੍ਰਵਾਨਗੀ ਪ੍ਰਕਿਰਿਆ ਨੂੰ ਸਰਲ, ਕਾਗਜ਼ ਰਹਿਤ ਅਤੇ ਪਾਰਦਰਸ਼ੀ ਬਣਾਇਆ ਜਾ ਸਕੇ, ਜਿਸ ਨਾਲ ਉੱਦਮੀਆਂ ਅਤੇ ਉਦਯੋਗਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਅੱਗੇ ਵਧਣ ਦੇ ਯੋਗ ਬਣਾਇਆ ਜਾ ਸਕੇ।

## 300 ਸਕੂਲਾਂ ਨੂੰ ਜਾਰੀ ਹੋ ਗਿਆ ਨੋਟਿਸ ! ਸਕੂਲ ਪ੍ਰਸ਼ਾਸਨ 'ਚ ਹਫੜਾ-ਦਫੜੀ

ਨੈਸ਼ਨਲ ਡੈਸਕ 14 ਜੁਲਾਈ। ਉੱਤਰ ਪ੍ਰਦੇਸ਼ ਟਰਾਂਸਪੋਰਟ ਵਿਭਾਗ ਨੇ ਰਾਜਧਾਨੀ ਲਖਨਊ ਦੇ 300 ਸਕੂਲਾਂ ਨੂੰ ਨੋਟਿਸ ਭੇਜਿਆ ਹੈ, ਜਿਸ ਤੋਂ ਬਾਅਦ ਸਕੂਲ ਪ੍ਰਸ਼ਾਸਨ 'ਚ ਦਹਿਸ਼ਤ ਹੈ। ਦਰਅਸਲ, ਆਰਟੀਓ ਨੇ ਇੱਕ ਨੋਟਿਸ ਜਾਰੀ ਕਰ ਕੇ ਕਿਹਾ ਹੈ ਕਿ ਹਰ ਸਕੂਲ ਜੁਲਾਈ ਦੇ ਅੰਤ ਤੱਕ ਸਾਰੇ ਰੱਦ ਕੀਤੇ ਵਾਹਨਾਂ ਦੀ ਰਜਿਸਟ?ਰੇਸ਼ਨ ਰੱਦ ਕਰਨ ਦੀ ਪ੍ਰਕਿਰਿਆ ਪੂਰੀ ਕਰੇ। ਬੱਚਿਆਂ ਨੂੰ ਲਿਜਾਣ ਵਾਲੇ ਸਕੂਲ ਵਾਹਨ ਪੂਰੀ ਤਰ੍ਹਾਂ ਫਿੱਟ ਹੋਣੇ ਚਾਹੀਦੇ ਹਨ, ਜੇਕਰ ਨੋਟਿਸ ਮਿਲਣ ਦੇ ਬਾਵਜੂਦ ਵਾਹਨ ਚੱਲਦੇ ਪਾਏ ਜਾਂਦੇ ਹਨ




ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਵਿਭਾਗ ਨੇ ਨੋਟਿਸ ਵਿੱਚ ਸਖ਼ਤ ਚੇਤਾਵਨੀ ਦਿੱਤੀ ਹੈ ਕਿ ਜੇਕਰ 15 ਸਾਲ ਪੁਰਾਣੇ ਜਾਂ ਅਨਫਿੱਟ ਵਾਹਨ ਸੜਕ 'ਤੇ ਚੱਲਦੇ ਪਾਏ ਜਾਂਦੇ ਹਨ ਤਾਂ ਸਿੱਧੀ ਕਾਰਵਾਈ ਕੀਤੀ ਜਾਵੇਗੀ। ਇਹ ਕਾਰਵਾਈ 4 ਜੁਲਾਈ ਨੂੰ ਜ਼ਿਲ੍ਹਾ ਮੈਜਿਸਟ?ਰੇਟ ਵੱਲੋਂ ਆਯੋਜਿਤ ਟਰਾਂਸਪੋਰਟ ਸੁਰੱਖਿਆ ਕਮੇਟੀ ਦੀ ਮੀਟਿੰਗ ਦੇ ਨਿਰਦੇਸ਼ਾਂ ਤੋਂ ਬਾਅਦ ਸ਼ੁਰੂ ਕੀਤੀ ਗਈ ਸੀ। ਡੀਐਮ ਨੇ ਸਪੱਸ਼ਟ ਤੌਰ 'ਤੇ ਕਿਹਾ ਸੀ ਕਿ ਸਕੂਲਾਂ ਵਿੱਚ ਅਨਫਿੱਟ ਵਾਹਨਾਂ ਦੇ ਸੰਚਾਲਨ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਤੋਂ ਬਾਅਦ ਵੀਰਵਾਰ ਨੂੰ ਏਆਰਟੀਓ ਪ੍ਰਸ਼ਾਸਨ ਨੇ 300 ਸਕੂਲਾਂ ਨੂੰ ਨੋਟਿਸ ਜਾਰੀ ਕਰ ਕੇ ਸਖ਼ਤੀ ਦਾ ਸੁਨੇਹਾ ਦਿੱਤਾ। ਨੋਟਿਸ 'ਚ ਇਹ ਵੀ ਕਿਹਾ ਗਿਆ ਹੈ ਕਿ ਸਕੂਲ ਪ੍ਰਬੰਧਨ ਨੂੰ ਜੁਲਾਈ ਦੇ ਅੰਤ ਤੱਕ ਆਪਣੇ ਸਾਰੇ ਪਾਬੰਦੀਸ਼ੁਦਾ ਵਾਹਨਾਂ ਦੀ ਰਜਿਸਟ?ਰੇਸ਼ਨ ਰੱਦ ਕਰਨ ਦੀ ਪ੍ਰਕਿਰਿਆ ਪੂਰੀ ਕਰਨੀ ਪਵੇਗੀ। ਨਾਲ ਹੀ ਹਰੇਕ ਸਕੂਲ ਨੂੰ ਇੱਕ ਮਹੀਨੇ ਦੇ ਅੰਦਰ ਆਪਣੇ ਪੱਧਰ 'ਤੇ ਟ?ਰਾਂਸਪੋਰਟ ਸੁਰੱਖਿਆ ਕਮੇਟੀ ਦੀ ਇੱਕ ਮੀਟਿੰਗ ਦਾ ਆਯੋਜਨ ਕਰਨਾ ਹੋਵੇਗਾ, ਤਾਂ ਜੋ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾ ਸਕੇ।

## ਪੁਲਸ ਵੱਲੋਂ ਨਸ਼ੀਲੀਆਂ ਗੋਲੀਆਂ ਸਮੇਤ ਇਕ ਨੌਜਵਾਨ ਗ੍ਰਿਫਤਾਰ

ਦੀਨਾਨਗਰ 14 ਜੁਲਾਈ। ਮਾਨਯੋਗ ਮੁੱਖ ਮੰਤਰੀ, ਪੰਜਾਬ ਵੱਲੋਂ ਐਲਾਨੇ "ਯੁੱਧ ਨਸ਼ੇ ਦੇ ਵਿਰੁੱਧ"ਮੁਹਿੰਮ ਤਹਿਤ ਮਾਨਯੋਗ ਡਾਇਰੈਕਟਰ ਜਨਰਲ ਪੁਲਸ, ਪੰਜਾਬ ਅਤੇ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਸ, ਬਾਰਡਰ ਰੇਂਜ, ਅੰਮ੍ਰਿਤਸਰ ਜੀ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਥਾਣਾ ਬਹਿਰਾਮਪੁਰ ਵਿਖੇ ਸੁਨੀਲ ਕੁਮਾਰ ਨੂੰ ਕਾਬੂ ਕਰਕੇ ਉਸ ਪਾਸੋਂ 40 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ। ਪੁਲਸ ਮੁਤਾਬਕ ਮੁਲਜ਼ਮ ਦੀ ਪਛਾਣ ਸੁਨੀਲ ਕੁਮਾਰ ਵਾਸੀ ਬਾਹਮਣੀ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਜਾਣਕਾਰੀ ਦਿੰਦੇ ਹੋਏ ਆਦਿੱਤਿਆ, ਆਈ.ਪੀ.ਐੱਸ, ਸੀਨੀਅਰ ਕਪਤਾਨ ਪੁਲਸ, ਗੁਰਦਾਸਪੁਰ ਨੇ ਦੱਸਿਆ ਵਸਨੀਕਾ ਨੂੰ ਅਪੀਲ ਕੀਤੀ ਕਿ ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਸ ਨੂੰ ਦਿੱਤੀ ਜਾਵੇ, ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਵਿਚ ਸ਼ਾਮਿਲ ਵਿਅਕਤੀਆਂ ਖਿਲਾਫ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਨਸ਼ਿਆਂ ਦੇ ਕਾਰੋਬਾਰ ਨੂੰ ਜੜ੍ਹ ਤੋਂ ਖਤਮ ਕਰਨ ਅਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਜ਼ਿਲ੍ਹਾ ਗੁਰਦਾਸਪੁਰ ਦੀ ਪੁਲਸ ਪੂਰੀ ਤਰ੍ਹਾਂ ਵਚਨਬੱਧ ਹੈ।

## ਰੋਸ ਰੈਲੀਆਂ ਅਤੇ ਧਰਨੇ-ਵਿਖਾਵਿਆਂ ਆਦਿ 'ਤੇ ਮੁਕੰਮਲ ਪਾਬੰਦੀ

ਅੰਮ੍ਰਿਤਸਰ, 14 ਜੁਲਾਈ। ਵਧੀਕ ਜ਼ਿਲ੍ਹਾ ਮੈਜਿਸਟਰੇਟ ਅੰਮ੍ਰਿਤਸਰ ਸ੍ਰੀਮਤੀ ਅਮਨਦੀਪ ਕੌਰ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸਹਿੰਤਾ, 2023 ਦੀ ਧਾਰਾ 163 ਬੀ.ਐਨ.ਐਸ.ਐਸ. ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਜਿਲ੍ਹਾ ਅੰਮ੍ਰਿਤਸਰ ਵਿੱਚ ਜਿਲ੍ਹਾ ਪੁਲਿਸ ਮੁੱਖੀ, ਅੰਮ੍ਰਿਤਸਰ (ਦਿਹਾਤੀ) ਦੇ ਅਧਿਕਾਰ ਖੇਤਰ ਵਿੱਚ ਪੈਂਦੇ ਥਾਣਿਆਂ ਅਧੀਨ ਪਿੰਡਾਂ ਕਸਬਿਆਂ ਵਿੱਚ ਪੰਜ ਜਾਂ ਇਸ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ, ਰੋਸ ਰੈਲੀਆਂ, ਧਰਨਾ ਦੇਣ, ਮੀਟਿੰਗਾਂ ਕਰਨ, ਨਾਹਰੇ ਮਾਰਨ ਜਾਂ ਲਗਾਉਣ ਅਤੇ ਵਿਖਾਵਾ ਕਰਨ ਤੇ ਮੁਕੰਮਲ ਪਾਬੰਦੀ ਲਗਾਉਣ ਦਾ ਹੁਕਮ ਜਾਰੀ ਕੀਤਾ ਹੈ। ਜਾਰੀ ਹੁਕਮ ਵਿਚ ਕਿਹਾ ਹੈ ਕਿ ਉਨਾਂ ਦੇ ਧਿਆਨ ਵਿਚ ਆਇਆ ਹੈ ਕਿ ਜਿਲ੍ਹਾ ਅੰਮ੍ਰਿਤਸਰ ਵਿਚ ਕੁੱਝ ਰਾਜਨੀਤਿਕ ਜਥੇਬੰਦੀਆਂ ਜ਼ਿਲਾ ਪੱਧਰ 'ਤੇ ਰੋਸ, ਧਰਨੇ ਰੈਲੀਆਂ ਅਤੇ ਮੁਜ਼ਾਹਰੇ ਕਰਨ ਦੀਆਂ ਯੋਜਨਾਵਾਂ ਬਣਾ ਰਹੀਆਂ ਹਨ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਉਤੇਜਿਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ, ਜਿਸ ਨਾਲ ਸਰਕਾਰੀ ਅਤੇ ਗੈਰ-ਸਰਕਾਰੀ ਸੰਪਤੀ/ਜਾਇਦਾਦ ਦਾ ਨੁਕਸਾਨ ਹੋਣ ਅਤੇ ਅਮਨ ਅਤੇ ਕਾਨੂੰਨ ਦੀ ਸਥਿਤੀ ਵਿਗੜਨ ਦਾ ਡਰ ਬਣਿਆ ਰਹਿੰਦਾ ਹੈ। ਇਸ ਲਈ ਅਮਨ ਅਤੇ ਕਾਨੂੰਨ ਦੀ ਸਥਿਤੀ ਠੀਕ ਬਣਾਏ ਰੱਖਣ ਅਤੇ ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰਨ ਵਾਸਤੇ ਤੇਜ਼ੀ ਨਾਲ ਉਪਰਾਲੇ ਕਰਨ ਦੀ ਲੋੜ ਹੈ।

## ਦਿੱਲੀ ਸਰਕਾਰ ਦੀ ਇਹ ਪਹਿਲ ਆਤਮਨਿਰਭਰ ਭਾਰਤ ਦੇ ਵਿਜ਼ਨ ਦੇ ਅਨੁਰੂਪ ਮੁੱਖ ਮੰਤਰੀ ਰੇਖਾ ਗੁਪਤਾ

ਕੌਮੀ ਪਤ੍ਰਿਕਾ

ਨਵੀਂ ਦਿੱਲੀ: 14 ਜੁਲਾਈ: ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਨੇ ਜਾਣਕਾਰੀ ਦਿੱਤੀ ਹੈ ਕਿ ਰਾਜਧਾਨੀ ਦਿੱਲੀ ਦੀ ਸੱਭਿਆਚਾਰਕ ਅਤੇ ਇਤਿਹਾਸਕ ਵਿਰਾਸਤ ਦੇ ਪ੍ਰਚਾਰ-ਪ੍ਰਸਾਰ ਅਤੇ ਸੰਭਾਲ ਨੂੰ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਦਿੱਲੀ ਸਰਕਾਰ 'ਟੂਰਿਜ਼ਮ ਐਂਡ ਹੈਰੀਟੇਜ ਫੈਲੋਸ਼ਿਪ ਪ੍ਰੋਗਰਾਮ' ਸ਼ੁਰੂ ਕਰ ਰਹੀ ਹੈ। ਇਸ ਪ੍ਰੋਗਰਾਮ ਦੇ ਤਹਿਤ 40 ਨੌਜਵਾਨਾਂ ਨੂੰ ਫੈਲੋਸ਼ਿਪ ਲਈ ਚੁਣਿਆ ਜਾਵੇਗਾ ਅਤੇ ਉਨ੍ਹਾਂ ਨੂੰ ਹਰ ਮਹੀਨੇ 50 ਹਜ਼ਾਰ ਰੁਪਏ ਵੀ ਮਿਲਣਗੇ। ਮੁੱਖ ਮੰਤਰੀ ਦਾ ਕਹਿਣਾ ਹੈ ਕਿ ਦਿੱਲੀ ਸਰਕਾਰ ਦੀ ਇਹ ਪਹਿਲ ਆਤਮਨਿਰਭਰ ਭਾਰਤ ਦੇ ਵਿਜ਼ਨ ਦੇ ਅਨੁਰੂਪ ਹੈ, ਜੋ ਦੇਸ਼ ਦੀਆਂ ਅੰਦਰੂਨੀ ਸਮਰੱਥਾਵਾਂ ਅਤੇ ਪਰੰਪਰਾਗਤ ਗਿਆਨ ਪ੍ਰਣਾਲੀਆਂ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਬਾਹਰੀ ਸਲਾਹਕਾਰਾਂ 'ਤੇ ਨਿਰਭਰਤਾ ਨੂੰ ਘਟਾਉਂਦੀ ਹੈ। ਇਹ ਫੈਲੋਸ਼ਿਪ ਉਨ੍ਹਾਂ ਨੌਜਵਾਨਾਂ ਲਈ ਇੱਕ ਮੰਚ ਦੇ ਰੂਪ ਵਿੱਚ ਵੀ ਕੰਮ ਕਰੇਗੀ ਜੋ ਸਰਕਾਰੀ ਪ੍ਰੋਜੈਕਟਾਂ ਨਾਲ ਸਿੱਧੇ ਜੁੜ ਕੇ ਦਿੱਲੀ ਨੂੰ ਇੱਕ ਜੀਵੰਤ, ਸਮਾਵੇਸ਼ੀ ਅਤੇ ਵਿਸ਼ਵ ਪੱਧਰੀ ਟੂਰਿਜ਼ਮ ਮੰਜ਼ਿਲ (Tourism Destination) ਵਜੋਂ ਸਥਾਪਤ ਕਰਨ ਵਿੱਚ ਯੋਗਦਾਨ ਦੇਣਾ ਚਾਹੁੰਦੇ ਹਨ। ਇਸ ਸੰਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਨੇ ਦੱਸਿਆ ਕਿ ਇਹ ਪ੍ਰੋਗਰਾਮ ਦਿੱਲੀ ਟੂਰਿਜ਼ਮ ਅਤੇ ਟਰਾਂਸਪੋਰਟ ਵਿਕਾਸ ਨਿਗਮ (4""43) ਦੁਆਰਾ ਚਲਾਇਆ ਜਾਵੇਗਾ। ਇਸ ਦਾ ਮਕਸਦ ਨੌਜਵਾਨਾਂ, ਖੋਜਕਰਤਾਵਾਂ ਅਤੇ ਟੂਰਿਜ਼ਮ ਖੇਤਰ ਵਿੱਚ ਦਿਲਚਸਪੀ ਰੱਖਣ ਵਾਲੇ ਪੇਸ਼ੇਵਰਾਂ ਨੂੰ ਦਿੱਲੀ ਦੀ ਅਮੀਰ ਵਿਰਾਸਤ ਨਾਲ ਜੋੜਨਾ ਅਤੇ ਟੂਰਿਜ਼ਮ ਖੇਤਰ ਵਿੱਚ ਸੰਸਥਾਗਤ ਸਮਰੱਥਾ ਨੂੰ



ਮਜ਼ਬੂਤ ਕਰਨਾ ਹੈ। ਪ੍ਰੋਗਰਾਮ ਦੀ ਜਾਣਕਾਰੀ ਦਿੰਦੇ ਹੋਏ ਮੁੱਖ ਮੰਤਰੀ ਨੇ ਦੱਸਿਆ ਕਿ ਹਰ ਸਾਲ 40 ਨੌਜਵਾਨਾਂ ਨੂੰ ਇਸ ਫੈਲੋਸ਼ਿਪ ਲਈ ਚੁਣਿਆ ਜਾਵੇਗਾ। ਇਹ ਨੌਜਵਾਨ ਵਿਰਾਸਤ ਭਰਮਣ (Heritage Walks), ਮਾਰਗਦਰਸ਼ਿਤ ਟੂਰਿਜ਼ਮ ਯਾਤਰਾਵਾਂ (Guided Tours), ਡਿਜੀਟਲ ਅਤੇ ਪ੍ਰਚਾਰ ਸਮੱਗਰੀ ਨਿਰਮਾਣ, ਟੂਰਿਜ਼ਮ ਪ੍ਰਚਾਰ, ਪ੍ਰੋਗਰਾਮ ਪ੍ਰਬੰਧਨ, ਦਿੱਲੀ ਹਾਟ, ਗਾਰਡਨ ਆਫ ਫਾਈਵ ਸੈਂਸਿਜ਼, ਟੂਰਿਜ਼ਮ ਸੂਚਨਾ ਕੇਂਦਰਾਂ ਦਾ ਸੰਚਾਲਨ, ਫਿਲਮ ਸ਼ੂਟਿੰਗ ਸਮਨਵਯ ਅਤੇ MICE (ਮੀਟਿੰਗਜ਼, ਪ੍ਰੋਤਸਾਹਨ, ਸੰਮੇਲਨ ਅਤੇ ਪ੍ਰਦਰਸ਼ਨੀਆਂ, Meetings, Incentives, Conferences, and Exhibitions) ਵਰਗੀਆਂ ਗਤੀਵਿਧੀਆਂ ਵਿੱਚ ਯੋਗਦਾਨ ਦੇਣਗੇ। ਮੁੱਖ ਮੰਤਰੀ ਰੇਖਾ ਗੁਪਤਾ ਦੇ ਅਨੁਸਾਰ ਵਿਸ਼ੇਸ਼ ਗੱਲ ਇਹ ਹੈ ਕਿ ਚੁਣੇ ਗਏ ਨੌਜਵਾਨਾਂ ਨੂੰ ਪ੍ਰਤੀ ਮਹੀਨੇ 50,000 ਰੁਪਏ ਦਾ ਵਜੀਫਾ (Stipend) ਦਿੱਤਾ ਜਾਵੇਗਾ ਅਤੇ ਇੱਕ ਸਾਲ ਦੀ ਮਿਆਦ ਪੂਰੀ ਹੋਣ 'ਤੇ ਸਰਟੀਫਿਕੇਟ ਵੀ ਮਿਲੇਗਾ। ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਨੌਜਵਾਨ ਅਰਜ਼ੀਦਾਤਾ ਦੀ ਉਮਰ 35 ਸਾਲ ਤੋਂ ਘੱਟ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਘੱਟੋ-ਘੱਟ ਸਿੱਖਿਆ ਯੋਗਤਾ ਗ੍ਰੈਜੂਏਟ ਡਿਗਰੀ ਜਾਂ ਸਮਕਕਸ ਹੋਵੇਗੀ। ਵੈਸੇ ਟੂਰਿਜ਼ਮ ਵਿੱਚ ਡਿਗਰੀ/ਪੋਸਟ-ਗ੍ਰੈਜੂਏਟ ਨੂੰ ਤਰਜੀਹ ਦਿੱਤੀ ਜਾਵੇਗੀ। ਅਰਜ਼ੀਦਾਤਾ ਨੂੰ ਟੂਰਿਜ਼ਮ ਜਾਂ ਸੰਬੰਧਿਤ ਖੇਤਰ ਵਿੱਚ ਘੱਟੋ-ਘੱਟ ਇੱਕ ਸਾਲ ਦਾ ਰਸਮੀ ਅਨੁਭਵ ਹੋਣਾ ਚਾਹੀਦਾ ਹੈ। ਨਾਲ ਹੀ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਮੁਹਾਰਤ ਅਤੇ ਡਿਜੀਟਲ ਹੁਨਰ ਜ਼ਰੂਰੀ ਹਨ। ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਨੇ ਇਸ ਯੋਜਨਾ ਨੂੰ ਦਿੱਲੀ ਦੇ ਨੌਜਵਾਨਾਂ ਲਈ "ਸਰਕਾਰ ਨਾਲ ਸਿੱਧੇ ਜੁੜਨ ਅਤੇ ਪਰਿਵਰਤਨ ਦਾ ਵਾਹਕ ਬਣਨ ਦਾ ਸਸ਼ਕਤ ਮਾਧਿਅਮ"ਦੱਸਿਆ। ਉਨ੍ਹਾਂ ਨੇ ਕਿਹਾ ਕਿ ਇਹ ਪਹਿਲ ਆਤਮਨਿਰਭਰ ਭਾਰਤ ਦੇ ਵਿਜ਼ਨ ਦੇ ਅਨੁਰੂਪ ਹੈ, ਜੋ ਘਰੇਲੂ ਸਮਰੱਥਾਵਾਂ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਬਾਹਰੀ ਸਲਾਹਕਾਰਾਂ 'ਤੇ ਨਿਰਭਰਤਾ ਨੂੰ ਘਟਾਉਂਦੀ ਹੈ। ਨਾਲ ਹੀ ਇਹ ਪ੍ਰੋਗਰਾਮ ਦਿੱਲੀ ਨੂੰ ਇੱਕ ਸਮਾਵੇਸ਼ੀ, ਜੀਵੰਤ ਅਤੇ ਵਿਸ਼ਵ ਪੱਧਰੀ ਟੂਰਿਜ਼ਮ ਮੰਜ਼ਿਲ ਵਜੋਂ ਸਥਾਪਤ ਕਰਨ ਵਿੱਚ ਸਹਾਇਕ ਸਿੱਧ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਦਿੱਲੀ ਸਰਕਾਰ ਨੌਜਵਾਨਾਂ ਦੀ ਊਰਜਾ ਨੂੰ ਸਿਰਜਣਾਤਮਕ ਦਿਸ਼ਾ ਵਿੱਚ ਲਗਾ ਕੇ ਦੇਸ਼ ਦੀ ਰਾਜਧਾਨੀ ਦੀ ਵਿਰਾਸਤ ਅਤੇ ਸਭਿਆਚਾਰ ਨੂੰ ਵਿਸ਼ਵਵਿਆਪੀ ਪਛਾਣ ਦਿਵਾਉਣ ਲਈ ਵਚਨਬੱਧ ਹੈ।

## ਦੋ ਨਵੀਆਂ ਯੂਨੀਵਰਸਿਟੀਆਂ ਨੂੰ ਮਿਲੀ ਮਨਜ਼ੂਰੀ: ਹਰਜੋਤ ਸਿੰਘ ਬੈਂਸ

ਏਜੰਸੀਆਂ

ਚੰਡੀਗੜ੍ਹ 14 ਜੁਲਾਈ। ਪੰਜਾਬ 'ਚ ਅੱਜ ਦੋ ਨਵੀਆਂ ਯੂਨੀਵਰਸਿਟੀਆਂ ਨੂੰ ਮਨਜ਼ੂਰੀ ਮਿਲ ਗਈ ਹੈ। ਵਿਧਾਨ ਸਭਾ 'ਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੋ ਨਵੀਆਂ ਯੂਨੀਵਰਸਿਟੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਦੋ ਨਵੀਆਂ ਯੂਨੀਵਰਸਿਟੀਆਂ ਖੁੱਲ੍ਹਣਗੀਆਂ ਤਾਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਬਿਜ਼ਨਸ ਕਰਨ ਦੇ ਵੀ ਨਵੇਂ ਮੌਕੇ ਮਿਲਣਗੇ । ਇਸ ਦੌਰਾਨ ਉਨ੍ਹਾਂ ਕਿਹਾ ਸਾਡੀ ਸਰਕਾਰ ਦਾ ਮੁੱਖ ਏਜੰਡਾ ਹੀ ਸਿੱਖਿਆ ਹੈ। 2022 'ਚ ਪਹਿਲੀ ਵਾਰ ਹੋਇਆ ਸੀ ਕਿ ਕਿਸੇ ਸਰਕਾਰ ਨੇ ਸਿੱਖਿਆ ਦੇ ਏਜੰਡੇ 'ਤੇ ਵੋਟਾਂ ਮੰਗੀਆਂ ਸਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਲੋਕਾਂ ਦੇ ਘਰ-ਘਰ ਜਾ ਕੇ ਲੋਕਾਂ ਨੂੰ ਸਿੱਖਿਆ ਬਾਰੇ ਜਾਣੂ ਕਰਵਾਇਆ ਹੈ। ਸਿੱਖਿਆ ਮੰਤਰੀ ਨੇ ਅੱਗੇ ਬੋਲਦਿਆਂ ਕਿਹਾ ਕਿ ਪੰਜਾਬ ਸਰਕਾਰ ਜਲਦੀ ਹੀ ਅਜਨਾਲਾ, ਬਰਨਾਲਾ ਅਤੇ ਕੀਰਤਪੁਰ ਸਾਹਿਬ ਸਮੇਤ ਕਈ ਇਲਾਕਿਆਂ ਵਿੱਚ ਨਵੇਂ ਸਰਕਾਰੀ ਕਾਲਜ ਖੋਲ੍ਹਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਵਿਦੇਸ਼ਾਂ ਤੋਂ ਵੀ ਵਿਦਿਆਰਥੀ ਪੜ੍ਹਾਈ ਲਈ ਪੰਜਾਬ ਆ ਰਹੇ ਹਨ। ਇਸ ਦੇ ਨਾਲ ਹੀ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਭਵਿੱਖ ਦੀਆਂ ਚੁਣੌਤੀਆਂ ਲਈ ਤਿਆਰ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ, ਤਾਂ ਜੋ ਉਨ੍ਹਾਂ ਨੂੰ ਬਿਹਤਰ ਮੌਕੇ ਮਿਲ ਸਕਣ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ 2022 ਤੱਕ ਪੰਜਾਬ ਵਿੱਚ ਬ੍ਰੇਨ ਡਰੇਨ ਆਪਣੇ ਸਿਖਰ



'ਤੇ ਸੀ। ਜੋ ਬੱਚੇ ਯੋਗ ਸਨ ਉਹ ਵਿਦੇਸ਼ ਜਾਂਦੇ ਸਨ, ਅਤੇ ਲੋੜਵੰਦ ਬੱਚਿਆਂ ਦੇ ਵਜ਼ੀਫ਼ੇ ਵੀ ਪਹਿਲੀਆਂ ਸਰਕਾਰਾਂ ਨੇ ਖਾ ਲਏ। ਪਰ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਆਈ, ਤਾਂ ਅਸੀਂ ਸਥਿਤੀ ਨੂੰ ਸੁਧਾਰਨ ਲਈ ਕਈ ਮਹੱਤਵਪੂਰਨ ਕਦਮ ਚੁੱਕੇ। ਹੁਣ ਸਾਰੇ ਐੱਸਸੀ ਬੱਚਿਆਂ ਨੂੰ ਸਮੇਂ ਸਿਰ ਸਕਾਲਰਸ਼ਿਪ ਮਿਲ ਰਹੀ ਹੈ ਅਤੇ ਸਾਰੀਆਂ ਯੂਨੀਵਰਸਿਟੀਆਂ ਨੂੰ ਸਮੇਂ ਸਿਰ ਗ੍ਰਾਂਟਾਂ ਮਿਲ ਰਹੀਆਂ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਕੋਈ ਵੀ ਗੈਸਟ ਫੈਕਲਟੀ ਆਪਣੀ ਨੌਕਰੀ ਨਹੀਂ ਗੁਆਏਗਾ। ਸਰਕਾਰ ਨੇ ਨਵੇਂ ਕੋਰਸ ਸ਼ੁਰੂ ਕੀਤੇ ਹਨ, ਜਿਨ੍ਹਾਂ ਦੀ ਬਾਜ਼ਾਰ ਵਿੱਚ ਚੰਗੀ ਮੰਗ ਹੈ, ਤਾਂ ਜੋ ਨੌਜਵਾਨਾਂ ਨੂੰ ਬਿਹਤਰ ਰੁਜ਼ਗਾਰ ਦੇ ਮੌਕੇ ਮਿਲ ਸਕਣ। ਦੋ ਨਵੀਆਂ ਯੂਨੀਵਰਸਿਟੀਆਂ ਦੇ ਮੁੱਦੇ 'ਤੇ ਕਾਂਗਰਸ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ 'ਚ ਦੋ ਨਵੀਆਂ ਯੂਨੀਵਰਸਿਟੀਆਂ ਨੂੰ ਮਨਜ਼ੂਰੀ ਮਿਲਣ ਤੋਂ ਬਾਅਦ ਸੂਬੇ ਵਿੱਚ ਯੂਨੀਵਰਸਿਟੀਆਂ ਦੀ ਗਿਣਤੀ 17 ਤੋਂ ਵਧ ਕੇ 19 ਹੋ ਜਾਵੇਗੀ। ਬਾਜਵਾ ਨੇ ਸਰਕਾਰ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਕਦਮ ਸ਼ਲਾਘਾਯੋਗ ਹੈ ਕਿਉਂਕਿ ਇਸ ਨਾਲ ਸਰਕਾਰ 'ਤੇ ਵਾਧੂ ਬੋਝ ਨਹੀਂ ਪਵੇਗਾ ਪਰ ਉਨ੍ਹਾਂ ਸਰਕਾਰ ਨੂੰ ਜਲੰਧਰ ਵਿੱਚ ਪ੍ਰਸਤਾਵਿਤ ਸਪੋਰਟਸ ਯੂਨੀਵਰਸਿਟੀ ਬਾਰੇ ਆਪਣੀ ਸਥਿਤੀ ਸਪੱਸ਼ਟ ਕਰਨ ਲਈ ਵੀ ਕਿਹਾ। ਬਾਜਵਾ ਨੇ ਯਾਦ ਦਿਵਾਇਆ ਕਿ ਜਲੰਧਰ ਜ਼ਿਮਣੀ ਚੋਣ ਦੌਰਾਨ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸਪੋਰਟਸ ਯੂਨੀਵਰਸਿਟੀ ਖੋਲ੍ਹਣ ਦਾ ਵਾਅਦਾ ਕੀਤਾ ਸੀ। ਉਨ੍ਹਾਂ ਪੁੱਛਿਆ ਕਿ ਇਸ 'ਤੇ ਸਰਕਾਰ ਦਾ ਮੌਜੂਦਾ ਸਟੈਂਡ ਕੀ ਹੈ, ਹਾਲਾਂਕਿ ਉਨ੍ਹਾਂ ਨੇ ਖੁਦ ਕਿਹਾ ਸੀ ਕਿ ਉਹ ਇਸ ਦੇ ਹੱਕ ਵਿਚ ਹਨ।

## 01 ਕਿੱਲੋ 625 ਗ੍ਰਾਮ ਚਿੱਟਾ/ਹੈਰੋਇਨ, 03 ਪਿਸਟਲ 32 ਬੋਰ, 02 ਦੇਸੀ ਕੱਟੇ 12 ਬੋਰ ਸਮੇਤ 13 ਰੌਂਦ ਅਤੇ 12 ਮੋਬਾਈਲ ਫੋਨ ਬਰਾਮਦ

ਕੌਮੀ ਪਤ੍ਰਿਕਾ

ਸੰਗਰੂਰ, 14 ਜੁਲਾਈ : ਸਰਤਾਜ ਸਿੰਘ ਚਾਹਲ , ਐਸ.ਐਸ.ਪੀ.,ਸੰਗਰੂਰ ਵੱਲੋਂ ਅੱਜ ਇਥੇ ਪੁਲੀਸ ਲਾਈਨ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਗਿਆ ਕਿ ਜ਼ਿਲ੍ਹਾ ਪੁਲੀਸ ਵੱਲੋਂ ਨਸ਼ਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ "ਤਹਿਤ ਕਾਰਵਾਈ ਕਰਦੇ ਹੋਏ ਨਸ਼ੇ ਸਪਲਾਈ ਦੇ ਰੈਕਟ ਦਾ ਪਰਦਾਫਾਸ ਕਰ ਕੇ 03 ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਕੇ 01 ਕਿੱਲੋ 625 ਗ੍ਰਾਮ ਚਿੱਟਾ/ਹੈਰੋਇਨ, 03 ਪਿਸਟਲ 32 ਬੋਰ, 02 ਦੇਸੀ ਕੱਟੇ 12 ਬੋਰ ਸਮੇਤ 13 ਰੌਂਦ ਅਤੇ 12 ਮੋਬਾਈਲ ਫੋਨ ਬ੍ਰਾਮਦ ਕਰਵਾਏ ਗਏ। ਸ੍ਰੀ ਚਾਹਲ ਨੇ ਦੱਸਿਆ ਕਿ ਥਾਣਾ ਸਦਰ ਧੂਰੀ ਵਿਖੇ 125 ਗ੍ਰਾਮ ਹੈਰੋਇਨ/ਚਿੱਟਾ, 01 ਪਿਸਟਲ .32 ਬੋਰ, 07 ਕਾਰਤੂਸ ਅਤੇ 04 ਮੋਬਾਈਲ ਫੋਨ ਬ੍ਰਾਮਦ ਹੋਣ ਉਪਰੰਤ ਮੁਕੱਦਮਾ ਨੰਬਰ 69 ਮਿਤੀ 09.04.2025 ਅ/ਧ 21/61/85 ਐਨ.ਡੀ.ਪੀ.ਐਸ ਐਕਟ, 25/27 ਅਸਲਾ ਐਕਟ ਅਤੇ 123,221 ਬੀ.ਐਨ.ਐਸ ਥਾਣਾ ਸਦਰ ਧੂਰੀ ਬਰਖਿਲਾਫ ਨਿਗਮ ਉਰਫ ਲੱਕੀ ਉਮਰ ਕਰੀਬ 24 ਸਾਲ ਵਾਸੀ ਸੰਗਰੂਰ ਅਤੇ ਗੁਰਪ੍ਰੀਤ ਸਿੰਘ ਉਰਫ ਭੈਰੋਂ ਉਮਰ ਕਰੀਬ 28 ਸਾਲ ਵਾਸੀ ਸੰਗਰੂਰ ਅਤੇ 03 ਨਾਮਲੂਮ ਵਿਅਕਤੀਆਨ ਖਿਲਾਫ ਦਰਜ ਕੀਤਾ ਗਿਆ ਸੀ, ਕਥਿਤ ਦੋਸ਼ੀ ਮੌਕੇ ਤੋਂ ਫਰਾਰ ਹੋ ਗਏ ਸਨ। ਦੌਰਾਨੇ ਤਫਤੀਸ਼ ਸ਼੍ਰੀ ਦਵਿੰਦਰ ਅੱਤਰੀ, ਕਪਤਾਨ ਪੁਲੀਸ (ਇੰਨਵੈਸਟੀਗੇਸ਼ਨ) ਸੰਗਰੂਰ ਦੀ ਨਿਗਰਾਨੀ ਹੇਠ ਸ਼੍ਰੀ ਦਲਜੀਤ ਸਿੰਘ ਵਿਰਕ, ਉਪ ਕਪਤਾਨ ਪੁਲਿਸ (ਡਿਟੇਕਟਿਵ) ਸੰਗਰੂਰ ਦੀ ਅਗਵਾਈ ਹੇਠ ਇੰਸਪੈਕਟਰ ਸੰਦੀਪ ਸਿੰਘ, ਇੰਚਾਰਜ ਸੀ.ਆਈ.ਏ ਬਹਾਦਰ ਸਿੰਘ ਵਾਲਾ ਅਤੇ ਇੰਸਪੈਕਟਰ ਕਰਨਵੀਰ ਸਿੰਘ, ਮੁੱਖ ਅਫਸਰ ਥਾਣਾ ਸਦਰ ਧੂਰੀ ਸਮੇਤ ਪੁਲਿਸ ਪਾਰਟੀ ਦੀਆਂ ਟੀਮਾਂ ਬਣਾ ਕੇ ਕਾਰਵਾਈ ਕਰਦੇ ਹੋਏ ਕਥਿਤ ਦੋਸ਼ੀ ਨਿਗਮ ਉਰਫ ਲੱਕੀ ਉਕਤ, ਜੋ ਮੁਕੱਦਮਾ ਨੰਬਰ 76/24 ਥਾਣਾ ਸਿਟੀ ਸੰਗਰੂਰ ਵਿੱਚ ਗ੍ਰਿਫਤਾਰ ਹੋਣ ਉਪਰੰਤ ਜ਼ਿਲ੍ਹਾ ਜੇਲ੍ਹ ਸੰਗਰੂਰ ਬੰਦ ਸੀ, ਨੂੰ ਪ੍ਰੋਡਕਸ਼ਨ ਵਰੰਟ 'ਤੇ ਗ੍ਰਿਫਤਾਰ ਕੀਤਾ ਗਿਆ, ਜਿਸ ਦੀ ਪੁੱਛ-ਗਿੱਛ ਦੇ ਅਧਾਰ 'ਤੇ ਮਿਤੀ 08.07.2025 ਨੂੰ ਮੁਕੱਦਮਾ 69/25 ਥਾਣਾ ਸਦਰ ਧੂਰੀ ਵਿੱਚ ਜਸਪਾਲ ਸਿੰਘ ਉਰਫ ਬਿੱਲਾ ਉਮਰ ਕਰੀਬ 23 ਸਾਲ ਵਾਸੀ ਸੰਗਰੂਰ ਨੂੰ ਨਾਮਜ਼ਦ ਕਰ ਕੇ ਗ੍ਰਿਫਤਾਰ ਕਰਨ ਉਪਰੰਤ ਉਸ ਦੇ ਕਬਜ਼ੇ ਵਿੱਚੋਂ 02 ਪਿਸਟਲ 32 ਬੋਰ ਬ੍ਰਾਮਦ ਕਰਾਏ ਗਏ। ਜਸਪਾਲ ਸਿੰਘ ਉਰਫ ਬਿੱਲਾ ਦੀ ਪੁੱਛ-ਗਿੱਛ ਦੇ ਆਧਾਰ 'ਤੇ ਸਤਨਾਮ ਸਿੰਘ ਉਰਫ ਸੱਤਾ ਉਮਰ ਕਰੀਬ 23 ਸਾਲ ਵਾਸੀ ਪੂਹਲਾ ਥਾਣਾ ਭਿਖੀਵਿੰਡ, ਜੋ ਜ਼ਿਲ੍ਹਾ ਜੇਲ੍ਹ ਸੰਗਰੂਰ ਵਿਖੇ ਬੰਦ ਸੀ, ਨੂੰ ਨਾਮਜ਼ਦ ਕੀਤਾ ਗਿਆ। ਜਿਸ ਨੂੰ ਪ੍ਰੋਡਕਸ਼ਨ ਵਰੰਟ 'ਤੇ ਲਿਆ ਕੇ ਉਸ ਪਾਸੋਂ ਜ਼ਿਲ੍ਹਾ ਜੇਲ ਵਿੱਚ ਸਪਲਾਈ ਕੀਤੇ 08 ਮੋਬਾਈਲ ਫੋਨ ਬ੍ਰਾਮਦ ਕਰਵਾ ਕੇ ਮੁਕੱਦਮਾ ਨੰਬਰ 121 ਮਿਤੀ 11.07.2025 ਅ/ਧ 52ਏ ਪ੍ਰਿਜ਼ਨ ਐਕਟ ਥਾਣਾ ਸਿਟੀ-1 ਸੰਗਰੂਰ ਦਰਜ ਕੀਤਾ ਗਿਆ। ਮਿਤੀ 11.07.2025 ਨੂੰ ਜਸਪਾਲ ਸਿੰਘ ਉਰਫ ਬਿੱਲਾ ਪਾਸੋਂ ਹੋਰ ਡੂੰਘਾਈ ਨਾਲ ਪੁੱਛ-ਗਿੱਛ ਕਰਨ 'ਤੇ 01 ਕਿੱਲੋ 500 ਗ੍ਰਾਮ ਹੈਰੋਇਨ/ਚਿੱਟਾ, 01 ਪਿਸਟਲ 32 ਬੋਰ, 01 ਦੇਸੀ ਕੱਟਾ 12 ਬੋਰ, 04 ਰੌਂਦ 32 ਬੋਰ, 02 ਕਾਰਤੂਸ 12 ਬੋਰ ਬ੍ਰਾਮਦ ਕਰਾਏ ਗਏ।

## ਗੁਆਂਢੀ ਦੇਸ਼ ਤੋਂ ਹਥਿਆਰ ਮੰਗਵਾ ਸਪਲਾਈ ਦਾ ਧੰਦਾ ਕਰਨ ਵਾਲੇ 4 ਮੁਲਜ਼ਮ ਕਾਬੂ

ਕੌਮੀ ਪਤ੍ਰਿਕਾ

ਤਰਨਤਾਰਨ 14 ਜੁਲਾਈ। ਸੀ.ਆਈ.ਏ ਸਟਾਫ ਤਰਨਤਾਰਨ ਦੀ ਪੁਲਸ ਨੂੰ ਉਸ ਵੇਲੇ ਵੱਡੀ ਸਫ਼ਲਤਾ ਹਾਸਲ ਹੋਈ ਜਦੋਂ ਇਕ ਪੁਰਾਣੇ ਮਾਮਲੇ ਵਿਚ ਗ੍ਰਿਫ਼ਤਾਰ 4 ਮੁਲਜ਼ਮਾਂ ਦੀ ਬਰੀਕੀ ਨਾਲ ਪੁੱਛਗਿਛ ਕਰਨ ਦੌਰਾਨ ਉਨ੍ਹਾਂ ਪਾਸੋਂ 6 ਵਿਦੇਸ਼ੀ ਗਲੋਕ ਪਿਸਤੌਲ, 6 ਮੈਗਜ਼ੀਨ ਅਤੇ 8 ਜਿੰਦਾ ਰੌਂਦ ਬਰਾਮਦ ਕੀਤੇ ਗਏ। ਫਿਲਹਾਲ ਪੁਲਸ ਵੱਲੋਂ ਇਸ ਮਾਮਲੇ ਵਿਚ ਅਗਲੇਰੀ ਬਰੀਕੀ ਨਾਲ ਪੁੱਛਗਿਛ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਵਿਚ ਕਈ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ। ਜ਼ਿਕਰਯੋਗ ਹੈ ਕਿ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੇ ਸਬੰਧ ਗੁਆਂਢੀ ਦੇਸ਼ ਪਾਕਿਸਤਾਨ ਨਾਲ ਪਾਏ ਗਏ ਹਨ, ਜੋ ਡਰੋਨ ਦੀ ਮਦਦ ਨਾਲ ਹਥਿਆਰਾਂ ਨੂੰ ਮੰਗਵਾਉਂਦੇ ਹੋਏ ਸੂਬੇ ਭਰ ਵਿਚ ਸਪਲਾਈ ਕਰਨ ਦਾ ਧੰਦਾ ਕਰਦੇ ਸਨ। ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦੇ ਹੋਏ ਜ਼ਿਲ੍ਹੇ ਦੇ ਐੱਸ.ਐੱਸ.ਪੀ ਦੀਪਕ ਪਾਰੀਕ ਨੇ ਦੱਸਿਆ ਕਿ ਬੀਤੀ 2 ਜੁਲਾਈ ਨੂੰ ਸੀ.ਆਈ.ਏ ਸਟਾਫ ਦੇ ਇੰਚਾਰਜ ਇੰਸਪੈਕਟਰ ਪ੍ਰਭਜੀਤ ਸਿੰਘ ਦੀ ਅਗਵਾਈ ਵਾਲੀ ਟੀਮ ਵੱਲੋਂ ਦੌਰਾਨੇ ਗਸ਼ਤ ਪਿੰਡ ਚੀਮਾ ਦੇ ਬੱਸ ਸਟੈਂਡ ਨਜ਼ਦੀਕ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਜਿਸ ਦੀ ਪਹਿਚਾਣ ਜੋਬਨਪ੍ਰੀਤ ਸਿੰਘ ਉਰਫ ਜੋਬਨ ਪੁੱਤਰ ਸੁਰਜੀਤ ਸਿੰਘ ਵਾਸੀ ਚੀਮਾ ਕਲਾਂ ਵਜੋਂ ਹੋਈ ਸੀ। ਜਿਸ ਦੀ ਤਲਾਸ਼ੀ ਲੈਣ ਦੌਰਾਨ ਉਸ ਪਾਸੋਂ ਪੁਲਸ ਵੱਲੋਂ 1 ਕੰਟਰੀ ਮੇਡ 32 ਬੋਰ ਪਿਸਤੌਲ, ਮੈਗਜ਼ੀਨ ਅਤੇ 2 ਜਿੰਦਾ ਰੌਂਦ ਬਰਾਮਦ ਕਰਦੇ ਹੋਏ ਥਾਣਾ ਸਦਰ ਪੱਟੀ ਵਿਖੇ ਮੁੱਕਦਮਾ ਦਰਜ ਕਰ ਲਿਆ ਗਿਆ ਸੀ। ਐੱਸ.ਐੱਸ.ਪੀ ਨੇ ਦੱਸਿਆ ਕਿ ਮੁਲਜ਼ਮ ਦੀ ਗ੍ਰਿਫਤਾਰੀ ਉਪਰੰਤ ਮਾਨਯੋਗ ਅਦਾਲਤ ਪਾਸੋਂ ਹਾਸਲ ਕੀਤੇ ਗਏ ਦੋ ਦਿਨਾਂ ਰਿਮਾਂਡ ਦੌਰਾਨ ਕੀਤੀ ਗਈ ਪੁੱਛਗਿੱਛ ਵਿਚ ਮੁਲਜ਼ਮ ਜੋਬਨਪ੍ਰੀਤ ਸਿੰਘ ਨੇ ਮੰਨਿਆ ਕਿ ਉਸ ਦਾ ਇਕ ਸਾਥੀ ਸੁਖਦੇਵ ਸਿੰਘ ਉਰਫ ਸੁੱਖਾ ਚਾਣਚੱਕੀਆ ਪੁੱਤਰ ਰਣਜੀਤ ਸਿੰਘ ਵਾਸੀ ਤਲਵੰਡੀ ਮੁਤਸੱਡਾ ਜ਼ਿਲ੍ਹਾ ਤਰਨਤਾਰਨ ਦੇ ਕੋਲ ਵੀ ਨਾਜਾਇਜ਼ ਹਥਿਆਰ ਮੌਜੂਦ ਹਨ। ਜਿਸ ਦੌਰਾਨ ਪੁਲਸ ਵੱਲੋਂ ਸੁਖਦੇਵ ਸਿੰਘ ਨਾਮਕ ਮੁਲਜ਼ਮ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ ਗਈ। ਸੀ.ਆਈ.ਏ ਸਟਾਫ ਦੀ ਪੁਲਸ ਵੱਲੋਂ ਬੀਤੀ 4 ਜੁਲਾਈ ਨੂੰ ਤਕਨੀਕੀ ਇੰਟੈਲੀਜੈਂਸ ਸੋਰਸਾਂ ਰਾਹੀਂ ਪਤਾ ਲਗਾਉਂਦੇ ਹੋਏ ਸੁਖਦੇਵ ਸਿੰਘ ਨੂੰ ਪੱਟੀ ਮੋੜ ਤੋਂ ਗ੍ਰਿਫਤਾਰ ਕਰ ਲਿਆ



ਗਿਆ, ਜਿਸ ਪਾਸੋਂ ਪੁਲਸ ਨੇ ਦੌਰਾਨੇ ਪੁੱਛਗਿੱਛ 2 ਕੰਟਰੀ ਮੇਡ 32 ਬੋਰ ਪਿਸਤੌਲ ਜੋ ਘਰਿਆਲਾ ਰੋਡ ਝਾੜੀਆਂ ਵਿਚ ਲੁਕਾ ਛੁਪਾ ਕੇ ਰੱਖੇ ਸਨ ਨੂੰ ਬਰਾਮਦ ਕਰ ਲਿਆ ਗਿਆ। ਐੱਸ.ਐੱਸ.ਪੀ ਦੀਪਕ ਪਾਰੀਕ ਨੇ ਅੱਗੇ ਦੱਸਿਆ ਕਿ ਸੀ.ਆਈ.ਏ ਸਟਾਫ ਦੀ ਪੁਲਸ ਵੱਲੋਂ ਬੀਤੀ 5 ਜੁਲਾਈ ਨੂੰ ਮੁਲਜ਼ਮ ਦੀ ਨਿਸ਼ਾਨਦੇਹੀ ਉਪਰ 2 ਕੰਟਰੀ ਮੇਡ ਪਿਸਤੌਲ, 2 ਮੈਗਜ਼ੀਨ ਅਤੇ 2 ਜਿੰਦਾ ਰੌਂਦ ਹੋਰ ਬਰਾਮਦ ਕੀਤੇ ਗਏ। ਉਨ੍ਹਾਂ ਦੱਸਿਆ ਕਿ ਦੋਵਾਂ ਮੁਲਜ਼ਮਾਂ ਦਾ ਮਾਨਯੋਗ ਅਦਾਲਤ ਪਾਸੋਂ ਤਿੰਨ ਦਿਨ ਦਾ ਹੋਰ ਰਿਮਾਂਡ ਹਾਸਲ ਕਰਨ ਉਪਰੰਤ ਕੀਤੀ ਗਈ ਪੁੱਛਗਿਛ ਦੌਰਾਨ ਇਹ ਮੰਨਿਆ ਕਿ ਉਨ੍ਹਾਂ ਦਾ ਇਕ ਹੋਰ ਸਾਥੀ ਨਾਜਾਇਜ਼ ਹਥਿਆਰ ਵੇਚਣ ਦਾ ਧੰਦਾ ਕਰਦਾ ਹੈ, ਜਿਸ ਕੋਲ ਨਾਜਾਇਜ਼ ਹਥਿਆਰ ਮੌਜੂਦ ਹਨ। ਐੱਸ.ਐੱਸ.ਪੀ ਨੇ ਦੱਸਿਆ ਕਿ ਇਸ ਦੌਰਾਨ ਪੁਲਸ ਨੇ ਆਪਣੀ ਜਾਂਚ ਨੂੰ ਹੋਰ ਤੇਜ਼ ਕਰਦੇ ਹੋਏ ਉਕਤ ਮੁਲਜ਼ਮਾਂ ਦੇ ਸਾਥੀ ਧਰਮਵੀਰ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਪਿੰਡ ਅਲਗੋਂ ਖੁਰਦ ਦੀ ਭਾਲ ਸ਼ੁਰੂ ਕਰਦੇ ਹੋਏ ਉਸ ਨੂੰ ਬੀਤੀ 8 ਜੁਲਾਈ ਵਾਲੇ ਦਿਨ ਪੱਟੀ ਮੋੜ ਨੇੜਿਓਂ ਗ੍ਰਿਫਤਾਰ ਕਰਦੇ ਹੋਏ ਉਸ ਪਾਸੋਂ 2 ਗਲੋਕ ਪਿਸਤੌਲ 9 ਐੱਮ.ਐੱਮ ਮੇਡ ਇਨ ਯੂ.ਐੱਸ.ਏ ਅਤੇ ਆਸਟਰੀਆ, 2 ਮੈਗਜੀਨ ਅਤੇ 2 ਜਿੰਦਾ ਰੌਂਦ ਬਰਾਮਦ ਕੀਤੇ ਗਏ। ਇਸ ਮੁਲਜ਼ਮ ਦੀ ਪੁੱਛਗਿੱਛ ਕਰਨ ਦੌਰਾਨ ਉਸ ਨੇ ਦੱਸਿਆ ਕਿ ਉਸ ਦਾ ਇਕ ਹੋਰ ਸਾਥੀ ਅੰਮ੍ਰਿਤ ਪਾਲ ਸਿੰਘ ਪੁੱਤਰ ਤੇਜਿੰਦਰ ਸਿੰਘ ਵਾਸੀ ਪਿੰਡ ਸਰਹਾਲੀ ਮੰਡ ਦੇ ਪਾਸ ਵੀ ਨਾਜਾਇਜ਼ ਹਥਿਆਰ ਮੌਜੂਦ ਹਨ। ਜਿਸ ਦੀ ਭਾਲ ਕਰਦੇ ਹੋਏ ਸੀ.ਆਈ.ਏ ਸਟਾਫ ਦੀ ਪੁਲਸ ਵੱਲੋਂ ਵੀਰਵਾਰ 10 ਜੁਲਾਈ ਨੂੰ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕਰਦੇ ਹੋਏ ਉਸ ਪਾਸੋਂ ਇਕ ਕੰਟਰੀ ਮੇਡ ਪਿਸਤੌਲ, ਮੈਗਜ਼ਨ ਅਤੇ 2 ਜਿੰਦਾ ਰੌਂਦ ਬਰਾਮਦ ਕੀਤੇ ਗਏ। ਐੱਸ.ਐੱਸ.ਪੀ ਦੀਪਕ ਪਾਰੀਕ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਪੁੱਛਗਿੱਛ ਕਰਨ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਉਨ੍ਹਾਂ ਵੱਲੋਂ ਉਕਤ ਹਥਿਆਰ ਗੁਆਂਢੀ ਦੇਸ਼ ਪਾਕਿਸਤਾਨ ਵੱਲੋਂ ਮੰਗਵਾਏ ਜਾਂਦੇ ਸਨ, ਜੋ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਸਪਲਾਈ ਕਰਦੇ ਸਨ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦੀ ਅਗਲੇਰੀ ਪੁੱਛ ਗਿੱਛ ਸ਼ੁਰੂ ਕਰ ਦਿੱਤੀ ਗਈ ਹੈ। ਜਿਸ ਦੇ ਚੱਲਦਿਆਂ ਕਈ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ। ਐੱਸ.ਐੱਸ.ਪੀ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਮੁਲਜ਼ਮ ਸੁਖਦੇਵ ਸਿੰਘ ਅਤੇ ਜੋਬਨਪ੍ਰੀਤ ਸਿੰਘ ਦੇ ਖਿਲਾਫ ਵੱਖ-ਵੱਖ ਸੰਗੀਨ ਧਰਾਵਾਂ ਤਹਿਤ ਕਈ ਮੁੱਕਦਮੇ ਦਰਜ ਹਨ।

## ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਵੱਡੇ ਪੱਧਰ 'ਤੇ ਵਿਕਾਸ ਕੰਮਾਂ ਨੂੰ ਪ੍ਰਾਥਮਿਕਤਾ ਨਾਲ ਦਿੱਤੀ ਜਾ ਰਹੀ ਹੈ ਗਤੀ

ਚੰਡੀਗੜ੍ਹ, 14 ਜੁਲਾਈ-ਹਰਿਆਣਾ ਦੇ ਉਦਯੋਗ ਅਤੇ ਵਣਜ ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਪ੍ਰਦੇਸ਼ ਸਰਕਾਰ ਦੀ ਸਪਸ਼ਟ ਸੋਚ ਹੈ ਕਿ ਸਿੱਖਿਆ ਹੀ ਸਮਾਜ ਦੇ ਸੰਪੂਰਨ ਵਿਕਾਸ ਦੀ ਅਧਾਰਸ਼ਿਲਾ ਹੈ। ਇਸੇ ਟੀਚੇ ਨਾਲ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਮਾਰਗਦਰਸ਼ਨ ਵਿੱਚ ਸਿੱਖਿਆ ਦੇ ਖੇਤਰ ਵਿੱਚ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਵਿਕਾਸ ਕੰਮਾਂ ਨੂੰ ਪ੍ਰਾਥਮਿਕਤਾ ਨਾਲ ਗਤੀ ਦਿੱਤੀ ਜਾ ਰਹੀ ਹੈ। ਰਾਓ ਨਰਬੀਰ ਸਿੰਘ ਨੇ ਅੱਜ ਖੇਤਰ ਦੇ ਵਿਕਾਸ ਲਈ ਆਪਣੀ ਵਚਨਬੱਧਤਾ ਦੁਹਰਾਉਂਦੇ ਹੋਏ ਫੱਰੂਖਨਗਰ ਬਲਾਕ ਦੇ ਪਿੰਡ ਬੁਢੇੜਾ ਵਿੱਚ ਸਰਕਾਰੀ ਸਕੂਲ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ। ਕੈਬੀਨੇਟ ਮੰਤਰੀ ਨੇ ਮੌਜੂਦ ਪਿੰਡਾਂ ਅਤੇ ਸਕੂਲੀ ਵਿਦਿਆਰਥੀਆਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਤੈਅ ਟੀਚਿਆਂ ਤਹਿਤ ਅੱਜ ਪੇਂਡੂ ਖੇਤਰਾਂ ਵਿੱਚ ਨਵੀ ਸਕੂਲ ਇਮਾਰਤ, ਸਮਾਰਟ ਜਮਾਤ ਰੂਮ, ਕੰਪਯੂਟਰ ਲੈਬ, ਲਾਇਬ੍ਰੇਰੀ, ਖੇਡ ਦਾ ਮੈਦਾਨ ਜਿਹੀ ਸਹੂਤਲਾਂ ਤੇਜੀ ਨਾਲ ਵਿਕਸਿਤ ਕੀਤੀ ਜਾ ਰਹੀਆਂ ਹਨ। ਰਾਓ ਨਰਬੀਰ ਸਿੰਘ ਨੇ ਕਿਹਾ ਕਿ ਬੁਢੇੜਾ ਵਿੱਚ ਬਨਣ ਵਾਲਾ ਇਹ ਨਵੀ ਸਕੂਲ ਇਮਾਰਤ ਆਧੁਨਿਕ ਸਹੂਲਤਾਂ ਵਾਲਾ ਹੋਵੇਗਾ। ਲਗਭਗ 1.79 ਕਰੋੜ ਰੁਪਏ ਦੀ ਲਾਗਤ ਨਾਲ ਬਨਣ ਵਾਲੀ ਇਸ ਇਮਾਰਤ ਵਿੱਚ ਕੁਲ 15 ਕਮਰੇ ਹੋਣਗੇ, ਜਿਨ੍ਹਾਂ ਵਿੱਚੋਂ 10 ਕਮਰੇ ਜਮਾਤਾਂ ਲਈ, ਇੱਕ ਕਮਰਾ ਪ੍ਰਿੰਸੀਪਲ ਲਈ, 3 ਆਧੁਨਿਕ ਪ੍ਰਯੋਗਸ਼ਾਲਾਵਾਂ ਅਤੇ ਹੋਰ ਗਤੀਵਿਧੀਆਂ ਲਈ ਇੱਕ ਬਹੁ ਉਦੇਸ਼ੀ ਕਮਰਾ ਸ਼ਾਮਲ ਹੋਵੇਗਾ। ਵਾਤਾਵਰਣ ਮੰਤਰੀ ਨੇ ਵਾਤਾਵਰਣ ਸਰੰਖਣ 'ਤੇ ਜੋਰ ਦਿੰਦੇ ਹੋਏ ਮੌਜੂਦ ਲੋਕਾਂ ਨੂੰ ਪਾਲੀਥੀਨ ਮੁਕਤ ਗੁਰੂਗ੍ਰਾਮ ਬਨਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਕਿਹਾ , ਪਾਲੀਥੀਨ ਦਾ ਪ੍ਰਯੋਗ ਸਾਡੇ ਵਾਤਾਵਰਣ ਅਤੇ ਸਿਹਤ ਦੋਹਾਂ ਲਈ ਹਾਨਿਕਾਰਕ ਹੈ। ਜੇਕਰ ਅਸੀ ਆਪਣੀ ਆਉਣ ਵਾਲੀ ਪੀਢੀ ਨੂੰ ਸੁਰੱਖਿਅਤ ਭਵਿੱਖ ਦੇਣਾ ਚਾਹੁੰਦੇ ਹਾਂ ਤਾਂ ਸਾਨੂੰ ਹੁਣੇ ਤੋਂ ਹੀ ਬਦਲਨਾ ਪਵੇਗਾ। ਉਨ੍ਹਾਂ ਨੇ ਪਿੰਡ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਪੜੇ ਨਾਲ ਬਣੇ ਥੈਲੇ, ਦੁਬਾਰਾ ਪ੍ਰਯੋਗ ,ਯੋਗ ਸਮਾਨ ਦਾ ਉਪਯੋਗ ਕਰਨ। ਉਨ੍ਹਾਂ ਨੇ ਸਕੂਲ ਕਾਂਪਲੈਕਸ ਵਿੱਚ ਪੌਧੇ ਲਗਾਉਂਦੇ ਹੋਏ ਸਾਰੇ ਮੌਜੂਦ ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਦੀ ਅਪੀਲ ਕੀਤੀ ।